ਸਭ ਹੱਕ ਰਾਖਵੇਂ ਹਨ।

# ਸਿੰਘ ਸਭਾ ਦਾ ਮੋਢੀ

ਅਰਥਾਤ

ਜੀਵਨ ਬ੍ਰਿਤਾਂਤ

## ਗਿਆਨੀ ਦਿਤ ਸਿੰਘ ਜੀ

RELIGION - THEOLOGY - SIKHISM
S.NO. 310
PERSONAL LIBRARY OF
PROFESSOR SHER SINGH "SHER"

—ਕਰਤਾ ਤੇ ਪ੍ਰਕਾਸ਼ਕ—

ਦਿਲਜੀਤ ਸਿੰਘ ਬੀ. ਏ.

ਪ੍ਰਧਾਨ

ਸ਼੍ਰੋਮਣੀ ਖਾਲਸਾ ਬ੍ਰਾਦਰੀ ਪ੍ਰਬੰਧਕ ਕਮੇਟੀ
ਚੌਕ ਪ੍ਰਾਗਦਾਸ, ਅੰਮ੍ਰਿਤਸਰ

ਮੂਲ ੧।)

310

ਸਭ ਹੱਕ ਰਾਖਵੇਂ ਹਨ

# ਸਿੰਘ ਸਭਾ ਦਾ ਮੋਢੀ

ਅਰਥਾਤ

ਜੀਵਨ ਬ੍ਰਿਤਾਂਤ

## ਗਿਆਨੀ ਦਿਤ ਸਿੰਘ ਜੀ

Sita Chhatwal Library
Institute of
Sikh Studies
Chandigarh
1951
1852
PERSONAL LIBRARY OF
PROFESSOR SHER SINGH "SHER"

—ਕਰਤਾ ਤੇ ਪ੍ਰਕਾਸ਼ਕ—

ਦਲਜੀਤ ਸਿੰਘ ਬੀ. ਏ.
ਪ੍ਰਧਾਨ
ਸ਼੍ਰੋਮਣੀ ਖਾਲਸਾ ਬ੍ਰਾਦਰੀ ਪ੍ਰਬੰਧਕ ਕਮੇਟੀ,
ਚੌਕ ਪ੍ਰਾਗਦਾਸ, ਅੰਮ੍ਰਿਤਸਰ

ਮੁਲ ੧॥)
1951

Sita C... ...ary
Institut... ...dies
...
Acc... ........
Sourc... ..........
Date.......... Price.........

"ਨਰਿੰਦਰ ਪ੍ਰਿੰਟਿੰਗ ਪ੍ਰੈਸ" ਅੰਮ੍ਰਿਤਸਰ ਵਿਚ
ਗਿਆਨੀ ਗੁਰਚਰਨ ਸਿੰਘ 'ਸਾਖੀ' ਦੇ
ਪ੍ਰਬੰਧ ਹੇਠ ਛਪਿਆ।

Sita Chhatwal Library
Institute of Sikh Studies
Chandigarh
Accession No ...1852...
Donated by Prof.
Source. Sher Singh Sher
Date. 19/8/09 Price —......

310

# ਪ੍ਰਸੰਸਾ

{ ਵਲੋਂ—ਪੰਥ ਦੇ ਪ੍ਰਸਿਧ ਲੀਡਰ ਸਰਦਾਰੇ ਆਜ਼ਮ
ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ }

ਭਾਈ ਦਿਤ ਸਿੰਘ ਜੀ ਗਿਆਨੀ ਨੇ ਆਪਣਾ ਸਾਰਾ ਜੀਵਨ ਪੰਥ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਅਤਵਾ ਛੂਤ ਛਾਤ ਦਾ ਖਾਤਮਾ ਕਰਨ ਤੇ ਪੰਥ ਦੀ ਅਜ਼ਾਦ ਹਸਤੀ ਨੂੰ ਸਥਿਰ ਰਖਣ ਲਈ ਅਰਪਣ ਕਰ ਦਿਤਾ ਸੀ। ਐਸੇ ਪੰਥਕ ਹਿਤੈਸ਼ੀ ਦੇ ਜੀਵਨ ਦੀ ਦੇਰ ਤੋਂ ਲੋੜ ਭਾਸ ਰਹੀ ਸੀ।

ਸ੍ਰਦਾਰ ਦਲਜੀਤ ਸਿੰਘ ਜੀ ਬੀ. ਏ. ਨੇ ਭਾਈ ਸਾਹਿਬ ਦੇ ਜੀਵਨ ਬ੍ਰਿਤਾਂਤ ਨੂੰ ਲਿਖਣ ਵਿਚ ਅਤੀ ਸ਼ਲਾਘਾ ਯੋਗ ਉਦਮ ਕੀਤਾ ਹੈ। ਉਹਨਾਂ ਦੇ ਪਵਿਤ੍ਰ ਜੀਵਨ ਤੋਂ ਜਾਣੂ ਹੋਣਾ ਹਰ ਸਿਖ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ। ਸੰਗਤਾਂ ਇਸ ਉਦਮ ਵਿਚ ਸ: ਦਲਜੀਤ ਸਿੰਘ ਜੀ ਦਾ ਹੌਸਲਾ ਵਧਾਣ।

ਦਾਸ—

ਤਾਰਾ ਸਿੰਘ (ਮਾਸਟਰ)

ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

PERSONAL LIBRARY OF
PROFESSOR SHER SINGH "SHER"

ਪ੍ਰਧਾਨ ਸਾਹਿਬ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ

# ਪ੍ਰਸੰਸਾ ਪੱਤ੍ਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਛੂਤ ਉਧਾਰ ਦੇ ਪ੍ਰਚਾਰ ਲਈ ਜੋ ਪ੍ਰੋਗਰਾਮ ਜਾਰੀ ਹੈ, ਗਿਆਨੀ ਦਿਤ ਸਿੰਘ ਜੀ ਨੇ ਇਸ ਪ੍ਰੋਗਰਾਮ ਨੂੰ ਅਜ ਤੋਂ ਢੇਰ ਚਿਰ ਪਹਿਲਾਂ ਜਾਰੀ ਕੀਤਾ ਹੋਇਆ ਸੀ। ਉਨ੍ਹਾਂ ਨੇ ਨੰਗੇ ਧੜ ਅਨੇਕਾਂ ਤਸੀਹੇ ਸਹਾਰ ਕੇ ਅਛੂਤ ਉਧਾਰ ਦਾ ਪ੍ਰਚਾਰ ਕੀਤਾ। ਗੁਰਦੁਆਰਿਆਂ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਹਿਤ, ਸਿਖਾਂ ਵਿਚੋਂ ਗੁਰੂ ਡੰਮ ਦੇ ਪ੍ਰਚਾਰ ਨੂੰ ਖਤਮ ਕਰਨ ਹਿਤ ਤੇ ਨਿਰੋਲ ਗੁਰਮਤ ਦੇ ਪ੍ਰਚਾਰ ਲਈ ਆਪ ਨੇ ਜੋ ਘਾਲ ਘਾਲੀ ਉਹ ਸਿਖ ਹਿਸਟਰੀ ਵਿਚ ਸੁਨਿਹਰੀ ਅਖਰਾਂ ਨਾਲ ਲਿਖੀ ਜਾਵੇਗੀ।

ਮੈਨੂੰ ਖੁਸ਼ੀ ਹੋਈ ਹੈ ਕਿ ਅਜਿਹੇ ਮਹਾਨ ਆਗੂ ਦਾ ਜੀਵਨ ਬ੍ਰਿਤਾਂਤ ਪ੍ਰਕਾਸ਼ਤ ਹੋ ਗਿਆ ਹੈ। ਜਿਸ ਦੀ ਬੜੇ ਚਿਰ ਤੋਂ ਲੋੜ ਭਾਸ ਰਹੀ ਸੀ। ਪੰਥ ਇਸ ਜੀਵਨ ਤੋਂ ਲਾਭ ਪ੍ਰਾਪਤ ਕਰੇਗਾ।

(ਜਥੇਦਾਰ) ਚੰਨਣ ਸਿੰਘ ਉਰਾੜਾ
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

310

# ਤਤਕਰਾ


| | | |
|---|---|---|
| (੧) | ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ | ੧੭ |
| (੨) | ਜਨਮ ਤੇ ਬਚਪਣ | ੨੨ |
| (੩) | ਗੁਲਾਬ ਦਾਸੀ ਜੀਵਨ ਦੀ ਝਲਕ | ੨੫ |
| (੪) | ਆਰੀਆ ਸਮਾਜ ਵਿਚ | ੨੭ |
| (੫) | ਸਿੰਘ ਸਭਾ ਲਹਿਰ ਦੀ ਚੜ੍ਹਤ | ੨੯ |
| (੬) | ਬਹਿਸ ਸ਼ਕਤੀ | ੩੬ |
| (੭) | ਖਾਲਸਾ ਅਖਬਾਰ ਤੇ ਪ੍ਰੈਸ | ੩੯ |
| (੮) | ਖਾਲਸਾ ਕਾਲਜ | ੪੫ |
| (੯) | ਪੰਥ ਸੇਵਾ | ੫੪ |
| (੧੦) | ਸਿਖ ਰਾਜ ਦੇ ਪਿਛੋਂ | ੫੬ |
| (੧੧) | ਫੌਜੀ ਵੀਰਾਂ ਨਾਲ ਪਿਆਰ | ੬੧ |
| (੧੨) | ਸਿੰਘ ਸਭੀਆਂ ਦੀ ਪਾਰਟੀ ਬਾਜ਼ੀ | ੬੬ |
| (੧੩) | ਗਿਆਨੀ ਜੀ ਦੀ ਲੇਖਣੀ | ੭੧ |
| (੧੪) | ਖਾਲਸਾ ਬ੍ਰਾਦਰੀ | ੮੪ |
| (੧੫) | ਗਿਆਨੀ ਜੀ ਦੇ ਸਾਥੀ | ੮੭ |
| (੧੬) | ਵਿਆਹ ਤੇ ਸੰਤਾਨ | ੧੦੬ |
| (੧੭) | ਵਿਛੋੜੇ ਦਾ ਸੱਲ ਤੇ ਯਾਦਗਾਰਾਂ | ੧੧੪ |
| (੧੮) | ਅੰਤਕਾ | ੧੨੫ |
| (੧੯) | ਸ਼੍ਰੋਮਣੀ ਖਾਲਸਾ ਬਰਾਦਰੀ | ੧੩੭ |

੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ।

# ਜਾਣ ਪਛਾਣ

ਸ੍ਰਦਾਰ ਦਲਜੀਤ ਸਿੰਘ ਜੀ ਨੇ ਅਪਣੀ ਰਚਿਤ ਪੁਸਤਕ 'ਜੀਵਨ ਗਿਆਨੀ ਦਿਤ ਸਿੰਘ ਜੀ' ਭੇਜਿਆ ਹੈ ਕਿ ਮੈਂ ਇਸ ਸਬੰਧੀ ਕੁਛ ਲਿਖਾਂ। ਮੈਂ ਇਸ ਪੁਸਤਕ ਨੂੰ ਆਦ ਤੋਂ ਅੰਤ ਤਕ ਵਾਚਿਆ ਹੈ, ਗਿਆਨੀ ਦਿਤ ਸਿੰਘ ਜੀ ਵਰਗੇ ਸ਼ੇਰ ਮਰਦ ਦਾ ਜੀਵਨ ਹੁਣ ਤਕ ਨਾ ਛਪਣਾ ਇਕ ਭਾਰੀ ਘਾਟ ਸੀ ਜਿਸਨੂੰ ਸ੍ਰ: ਦਲਜੀਤ ਸਿੰਘ ਜੀ ਨੇ ਪੂਰਾ ਕਰ ਦਿਤਾ ਹੈ, ਇਸਲਈ ਇਸ ਪ੍ਰੀਸ਼੍ਰਮ ਬਦਲੇ ਉਨਾਂ ਦੀ ਜਿੰਨੀ ਭੀ ਅਧਿਕ ਪਰਸੰਸਾ ਕੀਤੀ ਜਾਵੇ ਯੋਗ ਹੈ।

ਸ਼ੇਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਗਿਰਦ ਅਨਮਤੀਆਂ ਦਾ ਇਕ ਜਾਲ ਤਣਿਆ ਹੋਇਆ ਸੀ, ਇਸ ਲਈ ਉਨ੍ਹਾਂ ਦੀ ਖਾਹਸ਼ ਹੋਣ ਦੇ ਬਾਵਜੂਦ ਭੀ ਨਿਰੋਲ ਗੁਰਮਤ ਦਾ ਕੋਈ ਪ੍ਰਚਾਰ ਨਹੀਂ ਹੋ ਸਕਿਆ, ਪਰ ਉਨ੍ਹਾਂ ਦੇ ਅੱਖਾਂ ਮੀਟਣ ਤੋਂ ਬਾਦ ਤਾਂ ਸਿਖੀ ਨੂੰ ਢਾਹ ਹੀ ਲਗ ਗਈ ਤੇ ਅੰਗ੍ਰੇਜ਼ਾਂ ਦੇ ਰਾਜ ਸੰਭਾਲਣ ਦੇ ਨਾਲ ਹੀ ਵਿਰੋਧੀਆਂ ਨੇ ਸਿੱਖੀ ਪਰ ਚੌਹੁੰ ਪਾਸਿਆਂ ਤੋਂ ਹਮਲੇ ਸ਼ੁਰੂ ਕਰ ਦਿਤੇ। ਇਕ ਪਾਸੇ ਈਸਾ ਮਸੀਹ ਦੇ ਚੇਲੇ ਹਕੂਮਤ ਦੇ ਰਸੂਖ ਨਾਲ

ਪਿੰਡਾਂ ਵਿਚ ਭੋਲੇ ਭਾਲੇ ਗੁਰ ਸਿਖਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਗ ਪਏ, ਦੂਜੇ ਸਵਾਮੀ ਦੈਆ ਨੰਦ ਦੇ ਚਾਟੜੇ ਅਪਣੀਆਂ ਜ਼ੋਰਦਾਰ ਤਕਰੀਰਾਂ ਦੁਆਰਾਂ ਪ੍ਰੇਮੀਆਂ ਨੂੰ ਗੁਮਰਾਹ ਕਰਨ ਵਿਚ ਜੁਟ ਪਏ, ਤੀਜੇ ਪਾਸੇ ਬ੍ਰਾਹਮਣੀ ਮਤ ਵਾਲੇ ਆਪਣਾ ਹਲਵਾ ਮੰਡਾ ਕਾਇਮ ਰਖਣ ਦੀ ਖਾਤ੍ਰ ਪਿਤ੍ਰਾ ਪੁਰਖੀ ਦਾ ਢੰਡੋਰਾ ਪਿੱਟਕੇ ਗੁਰ ਸੁਧਾਲੂਆਂ ਨੂੰ ਉਲਟ ਮਾਰਗ ਚਲਾਉਣ ਦਾ ਦਾਈਆ ਬੰਨ੍ਹ ਬੈਠੇ ਅਤੇ ਚੌਥੇ ਪਾਸੇ ਗੁਰੂ ਡੰਮ ਦਾ ਅਡੰਬਰ ਰਚਕੇ ਅਨੇਕ ਗੁਰਮੁਖਾਂ ਨੂੰ ਅਪਣੇ ਪੈਰ ਪੁਜਾਉਣ ਵਾਲੇ ਗਦੀਦਾਰ ਆਪਣਾ ਪਸਾਰਾ ਪਸਾਰ ਕੇ ਸੁਧਾਲੂਆਂ ਨੂੰ ਗੁਮਰਾਹ ਕਰਨ ਦੀਆਂ ਸਕੀਮਾਂ ਘੜਨ ਲਗ ਪਏ।

ਐਸੇ ਡਰਾਉਣੇ ਅਤੇ ਨਿਰਾਸਤਾ ਭਰੇ ਸਮੇਂ ਵਿਚ ਜਦ ਕਿ ਸਿਖਾਂ ਦੀ ਕੋਈ ਜਥੇ ਬੰਦੀ ਨਹੀਂ ਸੀ ਅਤੇ ਸਾਰੇ ਅਮੀਰ ਵਿਦਵਾਨ, ਅਤੇ ਆਪਣੇ ਆਪਨੂੰ ਉਚ ਜਾਤੀ ਸਦਾਉਣ ਵਾਲੇ ਸਿਖ ਬ੍ਰਾਹਮਣੀ ਗਲਬੇ ਵਿਚ ਦਬੇ ਮਨਮਤਾਂ ਵਹਿਮਾ, ਅਤੇ ਭਰਮਾਂ ਵਿਚ ਫਸੇ ਪਏ ਸਨ ਅਰ ਅਹੰਕਾਰ ਵਿਚ ਗਲਤਾਨ ਸਨ ਤਾਂ ਸਤਿਗੁਰੂ ਨੇ ਇਨ੍ਹਾਂ ਅਹੰਕਾਰੀਆਂ ਦਾ ਅਹੰਕਾਰ ਤੋੜਨ ਵਾਸਤੇ ਆਪਣੇ ਜਿਸ ਸੇਵਕ ਨੂੰ ਜੱਸ ਦਾ ਟਿਕਾ ਦੇਣਾ ਸੀ ਉਸਦਾ ਜਨਮ ਇਕ ਕਪੜੇ ਉਣਨ ਵਾਲੇ ਕਿਰਤੀ ਭਾਈ ਦੀਵਾਨ ਸਿੰਘ ਦੇ ਸਿਰ ਦਿਤਾ, ਅਰਥਾਤ ਗਿਆਨੀ ਜੀ ਨੇ ਮੈਸੀ ਸ਼ਟੈਣੀ ਦੇ ਗੁਰਮੁਖ ਦੇ ਘਰ ਜਨਮ ਲਿਆ ਜਿਸ ਵਾਸਤੇ ਆਪਣੇ ਆਪਨੂੰ ਉਚੀ ਕੁਲ ਸਮਝਣ ਵਾਲੇ ਵਿਦਵਾਨਾਂ ਅਥਵਾ ਮਹਾਤਮਾਵਾਂ ਪਾਸੋਂ ਵਿਦਯਾ,

ਪ੍ਰਾਪਤ ਕਰਨੀ ਤਾਂ ਇਕ ਪਾਸੇ ਰਹੀ ਸੰਗਤ ਕਰਨੀ ਭੀ ਅਸੰਭਵ ਸੀ।

ਐਹੋ ਜੇਹੀ ਹਾਲਾਤ ਵਿਚ ਗਿਆਨੀ ਜੀ ਦਾ ਐਨੀ ਉਚੀ ਵਿਦਯਾ ਪ੍ਰਾਪਤ ਕਰ ਲੈਣੀ ਇਕ ਕਰਾਮਾਤ ਵਾਲੀ ਗਲ ਸੀ। ਅਸੀਂ ਜਿਨੇ ਭੀ ਆਗੂ ਜਾਂ ਲੀਡਰ ਦੇਖੇ ਜਾਂ ਸੁਣੇ ਹਨ, ਉਨ੍ਹਾਂ ਵਿਚੋਂ ਕੋਈ ਤਾਂ ਕੇਵਲ ਚੰਗਾ ਬੋਲ ਸਕਦਾ ਹੈ ਅਤੇ ਕੋਈ ਸਿਰਫ ਚੰਗਾ ਲਿਖ ਸਕਦਾ। ਪਰ ਅਸੀਂ ਜਦ ਇਸ ਪੁਸਤਕ ਵਿਚ ਪੜਿਆ ਕਿ ਗਿਆਨੀ ਜੀ ਦੀਆਂ ਤਕਰੀਰਾਂ ਦਾ ਐਨਾ ਅਸਰ ਹੋਇਆ ਕਿ ਖਾਲਸਾ ਪੰਥ ਜਾਗ ਉਠਿਆ ਤੇ ਸਿੰਘ ਸਭਾ ਜੇਹੀ ਜਥੇਬੰਦੀ ਕਾਇਮ ਹੋ ਗਈ, ਪਿੰਡ ਪਿੰਡ ਵਿਚ ਗੁਰਮਤ ਦਾ ਡੰਕਾ ਵਜ ਗਿਆ ਤੇ ਪ੍ਰਵਾਹ ਤੁਰ ਪਿਆ। ਇਸਦੇ ਨਾਲ ਹੀ ਪੰਥ ਵਿਰੋਧੀ ਧੜਿਆਂ ਵਿਚੋਂ ਸਭ ਤੋਂ ਤਕੜੇ ਧੜੇ ਆਰੀਆ ਸਮਾਜੀਆਂ ਦੇ ਮੋਢੀ ਸੁਵਾਮੀ ਦਿਆ ਨੰਦ ਨੇ ਧਰਮ ਚਰਚਾ ਵਿਚ ਗਿਆਨੀ ਜੀ ਤੋਂ ਬੁਰੀ ਤਰਾਂ ਹਾਰ ਖਾਧੀ ਤਾਂ ਯਕੀਨ ਹੋ ਗਿਆ ਕਿ ਉਹ ਤਕਰੀਰ ਕਰਨ ਵਿਚ ਉਸ ਸਮੇਂ ਲਾਸਾਨੀ ਸਨ। ਇਸਦੇ ਨਾਲ ਹੀ ਜਦ ਸਾਨੂੰ ਪਤਾ ਲਗਾ ਕਿ ਆਪਨੇ ਲਗ ਭਗ ਪੰਜਾਹ ਪੁਸਤਕਾਂ ਹਰ ਇਕ ਮਜਮੂਨ ਪਰ ਬੜੇ ਗੰਭੀਰ ਵਿਚਾਰਾਂ ਵਾਲੀਆਂ ਲਿਖੀਆਂ ਤੇ ਕਈ ਸਾਲ ਖਾਲਸਾ ਅਖਬਾਰ ਨੂੰ ਯੋਗਤਾ ਨਾਲ ਐਡਿਟ ਕਰਦੇ ਰਹੇ ਤਾਂ ਨਿਸਚਾ ਹੋ ਗਿਆ ਕਿ ਆਪ ਬੜੇ ਤਕੜੇ ਉਚੇ ਅਤੇ ਸਫਲ ਲਿਖਾਰੀ ਸਨ, ਜਿਸਦਾ ਭਾਵ ਇਹ ਹੋਇਆ ਕਿ ਆਪ ਵਿਚ ਲਿਖਣ ਅਤੇ ਬੋਲਣ ਦੇ ਦੋਨੋ ਗੁਣ ਭਰਪੂਰ ਸਨ।

ਇਸਦੇ ਨਾਲ ਹੀ ਆਪਨੇ ਜਿੱਥੇ ਅਪਣੀਆਂ ਤਕਰੀਰਾਂ ਅਤੇ ਤੈਹਰੀਰਾਂ ਦੁਆਰਾ ਪੰਜਾਬ ਦੀ ਧਾਰਮਕ, ਸਮਾਜਕ, ਤੇ ਰਾਜਨੀਤਕ ਅਵਸਥਾ ਉਚੀ ਕੀਤੀ ਓਥੇ ਸਿਖ ਨੌਜਵਾਨਾ ਦੀ ਵਿਦਯਕ ਉਨਤੀ ਵਾਸਤੇ ਅਪਣੇ ਸਾਥੀਆਂ ਅਗੇ ਕਾਲਜ ਕਾਇਮ ਕਰਨ ਦੀ ਸਕੀਮ ਰਖੀ ਜਿਸਦਾ ਸਿੱਟਾ ਖਾਲਸਾ ਕਾਲਜ ਅੰਮ੍ਰਿਤਸਰ ਕਾਇਮ ਹੋ ਗਿਆ, ਗਿਆਨੀ ਜੀ ਨੇ ਅਪਣੇ ਜੀਵਨ ਵਿਚ ਪੰਥ ਲਈ ਹਰ ਪੈਹਲੂ ਤੋਂ ਬਹੁ ਮੁਲੀ ਅਤੇ ਸਦਾ ਯਾਦ ਰਖਣ ਵਾਲੀ ਸੇਵਾ ਕੀਤੀ। ਪੰਥ ਨੇ ਭੀ ਉਨਾ ਨਾਲ ਇਤਨਾ ਪਿਆਰ ਕੀਤਾ ਕਿ ਉਨ੍ਹਾਂ ਦੇ ਵਿਛੋੜੇ ਪਿਛੋਂ ਉਨ੍ਹਾਂ ਦੀ ਯਾਦ ਤਾਜ਼ਾ ਰਖਣ ਲਈ ਉਨਾਂ ਦੇ ਨਾਮ ਪਰ ਪਾਠਸ਼ਾਲਾ ਖੋਲੀਆਂ, ਲਾਇਬ੍ਰੇਰੀਆਂ ਕਾਇਮ ਕੀਤੀਆਂ, ਵਿਦਿਆਰਥੀਆਂ ਨੂੰ ਹਰ ਸਾਲ ਮੈਡਲ ਦੇਣ ਦਾ ਪ੍ਰਬੰਧ ਕੀਤਾ ਅਤੇ ਮਾਸਕ ਪਤ੍ਰ ਜਾਰੀ ਕੀਤੇ।

ਉਨਾ ਦੀ ਯਾਦਗਾਰ ਕਾਇਮ ਕਰਨ ਲਈ ਲਾਹੌਰ ਵਿਚ ਜੋ ਭਾਈ ਦਿਤ ਸਿੰਘ ਟਰਸਟ ਕਾਇਮ ਹੋਇਆ ਉਸਨੇ ਉਨਾ ਦੇ ਸਪੁਤ੍ਰ ਬਲਦੇਵ ਸਿੰਘ ਨੂੰ ਡਾਕਟਰੀ ਦੀ ਉਚੀ ਵਿਦਯਾ ਪ੍ਰਾਪਤ ਕਰਨ ਲਈ ਵਲਾਇਤ ਭੇਜਕੇ ਕਾਮਯਾਬ ਬਣਾਇਆ। ਘੋੜਾ ਹਸਪਤਾਲ ਦੇ ਸਾਹਮਣੇ ਸੰਤ ਨਗਰ ਲਾਹੌਰ ਵਿਚ ਕਈ ਕਨਾਲ ਜਮੀਨ ਖਰੀਦ ਕੇ ਸ਼ਾਨਦਾਰ ਬਿਲਡਿੰਗ ਬਣਾਕੇ 'ਗਿਆਨੀ ਦਿਤ ਸਿੰਘ ਖਾਲਸਾ ਬੋਰਡਿੰਗ ਹਾਊਸ' ਕਾਇਮ ਕੀਤਾ ਜਿਸ ਤੋਂ ਅਨੇਕ ਲੋੜਵੰਦ ਸਜਣ ਲਾਭ ਪ੍ਰਾਪਤ ਕਰਦੇ ਰਹੇ। ਸਮੂਹ ਖਾਲਸਾ ਪੰਥ ਨੂੰ ਜਿਥੇ ਗਿਆਨੀ ਜੀ ਦੀ ਉਚੀ ਹਸਤੀ ਪਰ ਬਹੁਤ ਮਾਣ ਹੈ ਉਥੇ

ਮੈਨੂੰ ਭੀ ਇਕ ਖਾਸ ਗਲ ਕਰਕੇ ਬੜਾ ਮਾਣ ਹੈ, ਉਹ ਇਹ ਕਿ ਜਿਸ ਓਰੀਐਂਟਲ ਕਾਲਜ ਲਾਹੌਰ ਵਿਚ ਗਿਆਨੀ ਜੀ ਨੇ ਵਿਦਯਾ ਪ੍ਰਾਪਤ ਕੀਤੀ ਤੇ 'ਗਿਆਨੀ' ਪਦ ਦੀ ਵਡਿਆਈ ਹਾਸਲ ਕੀਤੀ ਤੇ ਫੇਰ ਉਸੇ ਹੀ ਕਾਲਜ ਵਿਚ ਪ੍ਰੋਫੈਸਰ ਨੀਯਤ ਹੋਕੇ ਕਈ ਸਾਲ ਵਿਦਯਾਰਥੀਆਂ ਨੂੰ ਵਿਦਯਾ ਦਾਨ ਦਿੰਦੇ ਰਹੇ, ਉਸੇ ਓਰੀਐਂਟਲ ਕਾਲਜ ਲਾਹੌਰ ਵਿਚ ਦਾਸ ਨੂੰ ਗਿਆਨੀ ਜੀ ਵਾਲੀ ਪ੍ਰੋਫੈਸਰੀ ਦੀ ਸੇਵਾ ਦਾ ਸੁਭਾਗ ੧੯੩੨ ਤੋਂ ਪ੍ਰਾਪਤ ਹੋਇਆ ਹੋਇਆ। ਇਸ ਪੁਸਤਕ ਵਿਚ ਜਿਥੇ ਗਿਆਨੀ ਜੀ ਦਾ ਜੀਵਨ ਸੰਕਲਤ ਕੀਤਾ ਹੋਇਆ ਹੈ ਉਥੇ ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿਖ ਅੰਦੋਲਨਾਂ ਵਿਚ ਗਿਆਨੀ ਜੀ ਦੀ ਸ਼੍ਰੇਣੀ ਅਥਵਾ ਸਿਖਾਂ ਵਿਚੋਂ ਆਖੀਆਂ ਜਾਦੀਆਂ ਪਿਛੇ ਰਹੀਆਂ ਸਰੇਣੀਆਂ ਵਲੋਂ ਸਾਂਝੇ ਉਦਮ ਤੇ ਸੇਵਾ ਦਾ ਸੰਖੇਪ ਵਿਚ ਕੀਮਤੀ ਇਤਹਾਸ ਦਸਿਆ ਗਿਆ ਹੈ। ਜਿਸ ਤੋਂ ਇਸ ਪੁਸਤਕ ਦੇ ਲੇਖਕ ਦੀ ਮੇਹਨਤ ਬੜੀ ਸ਼ਲਾਘਾ ਯੋਗ ਹੈ।

ਦਾਸ—ਖਜ਼ਾਨ ਸਿੰਘ ਗਿਆਨੀ
ਅੰਮ੍ਰਿਤਸਰ

੨੫—੧—੫੧

# ਅਪਣੀ ਵਲੋਂ

"ਜਦੋਂ ਹਿੰਦੂਆਂ ਵਿਚ ਜਾਤ ਅਭਿਮਾਨ ਬਹੁਤ ਵਧ ਗਿਆ ਸੀ। ਬ੍ਰਾਹਮਣ ਖਤਰੀ ਬਹੁਤ ਹੰਕਾਰੀ ਹੋ ਗਏ ਸਨ। ਆਪਣੀ ਜਾਤੀ ਧਰਮ ਤੋਂ ਹੀਨ ਲੋਕ ਭੀ ਛੋਟੀਆਂ ਜਾਤੀਆਂ ਨੂੰ ਸਾਹ ਨਹੀਂ ਸਨ ਲੈਣ ਦਿੰਦੇ। ਉਨਾਂ ਤੇ ਵਡੇ ਅਤਿਆਚਾਰ ਕਰਨ ਤੇ ਤੁਲ ਗਏ ਸਨ। ਇਸ ਲਈ ਉਹ ਬਹੁਤ ਦੁਖੀ ਤੇ ਤੰਗ ਸਨ, ਅਠਵੀਂ ਸਦੀ ਦੇ ਅਰੰਭ ਵਿਚ ਕੁਝ ਅਰਬਾਂ ਨੇ ਕੂੜਾਂ ਦੀ ਬਾਦਸ਼ਾਹੀ ਮਿਟਾਕੇ ਦੀਪਾਲ ਪੁਰ ਤਕ ਸਾਰੇ ਸਿੰਧ ਉਤੇ ਅਪਣਾ ਰਾਜ ਜਮਾ ਲਿਤਾ ਤੇ ਆਮ ਲੋਕਾਂ ਨੂੰ ਅਮਲਾਂ ਨਾਲ ਦਸ ਦਿਤਾ ਕਿ ਬ੍ਰਹਮਨ ਖਤਰੀਆਂ ਨਾਲੋ ਅਰਬ ਜਿਆਦਾ ਸਿਆਣੇ ਤੇ ਬਹਾਦਰ ਸਨ।

ਫਿਰ ਤਿਨ ਸਦੀਆਂ ਮਗਰੋਂ ਗਿਆਰਵੀਂ ਸਦੀ ਦੇ ਅਰੰਭ ਵਿਚ ਤੁਰਕ ਮੁਸਲਮਾਨਾਂ ਨੇ ਅਫਗਾਨਿਸਤਾਨ ਵਿਚੋਂ ਬ੍ਰਹਮਨ ਖਤਰੀਆਂ ਨੂੰ ਕਢ ਕੇ ਪੰਜਾਬ ਭੀ ਫਤੇ ਕਰ ਲਿਆ ਤੇ ਸਤਲੁਜ ਤਕ ਗਜ਼ਨੀ ਨਾਲ ਸਾਰਾ ਪੰਜਾਬ ਮਿਲਾ ਲਿਆ। ਜਦ ਤੋਂ ਇਥੇ ਤੁਰਕਾਂ ਦਾ ਰਾਜ ਹੋਇਆ ਹਿੰਦੂਆਂ ਦਾ ਧਰਮ ਕਰਮ ਬੰਦ ਹੋ ਗਿਆ ਸੀ ਮੰਦਰ ਗਿਰਾ ਦਿਤੇ ਗਏ ਤੇ ਮੂਰਤੀਆਂ ਤੋੜ ਦਿਤੀਆਂ ਗਈਆਂ। ਸ਼ਾਸ਼ਤ੍ਰਾਂ ਦੀ ਕਥਾ ਬੰਦ ਕਰ ਦਿਤੀ ਗਈ। ਅਫਗਾਨੀ ਹਿੰਦੂ ਸਭ ਮੁਸਲਮਾਨ ਬਣ

ਗਏ ਤੇ ਪੰਜਾਬ ਦੇ ਹਿੰਦੂ ਭੀ ਬਹੁਤ ਸਾਰੇ ਮੁਸਲਮਾਨ ਹੋ ਗਏ ਤੇ ਰਹਿੰਦੇ ਖੂੰਹਦੇ ਧਰਮ ਤੋਂ ਬੇ-ਮੁਖ ਤੇ ਕਰਮ ਤੋਂ ਹੀਣੇ ਹੋ ਗਏ 'ਕਲ ਕਾਤੀ ਰਾਜੇ ਕਸਾਈ' ਬਨ ਗਏ। ਅਤਿਆਚਾਰ ਦੀ ਕੋਈ ਹਦ ਨਾ ਰਹੀ ਤੇ ਪਾਪ ਅਮਾਵਸ ਦੀ ਨਿਆਈ ਛਾ ਗਿਆ।"

"ਮਨੂੰ ਸਿਮਰਤੀ ਦੀ ਰਚਨਾਂ ਰਚਕੇ ਭਾਰਤ ਦੇ ਬ੍ਰਾਹਮਣ ਨੇ ਤੇ ਦੇਸ ਨੂੰ ਜਾਤ ਪਾਤ ਦੇ ਝੰਬੇਲਿਆਂ ਵਿਚ ਪਾਕੇ ਦੇਸ ਨੂੰ ਇਤਨਾ ਕਮਜ਼ੋਰ ਕੀਤਾ ਜਿਤਨਾ ਕਿ ਹੋਰ ਸ਼ਾਇਦ ਹੀ ਕਿਸੀ ਗਲ ਨੇ ਕੀਤਾ ਹੋਵੇ। ਮਨੁਖ ਜਾਤੀ ਦੇ ਇਕ ਵਡੇ ਹਿਸੇ ਨੂੰ ਸ਼ੂਦਰ ਬਣਾ ਦਿਤਾ ਤੇ ਉਨ੍ਹਾਂ ਤੇ ਉਹ ੨ ਅਤਿਆ-ਚਾਰ ਕੀਤੇ ਜੋ ਕਿ ਕਥਨ ਤੋਂ ਬਾਹਰ ਹਨ ਇਸ ਦੇ ਵਿਰੁਧ ਜਿਸ ਜਿਸ ਮਹਾਂ ਪੁਰਖ ਨੇ ਭੀ ਅਵਾਜ਼ ਉਠਾਈ ਉਸਦਾ ਜਾਤ ਅਭਿਮਾਨੀਆਂ ਨੇ ਡਟਕੇ ਮੁਕਾਬਲਾ ਕੀਤਾ ਤੇ ਉਸ ਦੀ ਕੋਈ ਗਲ ਨਾ ਸੁਣੀ। ਇਸ ਦਾ ਸਿਟਾ ਇਹ ਨਿਕਲਿਆ ਕਿ ਦੇਸ ਵਿਚ ਅਤਿ ਕਮਜੋਰੀ ਆ ਗਈ। ਬਾਹਰ ਦੇ ਮੁਸਲਮਾਨ ਜਾਬਰਾਂ ਨੇ ਇਸ ਕਮਜੋਰੀ ਦਾ ਪੂਰਾ ੨ ਲਾਭ ਉਠਾਣ ਲਈ ਭਾਰਤ ਤੇ ਹਮਲੇ ਕਰਕੇ ਇਸ ਦਾ ਹੋਰ ਭੀ ਕਚੂਮਰ ਕਢ ਦਿਤਾ। ਮੁਸਲਮਾਨ ਦੀ ਸੈਂਕੜੇ ਸਾਲ ਦੀ ਗੁਲਾਮੀ ਨੇ ਹਿੰਦੂ ਦੀ ਅਣਖ ਭਾਈ ਚਾਰਕ ਖਲ ਤੇ ਰਾਜਸੀ ਆਜ਼ਾਦੀ ਦਾ ਖਾਤਮਾ ਕਰ ਦਿਤਾ। ਇਹ ਗਰਾਵਟ ਇਥੋਂ ਤਕ ਪੁਜ ਗਈ ਕਿ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਦੇ ਖਿਲਾਫ ਅਵਾਜ਼ ਉਠਾਣ ਦਾ ਬਲ ਭੀ ਨ ਰਿਹਾ ਇਸ ਦੇ ਬਾਵਜੂਦ ਹਿੰਦੂਆਂ ਨੇ ਜਾਤ ਪਾਤ ਛੂਤ ਛਾਤ ਨ ਛਡੀ ਤੇ

ਸੂਦਰਾਂ ਤੇ ਵਧੇਰੇ ਅਤਿਆਚਾਰ ਕਰਦੇ ਰਹੇ।

ਇਸ ਮਹਾਂ ਭਿਆਨਕ ਸਮੇਂ ਵਿਚ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਹੋਕਾ ਦਿਤਾ ਕਿ–

> ਨੀਚਾਂ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ ॥
> ਨਾਨਕ ਤਿਨਕੇ ਸੰਗ ਸਾਥ ਵਡਿਆ ਸਿਉਂ ਕਿਆ
> ਰੀਸ ॥ ਜਿਥੈ ਨੀਚ ਸਮਾਲੀਅਨ ਤਿਥੈ ਨਦਰ ਤੇਰੀ
> ਬਖਸੀਸ ॥

ਸੰਗਤ ਪੰਗਤ ਵਿਚ ਚਾਰੇ ਵਰਨਾਂ ਦੇ ਲੋਕਾਂ ਨੂੰ ਇਕ ਥਾਂ ਕਠਾ ਕਰਕੇ ਉਪਦੇਸ ਦਿਤੇ ਤੇ ਭਾਈ ਪਦਵੀ ਸਿਖਾਂ ਨੂੰ ਦਿਤੀ।

ਸ੍ਰੀ ਗੁਰੂ ਅਮਰ ਦਾਸ ਜੀ ਨੇ ਲੰਗਰ ਦੇ ਦਰਵਾਜ਼ੇ ਸਾਰੇ ਮਨੁਖ ਮਾਤ੍ਰ ਲਈ ਖੋਲ ਦਿਤੇ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਰਚਕੇ ਇਸ ਭਿਨ ਭੇਦ ਨੂੰ ਮਿਟਾਣ ਦਾ ਉਪਰਾਲਾ ਕੀਤਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ, ਰਵਿਦਾਸ ਜੀ, ਤੇ ਸੈਣ ਆਦਿ ਭਗਤਾਂ ਦੀ ਬਾਣੀ ਲਈ ਥਾਂ ਦੇਕੇ ਆਤਮਿਕ ਸੁਚਤਾ ਦਾ ਸਬੂਤ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਪਿਆਰੇ ਸਾਜਕੇ ਖਾਲਸੇ ਨੂੰ ਅੰਮ੍ਰਿਤ ਦੀ ਦਾਤ ਬਖਸ਼ਕੇ ਜਾਤ ਪਾਤ ਤੇ ਛੂਤ ਛਾਤ ਦੀ ਬੀਮਾਰੀ ਦਾ ਨਾਸ ਕੀਤਾ।

'ਮਾਨੁਖ ਕੀ ਜਾਤ ਸਭੈ ਏਕੈ ਪਹਿਚਾਨਬੋ ॥'

ਦੇ ਮਹਾਂ ਉਪਦੇਸ਼ ਤੇ ਚਹੁ ਵਰਨਾ ਨੂੰ ਇਕ ਬਾਟੇ ਵਿਚ ਅਮ੍ਰਿਤ ਛਕਾਏ ਜਾਣ ਦੀ ਵਿਧਿਆ ਸੁਣਕੇ ਬਾਈਧਾਰ ਦੇ ਰਾਜੇ ਤੇ ਪੰਡਤ ਇਕਠੇ ਹੋਕੇ ਦਸਮ ਪਾਤਸ਼ਾਹ ਪਾਸ ਆਏ ਤੇ ਕਹਿਣ ਲਗੇ ਕਿ ਤੁਸੀਂ ਛੋਟੀ ਜਾਤਾਂ ਵਾਲਿਆਂ ਨੂੰ ਇਕ ਥਾਂ ਇਕਠਾ ਕਰਕੇ ਅੰਮ੍ਰਿਤ ਨਾ ਛਕਾਓ ਤਾਂ ਅਸੀਂ ਸਾਰੇ ਹੀ ਤੁਹਾਡੇ ਸਿਖ ਬਣ ਜਾਂਦੇ ਹਾਂ ਪਰ ਸਤਿਗੁਰੂ ਨੇ ਫੁਰਮਾਇਆ 'ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ" ਤੇ 'ਸੇਵ ਕਰੀ ਇਨਕੀ ਮਨ ਭਾਵਤ' ਮਹਾਂ ਵਾਕ ਆਖਕੇ ਇਸ ਪੇਸ਼ਕਸ ਨੂੰ ਠੁਕਰਾ ਦਿਤਾ। ਬਾਬਾ ਜੀਵਨ ਸਿੰਘ ਦੀ ਬਹਾਦਰੀ ਤਕਕੇ 'ਰੰਗਰੇਟੇ ਗੁਰੂ ਕੇ ਬੇਟੇ' ਦੀ ਪਦਵੀ ਦੇਕੇ ਗਲ ਨਾਲ ਲਾਇਆ।

ਕਲਗੀਆਂ ਵਾਲੇ ਦੀ ਇਸ ਮੋਹਰ ਦਾ ਇਹ ਸਿਟਾ ਨਿਕਲਿਆ ਕਿ ਇਨਾਂ ਵਿਚੋਂ ਐਸੇ ਐਸੇ ਲਗਨ ਵਾਲੇ ਸਿੰਘ ਹੋਏ ਜਿਨਾਂ ਨੇ ਸਿਖ ਕੌਮ ਦੀ ਕਿਸਮਤ ਨੂੰ ਚਾਰ ਚੰਨ ਲਾਏ।

ਸ੍ਰੀ ਚਮਕੌਰ ਸਾਹਿਬ ਦੇ ਘੋਰ ਜੰਗ ਦੇ ਔਖੇ ਸਮੇਂ ਪਛੜੀਆਂ ਸ਼੍ਰੇਣੀਆਂ ਵਿਚੋਂ ਸਜੇ ਸਿੰਘ ਭਾਈ ਸੰਗਤ ਸਿੰਘ ਜੀ ਨੂੰ ਜਿਗਾ ਕਲਗੀ ਬਖਸ਼ਕੇ ਖਾਲਸਈ ਸ਼ਾਨ ਦਾ ਰਾਖਾ ਥਾਪਿਆ।

ਸਿਖ ਰਾਜ ਦੇ ਪਿਛੋਂ ਪੰਥ ਤੇ ਮੁਸੀਬਤਾਂ ਦੇ ਬਦਲ ਛਾ ਗਏ ਸਨ। ਪੰਥ ਦੇ ਵਿਰੋਧੀਆਂ ਨੇ ਪੰਥ ਵਿਚ ਭੀ ਛੂਤ ਛਾਤ ਦਾ ਭੂਤ ਹਿੰਦੂਆਂ ਵਾਂਗ ਮੁੜ ਪਾ ਦਿਤਾ ਜਿਸ ਕਰਕੇ ਬਹੁਤ ਸਿਖ ਗੁਰੂ ਸਾਹਿਬਾਨ ਦੇ ਅਸੂਲਾਂ ਨੂੰ ਭੁਲਕੇ ਹਿੰਦੂਆਂ ਵਾਂਗ ਲਕੀਰ ਦੇ ਫਕੀਰ ਹੋ ਗਏ। ਹਰ ਥਾਂ ਪਛੜੀਆਂ ਸ਼੍ਰੇਣੀਆਂ ਵਿਚੋਂ ਸਜੇ ਸਿੰਘਾਂ ਨਾਲ ਭੀ ਅਛੂਤਾਂ ਵਰਗਾ ਹੀ

ਬ੍ਰਤਾਉ ਕਰਨ ਲਗ ਪਏ। ਜਿਸ ਕਰਕੇ ਸਿਖ ਕੌਮ ਦੀ ਗਿਣਤੀ ਦਿਨੋ ਦਿਨ ਘਟਦੀ ਗਈ।

ਇਸ ਬਿਖੜੇ ਸਮੇਂ ਭੀ ਪਛੜੀਆਂ ਸ੍ਰੇਣੀਆਂ ਵਿਚੋਂ ਸਜੇ ਸਿੰਘ ਸ਼ੇਰ ਦਿਲ ਜਰਨੈਲ ਗਿਆਨੀ ਦਿਤ ਸਿੰਘ ਜੀ ਨੇ ਪੰਥ ਦੀ ਸਹੀ ਅਗਵਾਈ ਕੀਤੀ ਸਿਖਾਂ ਵਿਚ ਆ ਚੁਕੀਆ ਤਰੁਟੀਆਂ ਨੂੰ ਦੂਰ ਕਰਨ ਲਈ ਪ੍ਰੈਸ ਤੇ ਪਲੇਟ ਫਾਰਮ ਰਾਹੀ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਸਹੀ ਰਸਤਾ ਦਸਿਆ।"

"ਆਰੀਆਂ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਦੇ ਸਿਖ ਧਰਮ ਦੇ ਖਿਲਾਫ ਜਹਾਦ ਖੜਾ ਕੀਤਾ ਪਰ ਗਿ: ਦਿਤ ਸਿੰਘ ਜੀ ਨੇ ਅਪਣੀ ਵਿਦਵਤਾ ਨਾਲ ਉਨਾਂ ਦੇ ਮਨਸੂਬਿਆਂ ਨੂੰ ਮਿਟੀ ਵਿਚ ਮਿਲਾ ਦਿਤਾ। ਗਿਆਨੀ ਜੀ ਤੇ ਸਵਾਮੀ ਜੀ ਵਿਚਕਾਰ ਤਿਨ ਬਹਿਸਾਂ ਹੋਈਆਂ ਤੇ ਤਿਨਾ ਵਿਚ ਹੀ ਗਿਆਨੀ ਜੀ ਨੇ ਸਵਾਮੀ ਜੀ ਨੂੰ ਲਾਜਵਾਬ ਕਰਕੇ ਹਾਰ ਦਿਤੀ, ਜਿਸ ਦਾ ਸਿਟਾ ਇਹ ਨਿਕਲਿਆ ਕਿ ਸਮੇਂ ਦੇ ਵਿਦਵਾਨ ਗਿਆਨੀ ਜੀ ਦੀ ਵਿਦਵਤਾ ਦਾ ਲੋਹਾ ਮੰਨ ਗਏ।

ਗਿਆਨੀ ਜੀ ਨੇ ਅਪਣੀ ਸਾਰੀ ਜਿੰਦਗੀ ਪੰਥਕ ਸੇਵਾ ਲਈ ਅਰਪਣ ਕਰ ਦੇਣ ਦਾ ਸਦਕਾ ਪੰਥ ਤੇ ਆਈਆਂ ਮੁਸੀਬਤਾ ਟਲ ਗਈਆਂ ਤੇ ਪੰਥ ਤਰੱਕੀ ਦੀ ਰਾਹ ਤੇ ਚਲ ਪਿਆ।"

ਐਸੇ ਪੰਥ ਹਿਤੈਸੀ ਵਿਦਵਾਨ ਦੇ ਜੀਵਨ ਦੀ ਚਿਰਾਂ ਤੋਂ ਬਹੁਤ ਲੋੜ ਭਾਸ ਰਹੀ ਸੀ ਦਾਸ ਤੇ ਇਸ ਕਤਾਬ ਵਿਚ ਉਨਾਂ ਦੇ ਜੀਵਨ ਬਾਰੇ ਅਸਲ ਹਾਲਾਤ ਇਕਤ੍ਰ ਕਰਕੇ ਦਿਤੇ ਹਨ। ਇਸ ਕਤਾਬ ਦਾ ਮਸਾਲਾ ਇਕਤ੍ਰ ਕਰਨ

ਵਿਚ ਸੂ: ਕਰਮ ਸਿੰਘ ਜਖਮੀ, ਭਾਈ ਮਤਾਬ ਸਿੰਘ 'ਬੇਰ' ਗਿ: ਹਰਭਜਨ ਸਿੰਘ 'ਭਾਪਾ', ਗਿ: ਗੁਰਚਰਨ ਸਿੰਘ 'ਸਾਖੀ' ਆਦਿ ਸਜਨਾ ਨੇ ਮਦਦ ਕੀਤੀ ਹੈ ਮੈਂ ਉਨਾਂ ਦਾ ਧੰਨਵਾਦੀ ਹਾਂ।

ਮੈਂ ਪੰਥਕ ਹਿਤੈਸ਼ੀਆਂ ਤੋਂ ਆਸ ਕਰਦਾ ਹਾਂ ਕਿ ਉਨਾਂ ਦੀ ਜੀਵਨ ਕਿਰਨਾ ਅਪਨੇ ਜੀਵਨ ਵਿਚ ਪਾਕੇ ਪੰਥ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਲਿਜਾਣ ਦੇ ਸਦਾ ਯਤਨ ਕਰਕੇ ਕਲਗੀ ਵਾਲੇ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ।

ਦਾਸ—

ਦਲਜੀਤ ਸਿੰਘ ਬੀ. ਏ. ਪ੍ਰਧਾਨ

ਸ਼੍ਰੋਮਣੀ ਖਾਲਸਾ ਬ੍ਰਾਦਰੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ

# ੧. ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ

ਪੰਜਾਬ ਦੇ ਪਾਤਸ਼ਾਹ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਪਿਛੋਂ ਲਾਹੌਰ ਵਿਚ ਨਿਮਕ ਹਰਾਮੀ ਦਾ ਜਿਹੜਾ ਭਿਆਨਕ ਖੂਨੀ ਨਾਚ ਨੱਚਿਆ ਗਿਆ, ਉਹ ਕਿਸੇ ਇਤਹਾਸ ਪ੍ਰੇਮੀ ਤੋਂ ਭੁਲਿਆ ਹੋਇਆ ਨਹੀਂ। ਦਰਬਾਰ ਤੇ ਰਾਜ ਘਰਾਣੇ ਵਿਚ ਜੋ ਝਗੜਾ ਉਤਪਨ ਹੋਇਆ, ਉਸਨੇ ਰਾਜ ਦੀਆਂ ਜੜ੍ਹਾਂ ਵਿਚ ਤੇਲ ਦੇ ਦਿਤਾ। ਇਕ ਪਾਸੇ ਰਾਜ ਘਰਾਣੇ ਦੇ ਮੈਂਬਰ ਮਾਰੇ ਜਾਣ ਲਗੇ ਅਤੇ ਦੂਜੇ ਪਾਸੇ ਧਿਆਨ ਸਿੰਘ ਦਾ ਵਜ਼ੀਰ ਘਰਾਣਾ ਤਬਾਹ ਹੋਣਾ ਸ਼ੁਰੂ ਹੋ ਗਿਆ। ਰਾਜੇ ਤੇ ਵਜ਼ੀਰ ਦਾ ਇਸਤਰ੍ਹਾਂ ਦਾ ਝਗੜਾ ਬਦਨਸੀਬ ਪੰਜਾਬ ਤੋਂ ਬਿਨਾਂ ਸੰਸਾਰ ਦੇ ਕਿਸੇ ਹੋਰ ਦੇਸ ਦੇ ਇਤਹਾਸ ਵਿਚ ਘਟ ਹੀ ਨਜ਼ਰ ਆਉਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ੨੭ ਜੂਨ ੧੮੩੯ ਨੂੰ ਚਲਾਣਾ ਕੀਤਾ ਸਵਾ ਤਿੰਨ ਮਹੀਨੇ ਪਿਛੋਂ ੮ ਅਕਤੂਬਰ ਨੂੰ ਪੰਜਾਬ ਦਾ ਦੂਜਾ ਸੁਤੰਤਰ ਪਾਤਸ਼ਾਹ ਮਹਾਰਾਜਾ ਖੜਗ ਸਿੰਘ ਨਜ਼ਰਬੰਦ ਕੀਤਾ ਗਿਆ ਅਤੇ ਇਕ ਸਾਲ ੨੭ ਦਿਨ ਦੀ ਨਜ਼ਰਬੰਦੀ ਦੇ ਪਿਛੋਂ ੫ ਨਵੰਬਰ ੧੮੪੦ ਨੂੰ ਉਸ ਨੇ ਜਾਨ ਦੇ ਦਿਤੀ। ਸ਼ੇਰੇ ਪੰਜਾਬ ਦਾ ਹੋਣਹਾਰ ਪੋਤਰਾ ਕੰਵਰ ਨੌਨਿਹਾਲ ਸਿੰਘ ਪਿਤਾ ਦੇ ਸਸਕਾਰ ਤੋਂ ਵਾਪਸ ਆ ਰਿਹਾ

ਸੀ, ਕਿ ਡੋਗਰਿਆਂ ਦੀ ਸਾਜ਼ਸ਼ ਦਾ ਸ਼ਿਕਾਰ ਹੋਕੇ ਪਿਤਾ ਪਾਸ ਹੀ ਜਾ ਪੁਜਾ। ਇਸ ਦੇ ਪਿਛੋਂ ਮਹਾਰਾਣੀ ਚੰਦ ਕੌਰ ਰਾਜ ਗੱਦੀ ਪਰ ਬੈਠੀ, ਪ੍ਰੰਤੂ ਛੇਤੀ ਹੀ ਰਾਜਾ ਧਿਆਨ ਸਿੰਘ ਮਹਾਰਾਜਾ ਸ਼ੇਰ ਸਿੰਘ ਨੂੰ ਬਟਾਲੇ ਤੋਂ ਚੜ੍ਹਾ ਲਿਆਇਆ ਤੇ ਮਹਾਰਾਣੀ ਨੂੰ ਨਜ਼ਰ ਬੰਦ ਕਰਕੇ ਉਸਨੂੰ ੧੮੪੧ ਦੇ ਅਰੰਭ ਵਿਚ ਰਾਜ ਗੱਦੀ ਤੇ ਬਿਠਾ ਦਿਤਾ। ਛੇਤੀ ਹੀ ਇਸ ਮਹਾਰਾਜੇ ਅਤੇ ਵਜ਼ੀਰ ਦੀ ਭੀ ਵਿਗੜ ਗਈ ਅਤੇ ਦੋਹਾਂ ਨੇ ਇਕ ਦੂਜੇ ਦੇ ਕਤਲ ਦਾ ਹੁਕਮ ਲਿਖ ਕੇ ਸੰਧਾਂਵਾਲੀਆਂ ਸ੍ਰਦਾਰਾਂ ਨੂੰ ਦਿਤਾ। ਨਤੀਜਾ ਇਹ ਹੋਇਆ ਕਿ ਇਕੋ ਦਿਨ ੧੫ ਸਤੰਬਰ ੧੮੪੩ ਈਸਵੀ (ਅਸੂ ਦੀ ਸੰਗ੍ਰਾਂਦ) ਨੂੰ ਮਹਾਰਾਜਾ ਸ਼ੇਰ ਸਿੰਘ, ਉਸਦਾ ਹੋਣਹਾਰ ਸਾਹਿਬਜ਼ਾਦਾ ਪ੍ਰਤਾਪ ਸਿੰਘ ਅਤੇ ਨਾਲ ਹੀ ਰਾਜਾ ਧਿਆਨ ਸਿੰਘ ਭੀ ਸੰਧਾਂਵਾਲੀਏ ਸਰਦਾਰਾਂ ਹਥੋਂ ਮਾਰੇ ਗਏ। ਇਸ ਦੇ ਪਿਛੋਂ ਫੌਜ ਰਾਜਾ ਧਿਆਨ ਸਿੰਘ ਦੇ ਪੁਤਰ ਰਾਜਾ ਹੀਰਾ ਸਿੰਘ ਦੇ ਢਹੇ ਚੜ੍ਹ ਗਈ ਅਤੇ ਉਸ ਸੰਧਾਂਵਾਲੀਏ ਸ੍ਰਦਾਰਾਂ ਤੋਂ ਬਦਲਾ ਲੈ ਕੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਰਾਜ—ਗੱਦੀ ਪਰ ਬਿਠਾਇਆ ਅਤੇ ਆਪ ਵਜ਼ੀਰ ਬਣ ਬੈਠਾ।

ਛੇਤੀ ਹੀ ਹੋਰ ਹਨੇਰੀ ਝੁਲੀ, ਜਿਸ ਵਿਚ ਰਾਜਾ ਹੀਰਾ ਸਿੰਘ ਅਤੇ ਉਸਦਾ ਸਲਾਹਕਾਰ ਪੰਡਤ ਜੱਲਾ ਭੀ ਮਾਰੇ ਗਏ। ਇਸ ਦੇ ਪਿਛੋਂ ਮਹਾਰਾਜਾ ਦਲੀਪ ਸਿੰਘ ਦਾ ਮਾਮਾਂ ਸ੍ਰਦਾਰ ਜਵਾਹਰ ਸਿੰਘ ੧੪ ਮਈ ੧੮੪੫ ਨੂੰ ਵਜ਼ੀਰ ਬਣਿਆ, ਪ੍ਰੰਤੂ ਚਾਰ ਮਹੀਨੇ ਪਿਛੋਂ ਕੰਵਰ ਪਿਸ਼ੌਰਾ ਸਿੰਘ ਦੇ ਕਤਲ ਦੇ ਇਲਜ਼ਾਮ ਵਿਚ ਫੌਜ ਹੱਥੋਂ ਉਹ ਭੀ

ਮਾਰਿਆ ਗਿਆ।

ਲਾਹੌਰ ਦੇ ਇਸ ਖੂਨੀ ਨਾਚ ਤੋਂ ਫਾਇਦਾ ਉਠਾਉਣ ਲਈ ਅੰਗਰੇਜ਼ਾਂ ਜੰਗ ਦੇ ਸਾਮਾਨ ਪੈਦਾ ਕੀਤੇ। ਲੜਾਈ ੧੮ ਦਸੰਬਰ ੧੮੪੫ ਨੂੰ ਮੁਦਕੀ ਦੇ ਮੈਦਾਨ ਵਿਚ ਸ਼ੁਰੂ ਹੋਈ, ਚਾਰ ਦਿਨ ਪਿਛੋਂ ਫਿਰੋਜ਼ ਸ਼ਾਹ ਦੇ ਮੈਦਾਨ ਵਿਚ ਘਮਸਾਨ ਮਚਿਆ ਅਤੇ ਉਸਦੇ ਪਿਛੋਂ ੧੦ ਫਰਵਰੀ ਨੂੰ ਸਭਰਾਊ ਦੇ ਮਕਾਮ ਪਰ ਵਜ਼ੀਰ ਤੇ ਸੈਨਾਪਤੀ ਦੀ ਗਦਾਰੀ ਨਾਲ ਸਿਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਪੰਜਾਬ ਦੀ ਹਾਰ ਨਾਲ ਮੁਕੀ। ਇਸ ਲੜਾਈ ਦੇ ਪਿਛੋਂ ਅੰਗਰੇਜ਼ ਨੇ ਲਾਹੌਰ ਵਿਚ ਪੈਰ ਜਮਾ ਲਏ ਅਤੇ ਤਿੰਨਾਂ ਸਾਲਾਂ ਪਿਛੋਂ ਉਹ ਪੰਜਾਬ ਦੇ ਮਹਾਨ ਰਾਜ ਨੂੰ ਹੜਪ ਕਰਨ ਦੇ ਜੋਗ ਹੋ ਗਿਆ। ਮੁੜ ਲੜਾਈ ਦੇ ਸਾਮਾਨ ਕੀਤੇ ਗਏ ਅਤੇ ਰਾਮ ਨਗਰ, ਸੈਦੂਲਾ ਪੁਰ, ਚਿਲੀਆਂ ਵਾਲੇ ਤੇ ਮੁਲਤਾਨ ਦੀਆਂ ਝੜਪਾਂ ਦੇ ਪਿਛੋਂ ੨੧ ਫਰਵਰੀ ੧੮੪੯ ਨੂੰ, ਸ਼ੇਰੇ ਪੰਜਾਬ ਦੀ ਮੌਤ ਤੋਂ ਪੌਣੇ ਦਸ ਸਾਲ ਪਿਛੋਂ ਸਿਖ ਰਾਜ ਦਾ ਅੰਤ ਹੋ ਗਿਆ ਅਤੇ ਅੰਗ੍ਰੇਜ਼ ਮਹਾਰਾਜਾ ਦਲੀਪ ਸਿੰਘ ਅਤੇ ਉਸ ਦੀ ਅੰਮੀ ਨੂੰ ਦੇਸ-ਨਿਕਾਲਾ ਦੇ ਕੇ ਸਾਰੇ ਹਿੰਦੁਸਤਾਨ ਦੇ ਮਾਲਕ ਬਣ ਬੈਠੇ।

ਸਿਖ ਰਾਜ ਦੇ ਸਮੇਂ ਸਿਖ ਪੰਥ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਸੀ। ਸਿਖਾਂ ਦੀ ਆਦਮ-ਗਿਣਤੀ ਵਧਕੇ ਇਕ ਕ੍ਰੋੜ ਤਕ ਜਾ ਪੁਜੀ ਸੀ, ਪ੍ਰੰਤੂ ਅੰਗਰੇਜ਼ ਦੇ ਸਿਆਣੇ ਦਿਮਾਗ ਨੇ ਸਿਖ ਰਾਜ ਦੇ ਨਾਲ ਹੀ ਸਿਖ-ਸਪਿਰਟ ਨੂੰ ਤਬਾਹ ਕਰਨ ਦੇ ਸਾਮਾਨ ਭੀ ਕਰ ਦਿਤੇ। ਇਸ ਸਮੇਂ ਸਿਖਾਂ ਦੀ ਕੋਈ ਜਥੇਬੰਦੀ ਨਹੀਂ ਸੀ। ਈਸਾਈ ਪਾਦਰੀ ਸਿਖਾਂ

ਦੇ ਪਿੰਡਾਂ ਵਿਚ ਛਾਏ ਹੋਏ ਸਨ ਅਤੇ ਸਿਖਾਂ ਦੇ ਆਮ ਜੀਵਨ ਤੇ ਹਿੰਦੂਆਂ ਦਾ ਗਲਬਾ ਪੈ ਰਿਹਾ ਸੀ। ਜਿਸ ਕਰਕੇ ਸਿਖਾਂ ਵਿਚ ਪਤਿਤਤਾ ਦੀ ਲਹਿਰ ਅੰਦਰ ਹੀ ਅੰਦਰ ਸਿਖੀ ਨੂੰ ਘੁਣ ਵਾਂਗ ਖਾਣ ਲਗੀ। ਨਤੀਜਾ ਇਹ ਹੋਇਆ ਕਿ ਸਿਖਾਂ ਦੀ ਗਿਣਤੀ ਦੇ ਅੰਕੜੇ ਤੇਜੀ ਨਾਲ ਹੇਠਾਂ ਡਿਗਣੇ ਸ਼ੁਰੂ ਹੋ ਗਏ। ੧੮੮੧ ਵਿਚ ਮਰਦਮ ਸ਼ੁਮਾਰੀ ਹੋਈ ਤਦ ਪਤਾ ਲਗਾ ਕਿ ਇਹ ਗਿਣਤੀ ਇਕ ਕ੍ਰੋੜ ਤੋਂ ਘਟ ਕੇ ਕੇਵਲ ੧੮ ਲਖ ੫੩ ਹਜ਼ਾਰ ੪ ਸੌ ੨੬ ਹੀ ਰਹਿ ਗਈ ਹੈ।

ਇਹ ਮਰਦਮ ਸ਼ੁਮਾਰੀ ਸਿਖਾਂ ਲਈ ਖਤਰੇ ਦੀ ਘੰਟੀ ਸਾਬਤ ਹੋਈ। ਸਿਖ ਰਾਜ ਦੇ ਖਾਤਮੇਂ ਤੋਂ ਪਿਛੋਂ ਜਿਹੜੇ ਸਿਖ ਹੁਣ ਤਕ ਸਿਖੀ ਪ੍ਰਚਾਰ ਵਲੋਂ ਬਿਲਕੁਲ ਬੇਪ੍ਰਵਾਹ ਹੋਕੇ ਬੈਠੇ ਰਹੇ ਸਨ, ਹੁਣ ਉਨ੍ਹਾਂ ਨੇ ਸਮਝ ਲਿਆ ਕਿ ਜੇਕਰ ਜੀਉਣਾਂ ਹੈ ਤਦ ਜਥੇਬੰਦੀ ਤੇ ਪ੍ਰਚਾਰ ਦੀ ਸਖਤ ਲੋੜ ਹੈ।

ਉਂਞ ਤਾਂ ਅੰਗ੍ਰੇਜ਼ ਦਾ ਰਵੀਆ ਸਿਖ ਰਾਜ ਦੇ ਖਾਤਮੇਂ ਤੋਂ ਹੀ ਸਿਖ ਸਪਿਰਟ ਨੂੰ ਕੁਚਲਣ ਦਾ ਚਲਿਆ ਆ ਰਿਹਾ ਸੀ, ਪ੍ਰੰਤੂ ਨਾਮਧਾਰੀ ਲਹਿਰ ਤੋਂ ਪਿਛੋਂ ਉਸਦਾ ਇਹ ਰਵੀਆ ਹੋਰ ਭੀ ਸਖਤ ਹੋ ਗਿਆ ਸੀ। ੧੮੫੦ ਤੋਂ ੧੮੭੦ ਤਕ ਸਿਖੀ ਨੂੰ ਢਾਹ ਲਾਉਣ ਵਾਲਿਆਂ ਵਿਚ ਵਧੇਰੇ ਸ਼ਕਤਸਾਂਲੀ ਯਸੂਹ-ਮਸੀਹ ਦੇ ਪ੍ਰਚਾਰਕ ਹੀ ਸਨ, ਪ੍ਰੰਤੂ ੧੮੭੦ ਵਿਚ ਸਵਾਮੀ ਦਯਾ ਨੰਦ ਦੀ ਅਗਵਾਈ ਹੇਠ ਆਰੀਆ ਸਮਾਜੀ ਭੀ ਮੈਦਾਨ ਵਿਚ ਕੁਦ ਪਏ। ਇਹਨਾਂ ਤੋਂ ਇਲਾਵਾ ਪੰਜਾਬ ਵਿਚ ਗੁਲਾਬ ਦਾਸੀਏ ਅਤੇ ਕੁਝ ਹੋਰ

ਅਨਸਰ ਭੀ ਸਿਖੀ ਵਿਰੁਧ ਪ੍ਰਚਾਰ ਵਿਚ ਕਿਸੇ ਤੋਂ ਪਿਛੇ ਨਹੀਂ ਸਨ। ਕਈਆਂ ਪਾਸਿਆਂ ਤੋਂ ਇਸ ਵਾਊ-ਪ੍ਰਚਾਰ ਦਾ ਅਸਰ ਇਹ ਹੋਇਆ ਕਿ ਭਾਈ ਜਵਾਹਰ ਸਿੰਘ, ਅਤੇ ਭਾਈ ਦਿਤ ਸਿੰਘ ਜਿਹੇ ਗੁਰਸਿਖ ਭੀ ਸਿਖੀ ਤੋਂ ਲਾਂਭੇ ਰਹੇ। ਇਹ ਤਾਂ ਵਿਰੋਧੀਆਂ ਵਲੋਂ ਸਿਖ ਗੁਰੂਆਂ ਵਿਰੁਧ ਪ੍ਰਚਾਰ ਦਾ ਸਿਟਾ ਸੀ ਕਿ ਜਿਸਨੇ ਉਨ੍ਹਾਂ ਦੀਆਂ ਅੱਖਾਂ ਖੋਹਲੀਆਂ, ਉਹਨਾਂ ਨੂੰ ਸਿਖੀ ਵਲ ਲਿਆਂਦਾ, ਸਿੰਘ ਸਭਾ ਲਹਿਰ ਚਲੀ ਅਤੇ ਸਿਖ ਧਰਮ ਫੇਰ ਪ੍ਰਫੁਲਤ ਹੋਣ ਲਗਾ।

## ੨. ਜਨਮ ਤੇ ਬਚਪਨ

ਗਿਆਨੀ ਦਿਤ ਸਿੰਘ ਜੀ ਦਾ ਜਨਮ ੧੯੫੩ ਈਸਵੀ ਦੇ ਅਪ੍ਰੈਲ ਮਹੀਨੇ ਦੀ ੨੧ ਤਾਰੀਖ ਨੂੰ ਰਿਆਸਤ ਪਟਿਆਲਾ ਦੇ ਨਗਰ ਅਨੰਦਪੁਰ ਕਲੌੜ ਵਿਚ ਹੋਇਆ। ਆਪਦੇ ਵੱਡ ਵਡੇਰੇ ਇਸ ਨਗਰ ਵਿਚ ਦਾਪਾਲ ਪੁਰ (ਦੁਆਲੇ) ਵਿਚੋਂ ਆਕੇ ਵੱਸੇ ਹੋਏ ਸਨ। ਆਪ ਦੇ ਪਿਤਾ ਸੰਤ ਦੀਵਾਨ ਸਿੰਘ (ਇਨ੍ਹਾਂ ਦਾ ਨਾਮ ਕਿਧਰੇ ਕਿਧਰੇ ਭਾਈ ਰਾਮ ਸਿੰਘ ਭੀ ਲਿਖਿਆ ਹੈ) ਧਾਰਮਕ-ਰੁਚੀ ਵਾਲੇ ਬਜ਼ੁਰਗ ਸਨ ਅਤੇ ਧਾਰਮਕ ਚਰਚਾ ਵਿਚ ਚੰਗਾ ਵਧ ਚੜ੍ਹਕੇ ਹਿਸਾ ਲਿਆ ਕਰਦੇ ਸਨ। ਉਨ੍ਹਾਂ ਦਾ ਝੁਕਾਅ ਗੁਲਾਬ ਦਾਸੀਆਂ ਦੀ ਸੰਪ੍ਰਦਾ ਵਲ ਸੀ*। ਆਪ ਕਪੜਾ ਉਣਕੇ ਦਸਾਂ ਨਹੁੰਆਂ ਦੀ ਕਮਾਈ ਨਾਲ ਆਪਣੇ ਪ੍ਰਵਾਰ ਦੀ ਉਪਜੀਵਕਾ ਤੋਰਦੇ ਸਨ।

ਗਿਆਨੀ ਦਿਤ ਸਿੰਘ ਇਕ ਤੀਖਣ ਬੁਧੀ ਦੇ ਬਾਲਕ ਸਨ। ਪਿਤਾ ਨੂੰ ਧਾਰਮਕ ਚਰਚਾ ਕਰਦੇ ਵੇਖ ਕੇ ਉਨ੍ਹਾਂ ਦੀ ਰੁਚੀ ਬਚਪਣ ਵਿਚ ਹੀ ਬਹਿਸ ਮੁਬਾਹਸਿਹਾਂ ਵਲ ਖਿਚੀ

---

*ਇਹ ਸੰਪ੍ਰਦਾ ਰਟੌਲ ਜ਼ਿਲਾ ਅੰਮ੍ਰਿਤਸਰ ਦੇ ਸੰਤ ਗੁਲਾਬ ਦਾਸ ਨੇ ਚਲਾਈ ਸੀ।

ਗਈ। ਉਸ ਸਮੇਂ ਅੰਗ੍ਰੇਜ਼ੀ ਰਾਜ ਨੂੰ ਕਾਇਮ ਹੋਇਆਂ ਹਾਲਾਂ ਪੰਜ ਸਤ ਸਾਲ ਹੀ ਹੋਏ ਸਨ, ਇਸ ਲਈ ਵਿਦਿਆ ਲਈ ਵਰਤਮਾਨ ਤਰਜ਼ ਦੇ ਸਕੂਲ ਅਤੇ ਕਾਲਜ ਹਾਲਾਂ ਨਹੀ ਸਨ ਖੁਲ੍ਹੇ। ਵਿਦਿਆ ਦੇ ਕੇਂਦਰ ਉਸ ਸਮੇਂ ਸਾਧੂ ਮਹਾਤਮਾਵਾਂ ਦੇ ਡੇਰੇ ਹੀ ਹੋਇਆ ਕਰਦੇ ਸਨ। ਬਾਲਕ ਦਿਤ ਸਿੰਘ ਨੂੰ ਵਿਦਿਆ ਪੜ੍ਹਨ ਦਾ ਬੜਾ ਚਾਅ ਸੀ ਅਤੇ ਘਰ ਦੀ ਆਰਥਕ ਅਵੱਸਥਾ ਕਮਜ਼ੋਰ ਹੋਣ ਦੇ ਬਾਵਜੂਦ ਭੀ ਉਨ੍ਹਾਂ ਨੇ ਇਸ ਚਾਹ ਨੂੰ ਪੂਰਾ ਕਰਨ ਦਾ ਫੈਸਲਾ ਕਰ ਲਿਆ। ੧੮੬੨ ਈਸਵੀ ਵਿਚ ਜਦ ਕਿ ਆਪਦੀ ਉਮਰ ਕੇਵਲ ੯ ਸਾਲਾਂ ਦੀ ਹੀ ਸੀ ਆਪ ਗੁਲਾਬ ਦਾਸੀਏ ਮਹਾਤਮਾ ਸੰਤ ਗੁਰਬਖਸ਼ ਸਿੰਘ ਜੀ ਦੇ ਡੇਰੇ ਪਿੰਡ ਤੈਉੜ ਜ਼ਿਲਾ ਅੰਬਾਲੇ ਵਿਚ ਪੜ੍ਹਨ ਲਈ ਜਾ ਬੈਠੇ ਅਤੇ ਆਪਣੀ ਤੀਖਣ ਬੁਧੀ ਦੇ ਕਾਰਨ ਛੇਤੀ ਹੀ ਅੱਖਰੀ-ਗਿਆਨ ਪ੍ਰਾਪਤ ਕਰਕੇ ਪਿੰਗਲ, ਵੇਦਾਂਤ ਅਤੇ ਰਾਜ ਨੀਤੀ ਦੇ ਕਿਤਨੇ ਹੀ ਗ੍ਰੰਥ ਪੜ੍ਹ ਲਏ। ਇਸ ਡੇਰੇ ਵਿਚ ਆਪ ਗੁਰਮੁਖੀ ਪੜ੍ਹਦੇ ਸਨ ਅਤੇ ਡੇਰੇ ਦੇ ਬਾਹਰ ਜਾਕੇ ਏਸੇ ਪਿੰਡ ਦੇ ਦਯਾ ਚੰਦ ਨਾਮੀ ਖੱਤਰੀ ਤੋਂ ਉਰਦੂ ਪੜ੍ਹਿਆ ਕਰਦੇ ਸਨ। ਇਹਨਾਂ ਦੀ ਇਸ ਅਣਥੱਕ ਮੇਹਨਤ ਦਾ ਨਤੀਜਾ ਪੰਜਾਂ ਸੱਤਾਂ ਸਾਲਾਂ ਵਿਚ ਹੀ ਉਹ ਉਰਦੂ ਤੇ ਗੁਰਮੁਖੀ ਦੇ ਵਿਦਿਵਾਨ ਬਣ ਗਏ। ਵਿਦਾਂਤ ਤੇ ਪਿੰਗਲ ਵਿਚ ਉਹ ਇਤਨੇ ਨਿਪੁੰਨ ਹੋ ਗਏ ਕਿ ਵਡੇ ੨ ਵਿਦਵਾਨ ਭੀ ਉਨ੍ਹਾਂ ਦਾ ਲੋਹਾ ਮੰਨਣ ਲਗੇ।

ਗੁਲਾਬ ਦਾਸੀਆਂ ਦੇ ਅੱਡੇ ਉਨ੍ਹੀ ਦਿਨੀ ਧਾਰਮਕ ਬਹਿਸ ਮੁਬਾਹਸਿਆਂ ਦੇ ਕੇਂਦਰ ਹੁੰਦੇ ਸਨ ਅਤੇ ਬਹੁਤ ਸਾਰੇ

ਸੰਤ ਮਹਾਤਮਾ ਤੇ ਗੁਣੀ ਗਿਆਨੀ ਧਾਰਮਕ ਚਰਚਾ ਕਰਨ ਲਈ ਇਹਨਾਂ ਡੇਰਿਆਂ ਵਿਚ ਆਉਂਦੇ ਜਾਂਦੇ ਰਹਿੰਦੇ ਸਨ। ਉਨ੍ਹਾਂ ਸੰਤਾਂ ਮਹਾਤਮਾ ਦੀ ਸੰਗਤ ਦਾ ਅਸਰ ਕਬੂਲ ਕੇ ਦਿਤ ਸਿੰਘ ਹੁਰੀਂ ਭੀ ਚਰਚਾ ਵਿਚ ਹਿਸਾ ਲੈਣ ਲਗੇ ਅਤੇ ਛੇਤੀ ਹੀ ਉਨ੍ਹਾਂ ਦੀ ਬਹਿਸ-ਸ਼ਕਤੀ ਦਾ ਲੋਹਾ ਮੰਨਿਆ ਜਾਣ ਲਗਾ। ਵਿਦਾਂਤ ਸਬੰਧੀ ੯–੧੦ ਸਾਲਾਂ ਦੀ ਉਮਰ ਵਿਚ ਹੀ ਉਹ ਅਜੇਹੇ ਗੂੜ੍ਹ ਪ੍ਰਸ਼ਨਾਂ ਦੇ ਉਤਰ ਦਿੰਦੇ, ਜੋ ਵਡੇ ਵਡੇ ਵਿਦਾਂਤੀ ਵਿਦਿਵਾਨ ਭੀ ਦੰਗ ਰਹਿ ਜਾਂਦੇ। ੧੫ ਕੁ ਸਾਲਾਂ ਦੀ ਉਮਰ ਵਿਚ ਤਾਂ ਆਪ ਵਿਦਾਂਤ ਦੇ ਚੰਗੇ ਪ੍ਰਚਾਰਕ ਬਣ ਚੁਕੇ ਸਨ।

ਤੇਉੜ ਤੋਂ ਵਿਦਿਆ ਪ੍ਰਾਪਤ ਕਰਕੇ ਆਪ ਜ਼ਿਲਾ ਲਾਹੌਰ ਵਿਚ ਗੁਲਾਬ ਦਾਸੀਆਂ ਦੇ ਪ੍ਰਸਿਧ ਅੱਡੇ ਚੱਠਿਆਂ ਵਾਲੇ ਚਲੇ ਗਏ। ਏਥੇ ਸੰਤ ਦੇਸਾ ਸਿੰਘ ਜੀ ਦੀ ਸੰਗਤ ਦਾ ਅਸਰ ਇਹ ਹੋਇਆ ਕਿ ਉਹਨਾਂ ਨੇ ਫਕੀਰੀ ਬਾਣਾਂ ਪਾ ਲਿਆ ਅਤੇ ਥਾਂ ਪਰ ਥਾਂ ਫਿਰਕੇ ਗੁਲਾਬ ਦਾਸੀ ਮਤ ਦਾ ਪ੍ਰਚਾਰ ਕਰਨ ਲਗੇ, ਇਸ ਤਰ੍ਹਾਂ ਛੋਟੀ ਉਮਰ ਵਿਚ ਹੀ ਉਨ੍ਹਾਂ ਵਿਦਿਆ ਭੀ ਪੜ੍ਹ ਲੀਤੀ ਅਤੇ ਫਕੀਰੀ ਬਾਣਾਂ ਭੀ ਪਾ ਲਿਆ, ਪ੍ਰੰਤੂ ਕੁਦਰਤ ਨੂੰ ਉਨ੍ਹਾਂ ਦਾ ਫਕੀਰ ਰਹਿਣਾ ਮਨਜ਼ੂਰ ਨਹੀ ਸੀ, ਇਸ ਲਈ ਉਸਨੇ ਉਨ੍ਹਾਂ ਨੂੰ ਨਵੇਂ ਸੱਚੇ ਵਿਚ ਢਾਲਣਾਂ ਸ਼ੁਰੂ ਕਰ ਦਿਤਾ।

## ੩. ਗੁਲਾਬ ਦਾਸੀ ਜੀਵਨ ਦਾ ਝਲਕ

ਗੁਲਾਬ ਦਾਸੀ ਸਾਧੂ ਬਣਕੇ ਭਾਈ ਦਿਤ ਸਿੰਘ ਜੀ ਇਕ ਪਾਸੇ ਤਾਂ ਇਸ ਮੱਤ ਦਾ ਪ੍ਰਚਾਰ ਕਰਦੇ ਅਤੇ ਦੂਜੇ ਪਾਸੇ ਮੜ੍ਹੀਆਂ ਅਤੇ ਹੋਰ ਡਰਾਉਣੀਆਂ ਥਾਵਾਂ ਵਿਚ ਜਾਕੇ ਈਸ਼ਵਰ ਦੀ ਭਗਤੀ ਵਿਚ ਲਗੇ ਰਹਿੰਦੇ। ਜਿਸ ਸੱਚ ਦੀ ਭਾਲ ਲਈ ਉਹਨਾਂ ਨੇ ਸੁਖ ਦਾ ਜੀਵਨ ਛਡਿਆ ਸੀ, ਉਸਦੀ ਕੋਈ ਭੀ ਕ੍ਰਿਨ ਉਨ੍ਹਾਂ ਨੂੰ ਨਜ਼ਰ ਨਹੀਂ ਸੀ ਆ ਰਹੀ। ਇਸ ਲਈ ਕਠਨ ਤਪੱਸਿਆ ਕਰਕੇ ਉਹ ਉਸਨੂੰ ਪ੍ਰਾਪਤ ਕਰਨ ਦੇ ਯਤਨਾਂ ਵਿਚ ਸਨ। ਇਕ ਦਿਨ ਸਰੀਰ ਨੂੰ ਸਵਾਹ ਮਲ ਕੇ, ਜੱਟਾ ਜੂਟ ਰੂਪ ਵਿਚ ਇਕ ਪਿੰਡ ਦੇ ਲਾਗੇ ਮੜ੍ਹੀਆਂ ਵਿਚ ਆਪਣੇ ਪਿਆਰੇ ਦੀ ਯਾਦ ਵਿਚ ਮਸਤ ਸਨ, ਜੋ ਕੁਝ ਮਹਸੂਮ ਬਚੇ ਖੇਡਦੇ ਮੱਲਦੇ ਉਸ ਪਾਸੇ ਆ ਨਿਕਲੇ। ਜਿਉਂ ਹੀ ਉਨ੍ਹਾਂ ਬਚਿਆਂ ਨੇ ਇਸ ਜਟਾ ਜੂਟ ਸਾਧੂ ਨੂੰ ਵੇਖਿਆ ਭੂਤ ਸਮਝਕੇ ਚੀਕਾਂ ਮਾਰਦੇ ਹੋਏ ਪਿੰਡ ਨੂੰ ਉਠ ਨੱਠੇ। ਉਹਨਾਂ ਦੀਆਂ ਚੀਕਾਂ ਨਾਲ ਸਾਧੂ ਦਿਤ ਸਿੰਘ ਦੀ ਸਮਾਧੀ ਖੁਲ ਗਈ ਅਤੇ ਉਹ ਬਾਲ-ਆਤਮਾਂ ਦੁਖੀ ਕਰਨ ਦੇ ਖਿਆਲ ਨਾਲ ਬਹਿਬਲ ਹੋ ਉਠੇ।

ਕਹਿੰਦੇ ਸਨ ਕਿ ਉਹਨਾਂ ਬਾਲਾਂ ਵਿਚੋਂ ਇਕ ਬੱਚੀ ਪਰ ਇਤਨਾ ਭੈ ਛਾਇਆ ਕਿ ਉਹ ਘਰ ਪੁਜਦੀ ਹੀ ਬੀਮਾਰ

ਹੋ ਗਈ। ਜਦ ਭਾਈ ਜੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਨ੍ਹਾਂ ਉਸ ਬਚੇ ਦੇ ਘਰ ਜਾਕੇ ਉਸਨੂੰ ਤਸੱਲੀ ਦਿੰਦੇ ਹੋਏ ਆਖਿਆ, 'ਪੁਤਰੀ ਮੈਂ ਭੂਤ ਨਹੀਂ ਮਨੁਖ ਹਾਂ ਤੂੰ ਕਿਉਂ ਡਰੀਂ ਏਂ।' ਇਸ ਗੱਲ ਦਾ ਨਿਸ਼ਚਾ ਕਰਾਉਣ ਲਈ ਉਹ ਕਈ ਦਿਨ ਉਸ ਬੱਚੀ ਦੇ ਘਰ ਜਾਂਦੇ ਰਹੇ ਅਤੇ ਤਦ ਕਿਤੇ ਉਸਦੀ ਬੀਮਾਰੀ ਦੂਰ ਹੋਈ।

ਇਸ ਘਟਨਾਂ ਦਾ ਇਨ੍ਹਾਂ ਦੇ ਦਿਲ ਪਰ ਭਾਰੀ ਅਸਰ ਹੋਇਆ। ਉਹ ਸੋਚਣ ਲਗੇ ਕਿ ਬਾਲ ਦਾ ਹਿਰਦਾ ਰੱਬ ਜਿਹਾ ਨਿਰਮਲ ਹੁੰਦਾ ਹੈ। ਜੇਕਰ ਉਹ ਸਾਧੂ-ਰੂਪ ਨੂੰ ਵੇਖਕੇ ਇਉਂ-ਭੈਭੀਤ ਹੋ ਰਿਹਾ ਹੈ ਤਦ ਰੱਬ ਇਸ ਤੇ ਕਿਵੇਂ ਰੀਝ ਸਕੇਗਾ।

# ੪. ਆਰੀਆ ਸਮਾਜ ਵਿਚ

ਗੁਲਾਬ ਦਾਸੀ ਡੇਰੇ ਵਿਚ ਭਾਈ ਜਵਾਹਰ ਸਿੰਘ ਕਪੂਰ ਆਪਦੇ ਸਮਕਾਲੀ ਤੇ ਗੁਰ-ਭਾਈ ਸਨ, ਪ੍ਰੰਤੂ ਛੇਤੀ ਹੀ ਉਨ੍ਹਾਂ ਦਾ ਮਨ ਇਸ ਮੱਤ ਤੋਂ ਫਿਰ ਗਿਆ। ਸਵਾਮੀ ਦਯਾ ਨੰਦ ਦੇ ਪੰਜਾਬ ਆਉਣ ਪਰ ਉਹ ਆਰੀਆ ਸਮਾਜ ਵਲ ਖਿਚੇ ਗਏ ਅਤੇ ਇਤਨਾ ਵਧੇਰੇ ਅਸਰ ਕਬੂਲਿਆ ਕਿ ਪੱਕੇ ਆਰੀਆ ਸਮਾਜੀ ਬਣ ਗਏ। ਨਾ ਕੇਵਲ ਉਨ੍ਹਾਂ ਨੇ ਆਰੀਆ ਸਮਾਜ ਦੇ ਖਿਆਲਾਂ ਨੂੰ ਹੀ ਅਪਣਾਇਆ; ਸਗੋਂ ਉਸਦੀ ਜਥੇਬੰਦੀ ਤੇ ਪ੍ਰਚਾਰ ਲਈ ਭੀ ਅਗੇ ਹੋਕੇ ਕੰਮ ਕਰਨ ਲਗੇ ਅਤੇ ਪੰਜਾਬ ਵਿਚ ਆਰੀਆ ਸਮਾਜੀ ਜਥੇਬੰਦੀ ਦੇ ਸਕੱਤ੍ਰ ਬਣ ਗਏ। ਗਿਆਨੀ ਦਿਤ ਸਿੰਘ ਜੀ ਦਾ ਆਪਣੇ ਇਸ ਗੁਰਭਾਈ ਨਾਲ ਗੂੜਾ ਪਿਆਰ ਸੀ, ਇਸ ਲਈ ਫਕੀਰੀ ਬਾਣੇ ਵਿਚ ਹੀ ਉਹ ਉਨ੍ਹਾਂ ਨੂੰ ਮਿਲਣ ਲਈ ਲਾਹੌਰ ਆਉਂਦੇ ਜਾਂਦੇ ਰਹਿੰਦੇ। ਆਖਰ ਉਨ੍ਹਾਂ ਦੇ ਆਰੀਆ ਸਮਾਜੀ ਖਿਆਲਾਂ ਦਾ ਇਨ੍ਹਾਂ ਨੇ ਭੀ ਅਸਰ ਕਬੂਲਿਆ, ਸਵਾਮੀ ਦਯਾ ਨੰਦ ਜਦ ੧੮੭੭ ਈਸਵੀ ਵਿਚ ਲਾਹੌਰ ਆਏ ਤਾਂ ਭਾਈ ਜਵਾਹਰ ਸਿੰਘ ਨੇ ਗਿਆਨੀ ਦਿਤ ਸਿੰਘ ਦੀ ਉਨ੍ਹਾਂ ਨਾਲ ਮੁਲਾਕਾਤ ਕਰਾਈ। ਸਵਾਮੀ ਜੀ ਇਸ ਮੁਲਾਕਾਤ ਵਿਚ ਗਿਆਨੀ ਜੀ ਦ ਸਿਆਣਪ ਤੇ

ਧਾਰਮਕ ਸੋਝੀ* ਦਾ ਲੋਹਾ ਮੰਨਣਾ ਪਿਆ ਸੀ।

## ਪ੍ਰੋਫੈਸਰ ਬਨਣਾ

ਲਾਹੌਰ ਵਿਚ ਗਿਆਨੀ ਜੀ ਦਾ ਬਹੁਤ ਮਾਣ ਕੀਤਾ ਗਿਆ। ਪ੍ਰੋਫੈਸਰ ਗੁਰਮੁਖ ਸਿੰਘ ਭਾਈ ਜਵਾਹਰ ਸਿੰਘ ਜੀ ਦੀ ਪ੍ਰੇਰਨਾ ਨਾਲ ਉਹਨਾਂ ਨੇ ਸਾਧੂ ਬਾਣਾ ਤਿਆਗਕੇ ਇਥੇ ਹੀ ਡੇਰੇ ਲਾ ਦਿਤੇ ਅਤੇ ਸਿਖ ਬਣ ਕੇ ਓਰੀਐਂਟਲ ਕਾਲਜ ਵਿਚ ਦਾਖਲ ਹੋਕੇ ਗਿਆਨੀ ਦਾ ਇਮਤਿਹਾਨ ਪਾਸ ਕਰ ਲਿਆ। ਗਿਆਨੀ ਜੀ ਦੀ ਜੋਗਤਾ ਦਾ ਪ੍ਰਭਾਵ ਕਾਲਜ ਦੇ ਪ੍ਰਿੰਸੀਪਲ ਤੇ ਬਹੁਤ ਚੰਗਾ ਪਿਆ ਸੀ। ਇਸ ਲਈ ਆਪ ਓਰੀਐਂਟਲ ਕਾਲਜ ਵਿਚ ਹੀ ਪ੍ਰੋਫੈਸਰ ਬਣ ਗਏ, ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਤੋਂ ਉਨ੍ਹਾਂ ਨੂੰ ਸਿਖ ਪੰਥ ਦੀ ਸੇਵਾ ਦੀ ਲਗਨ ਲਗੀ।

---

*ਇਸ ਚਰਚਾ ਬਾਰੇ ਅਸੀਂ ਅਗੇ ਜਾਕੇ ਦਸਾਂਗੇ।

## ੫. ਸਿੰਘ ਸਭਾ ਲਹਿਰ ਦੀ ਚੜ੍ਹਤ

ਸਿਖ ਰਾਜ ਤੋਂ ਪਿਛੋਂ ਈਸਾ ਮਸੀਹ ਦੇ ਪ੍ਰਚਾਰਕਾਂ ਸਿਖਾਂ ਵਿਚ ਪਤਿਤਤਾ ਦੀ ਲਹਿਰ ਸ਼ੁਰੂ ਕੀਤੀ ਅਤੇ ੧੮੭੭ ਨੂੰ ਆਰੀਆ ਸਮਾਜੀ ਭੀ ਉਨ੍ਹਾਂ ਨਾਲ ਆਣ ਰੱਲੇ। ਆਰੀਆ ਸਮਾਜੀਆਂ ਨੂੰ ਪੰਜਾਬ ਵਿਚ ਸਭ ਤੋਂ ਪਹਿਲਾਂ ਪੈਰ ਧਰਨ ਲਈ ਸਿਖਾਂ ਨੇ ਹੀ ਥਾਂ ਦਿਤੀ। ੧੮੭੭ ਈਸਵੀ ਵਿਚ ਜਦ ਸਵਾਮੀ ਦਯਾ ਨੰਦ ਲਾਹੌਰ ਆਇਆ ਤਾਂ ਲਾਹੌਰ ਦੇ ਸਿਖਾਂ ਨੇ ਉਨ੍ਹਾਂ ਦਾ ਗੁਰਦੁਵਾਰਾ ਬਾਉਲੀ ਸਾਹਿਬ ਵਿਚ ਸਵਾਗਤ ਕੀਤਾ ਅਤੇ ਗੁਰਦੁਵਾਰੇ ਦੀ ਸਟੇਜ ਤੋਂ ਲੈਕਚਰ ਕਰਵਾਇਆ। ਇਨੀ ਦਿਨੀ ਸ੍ਰੀ ਅੰਮ੍ਰਿਤਸਰ ਦੇ ਸਿਖਾਂ ਨੇ ਮਲਵਈ ਬੁੰਗੇ ਵਿਚ ਅਤੇ ਘੰਟਾ ਘਰ ਦੇ ਪਲੇਟ ਫਾਰਮ ਤੇ ਜਲਸਿਆਂ ਦਾ ਪ੍ਰਬੰਧ ਕਰਕੇ ਸਵਾਮੀ ਦਯਾ ਨੰਦ ਦੇ ਲੈਕਚਰ ਕਰਵਾਏ। ਸਵਾਮੀ ਦਯਾ ਨੰਦ ਨੇ ਸਿਖਾਂ ਦੇ ਇਸ ਮਿਲਵਰਤਨ ਤੋਂ ਉਤਸ਼ਾਹਤ ਹੋਕੇ ਸਾਰੇ ਪੰਜਾਬ ਦਾ ਦੌਰਾ ਕੀਤਾ ਅਤੇ ਉਹ ਜਿਥੇ ਭੀ ਗਏ, ਸਿਖਾਂ ਨੇ ਗਰਮ ਜੋਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਸਾਰੇ ਸ਼ਹਿਰਾਂ ਦੇ ਸਿਰਕਰਦਾ ਸਿਖ ਸਵਾਮੀ ਦਯਾ ਨੰਦ ਦੀ ਲਹਿਰ ਨੂੰ ਇਕ ਸੁਧਾਰਕ ਲਹਿਰ ਸਮਝਕੇ ਉਸਦਾ ਮਿਲਵਤਨ ਕਰਨ ਲਗੇ। ਇਸਤਰ੍ਹਾਂ ਆਰੀਆ ਸਮਾਜੀ ਗਲਬਾ ਸਿਖਾਂ ਦੇ ਜੀਵਨ ਪਰ ਛਾਉਂਦਾ ਹੋਇਆ ਨਜ਼ਰ ਆਉਣ ਲਗਾ।

ਈਸਾਈ ਪਾਦਰੀ ਭੀ ਅਪਣਾ ਕੰਮ ਕਰ ਰਹੇ ਸਨ ਅਤੇ ਸਿਖ ਉਸਨੂੰ ਸਹਾਰੀ ਜਾ ਰਹੇ ਸਨ।

ਇਸ ਤੋਂ ਭੀ ਵਧੇਰੇ ਖਰਾਬੀ, ਜੋ ਸਿਖੀ ਨੂੰ ਘੁਣ ਵਾਂਗ ਅੰਦਰ ਹੀ ਅੰਦਰ ਖਾਈ ਜਾ ਰਹੀ ਸੀ, ਗੁਰੂ ਡਮ ਦੀ ਸੀ। ਸਿਖਾਂ ਦੀ ਕੋਈ ਪ੍ਰਤੀਨਿਧ ਜਮਾਤ ਨਾ ਹੋਣ ਕਰਕੇ ਬੇਦੀਆਂ ਤੇ ਸੋਢੀਆਂ ਦੇ ਕੁਝ ਸਿਰਕਰਦਾ ਆਦਮੀ ਖੁਲਮ ਖੁਲੀ ਮਨ ਮਤ ਕਰ ਰਹੇ ਸਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆਪ ਗੱਦੀਆਂ ਲਾਕੇ ਬੈਠਦੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਆਪ ਮੱਥੇ ਟਕਵਾਉਂਦੇ ਅਤੇ ਆਪਣੀ ਚਰਨਾਮਤ ਸੰਗਤਾਂ ਨੂੰ ਦਿੰਦੇ। ਇਹ ਖਰਾਬੀ ਸਿਖਾਂ ਦੇ ਕੌਮੀ-ਜੀਵਨ ਤੇ ਪੰਥਕ ਕ੍ਰੈਕਟਰ ਨੂੰ ਤੇਜੀ ਨਾਲ ਖਤਮ ਕਰਦੀ ਜਾ ਰਹੀ ਸੀ।

ਸਿਖੀ ਲਈ ਇਹ ਤਿੰਨ ਖਤਰੇ ਹਰ ਨਵੇਂ ਸੂਰਜ ਦੀ ਚੜਤ ਨਾਲ ਵਧੇਰੇ ਭਿਆਨਕ ਹੋ ਰਹੇ ਸਨ, ਪ੍ਰੰਤੂ ਸਿਖ ਗਹਿਰੀ ਨੀਂਦ ਸੁਤੇ ਘੁਰਾੜੇ ਮਾਰ ਰਹੇ ਸਨ ਇਹ ਗੁਰੂ ਦੀ ਦਯਾ ਸਮਝਣੀ ਚਾਹੀਦੀ ਹੈ ਕਿ ਜਿਸ ਨੇ ਕੁਝ ਅਜੇਹੀਆਂ ਘਟਨਾਵਾਂ ਸਾਹਮਣੇ ਲੈ ਆਂਦੀਆਂ ਜਿਹਨਾਂ ਨਾਲ ਸਿਖ ਕੌਮ ਟੁੰਬੀ ਗਈ ਅਤੇ ਕੁਝ ਪੰਥ ਸੇਵਕ ਮੈਦਾਨ ਵਿਚ ਨਿਕਲਕੇ ਵਿਰੋਧੀ ਪ੍ਰਚਾਰ ਦਾ ਖੰਡਨ ਕਰਦੇ ਹੋਏ ਸਿਖੀ ਪ੍ਰਚਾਰ ਲਈ ਜੁਟ ਗਏ।

੧੮੭੪ ਈਸਵੀ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿਖ ਵਿਦਿਆਰਥੀਆਂ ਆਇਆ ਸਿੰਘ, ਸਾਧੂ ਸਿੰਘ ਅਤਰ ਸਿੰਘ ਆਦਿ ਇਕ ਪਾਦਰੀ ਦੇ ਹਥੇ ਚੜ੍ਹਕੇ

1874 A.D.

ਈਸਾਈ ਹੋਣ ਲਈ ਤਿਆਰ ਹੋ ਗਏ, ਜਿਸ ਨਾਲ ਸਿਖਾਂ ਦੀਆਂ ਅਖਾਂ ਖੁਲੀਆਂ ਅਤੇ ਸਿਰਕਰਦਾ ਸਿਖਾਂ ਨੇ ਪਹਿਲੀ ਵਾਰ ਇਸ ਗਲ ਦਾ ਖਤਰਾ ਅਨਭਵ ਕੀਤਾ ਕਿ ਉਨ੍ਹਾਂ ਦੀ ਅਨਗਹਿਲੀ ਸਿਖੀ ਨੂੰ ਖਤਮ ਕਰ ਰਹੀ ਹੈ। ਵਿਦਿਆਰਥੀਆਂ ਨੂੰ ਸਮਝਾ ਬੁਝਾਕੇ ਪਤਤਿ ਹੋਣ ਤੋਂ ਬਚਾ ਲਿਆ।

ਹਾਲਾਂ ਇਹ ਕਾਰੀ ਚੋਟ ਤਾਜ਼ੀ ਸੀ ਤੇ ਇਸ ਦੀ ਪੀੜਾ ਸਿਖੀ ਦੀ ਆਤਮਾਂ ਨੂੰ ਤੜਪਾ ਹੀ ਰਹੀ ਸੀ, ਜੋ ਇਕ ਪੰਡਤ ਸਰਧਾ ਰਾਮ ਫਲੌਰੀ ਨੇ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਸਾਹਿਬ ਦੀਆਂ ਹੱਦਾਂ ਅੰਦਰ ਗੁਰੂ ਦੇ ਬਾਗ ਵਿਚ ਇਕ ਜਲਸੇ ਵਿਚ ਲੈਕਚਰ ਦਿਤਾ। ਇਸ ਲੈਕਚਰ ਵਿਚ ਸਿਖ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਬਹੁਤ ਕੁਝ ਅਜੋਗ ਗਲਾਂ ਕਹੀਆਂ ਗਈਆਂ; ਪ੍ਰੰਤੂ ਜਲਸੇ ਵਿਚੋਂ ਕਿਸੇ ਨੇ ਉਸ ਪਰ ਕਿੰਤੂ ਨਹੀਂ ਕੀਤੀ।

ਇਨ੍ਹਾਂ ਦੋ ਖਬਰਾਂ ਨੇ ਸ੍ਰ: ਠਾਕੁਰ ਸਿੰਘ ਸੰਧਾਵਾਲੀਏ ਦੀ ਆਤਮਾਂ ਨੂੰ ਵੰਗਾਰਿਆ ਅਤੇ ਉਹਨਾਂ ਨੇ ਸਾਰੀ ਹਾਲਤ ਪਰ ਵਿਚਾਰ ਕਰਨ ਲਈ ਅਸੂ ਸੁਦੀ ੧੦, ਸੰਮਤ ੧੯੩੦ ਬਿਕਰਮੀ ਨੂੰ ਅੰਮ੍ਰਿਤਸਰ ਵਿਚ ਸਿਖਾਂ ਦੀਆਂ ਸਾਰੀਆਂ ਸ੍ਰੇਣੀਆਂ ਦੇ ਪ੍ਰਤੀਨਿਧਾਂ ਦੀ ਇਕ ਭਾਰੀ ਇਕੱਤਰਤਾ ਸੱਦੀ। ਇਸ ਇਕੱਠ ਵਿਚ ਗੁਰਦੁਵਾਰਿਆਂ ਦੇ ਪੁਜਾਰੀ, ਗਿਆਨੀ, ਗ੍ਰੰਥੀ, ਉਦਾਸੀ ਅਤੇ ਨਿਰਮਲੇ ਸਿਖਾਂ ਤੋਂ ਇਲਾਵਾ ਕੁਝ ਖਾਨਦਾਨੀ ਰਈਸ ਭੀ ਸ਼ਾਮਲ ਹੋਏ। ਇਹ ਇਕੱਤਰਤਾ ਹੀ ਸਿੰਘ ਸਭਾ ਦਾ ਜਨਮ ਸਾਬਤ ਹੋਈ। ਅੰਮ੍ਰਿਤਸਰ ਵਿਚ ਸਿੰਘ ਸਭਾ ਬਨਾਉਣ ਦਾ ਗੁਰਮਤਾ

ਸੋਧਿਆ ਗਿਆ ਅਤੇ ਗਿਆਨੀ ਗਿਆਨ ਸਿੰਘ ਜੀ ਸਕੱਤ੍ਰ ਬਣਾਏ ਗਏ।

ਇਸ ਸਭਾ ਦੇ ਬਨਣ ਨਾਲ ਸਿਖਾਂ ਵਿਚ ਕੁਝ ਜਾਗਰਤ ਆਉਣ ਲਗੀ; ਪ੍ਰੰਤੂ ਜਿਹਾ ਕੁ ਤੁਸੀਂ ਉਪਰ ਪੜ੍ਹ ਆਏ ਹੋ ਆਰੀਆ ਸਮਾਜੀਆਂ ਦਾ ਜਾਦੂ ਸਿਖਾਂ ਪਰ ਹਾਲਾਂ ਭੀ ਚਲ ਰਿਹਾ ਸੀ। ਆਓ ਵੇਖੀਏ ਉਹ ਕਿਸਤਰਾਂ ਖਤਮ ਹੁੰਦਾ ਹੈ।

ਸਵਾਮੀ ਦਯਾ ਨੰਦ ਨੇ ਆਪਣੇ ਗ੍ਰੰਥ ਸਤਿਆਰਥ ਪ੍ਰਕਾਸ਼ ਵਿਚ ਸਿਖ ਗੁਰੂ ਸਾਹਿਬਾਨ ਸਬੰਧੀ ਕੁਝ ਨਾਮਾਕੂਲ ਗੱਲਾਂ ਲਿਖੀਆਂ ਸਨ। ਜਦ ਸਿਖਾਂ ਦੇ ਨੋਟਿਸ ਵਿਚ ਇਹ ਗਲ ਆਈ ਤਾਂ ਉਹਨਾਂ ਨੇ ਸਵਾਮੀ ਜੀ ਦਾ ਧਿਆਨ ਇਸ ਗਲਤੀ ਵਲ ਦਿਵਾਉਣ ਦਾ ਯਤਨ ਕੀਤਾ। ਅਜਮੇਰ ਡਵੀਜ਼ਨ ਨੇ ਸਬ ਇਨਜੀਨੀਅਰ ਸ੍ਰ: ਭਗਤ ਸਿੰਘ ਨੇ ਇਕ ਪੱਤਰ ਲਿਖਕੇ ਸਵਾਮੀ ਹੁਰਾਂ ਤੋਂ ਇਤਰਾਜ ਜੋਗ ਹਿਸੇ ਕੱਟ ਦੇਣ ਲਈ ਮੰਗ ਕੀਤੀ ਸਵਾਮੀ ਜੀ ਨੇ ਉਤਰ ਵਿਚ ਲਿਖਿਆ ਕਿ ਇਹ ਗੱਲਾਂ ਉਨ੍ਹਾਂ ਨੇ ਪੰਜਾਬ ਦੇ ਦੌਰੇ ਤੋਂ ਪਹਿਲਾਂ ਗਲਤ ਫਹਿਮੀ ਦੀ ਬਿਨਾਂ ਪਰ ਲਿਖੀਆਂ ਸਨ ਤੇ ਨਵੀਂ ਐਡੀਸ਼ਨ ਵਿਚੋਂ ਉਹ ਕੱਟ ਦੇਣਗੇ। ਇਹ ਉਤਰ ਨਾਲ ਸਿਖਾਂ ਦੀ ਕਿਸੇ ਹੱਦ ਤਕ ਤਸੱਲੀ ਹੋ ਗਈ; ਪ੍ਰੰਤੂ ਅਗਲੀ ਐਡੀਸ਼ਨ ਛਪਣ ਤੋਂ ਪਹਿਲਾਂ ਹੀ ੩੦ ਅਕਤੂਬਰ ੧੮੮੩ ਨੂੰ ਸਵਾਮੀ ਦਯਾ ਨੰਦ ਜੀ ਚਲ ਵਸੇ ਅਤੇ ਹੋਰ ਸਿਰਕਰਦਾ ਆਰੀਆ ਸਮਾਜੀਆਂ ਨੇ ਇਸ ਪਾਸੇ ਵਲ ਧਿਆਨ ਦੇਣ ਤੋਂ ਇਨਕਾਰ ਕਰ ਦਿਤਾ, ਜਿਸ ਕਰਕੇ ਸਿਖਾਂ

1888 A.D.

ਵਿਚ ਗੁਸੇ ਦੀ ਇਕ ਲਹਿਰ ਪੈਦਾ ਹੋ ਗਈ।

ਇਸ ਗੁਸੇ ਦੀ ਅੱਗ ਪਰ ਤੇਲ ਪਾਉਣ ਵਾਲੀ ਇਕ ਹੋਰ ਘਟਨਾਂ ਐਤਵਾਰ ੨੫ ਨਵੰਬਰ ੧੮੮੮ ਨੂੰ ਲਾਹੌਰ ਗੌਰਮਿੰਟ ਕਾਲਜ ਦੇ ਪ੍ਰਫੈਸਰ ਗੁਰੂ ਦਤ ਐਮ. ਏ. ਲਾਲਾ ਮੁਰਲੀ ਧਰ ਅਤੇ ਕੁਝ ਹੋਰ ਆਰੀਆ ਸਮਾਜੀ ਪ੍ਰਚਾਰਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਹੋਰ ਗੁਰੂ ਸਾਹਿਬਾਨ ਦਾ ਮੁਕਾਬਲਾ ਸਵਾਮੀ ਦਯਾ ਨੰਦ ਨਾਲ ਕਰਦੇ ਹੋਏ ਉਹ ਸ਼ਬਦ ਆਖੇ ਕਿ ਜੋ ਉਨ੍ਹਾਂ ਨੂੰ ਆਖਣੇ ਨਹੀਂ ਸ਼ੋਭਦੇ ਸਨ। ਇਹ ਤਕਰੀਰਾਂ ਕੀ ਸਨ; ਸਿਖਾਂ ਦੀ ਨੀਂਦਰ ਖਤਮ ਕਰਨ ਲਈ ਜਬਰਦਸਤ ਹਲੂਣਾਂ ਸਨ। ਨਾ ਕੇਵਲ ਸਿਖਾਂ, ਸਗੋਂ ਸਿਆਣੇ ਹਿੰਦੂਆਂ ਨੇ ਭੀ ਇਨ੍ਹਾਂ ਨੂੰ ਬਹੁਤ ਬੁਰਾ ਮਨਾਇਆ।

ਅਗਲੇ ਐਤਵਾਰ ਅਰਥਾਤ ੨ ਦਸੰਬਰ ੧੮੮੮ ਨੂੰ ਗੁਰਦੁਵਾਰਾ ਬਾਉਲੀ ਸਾਹਿਬ ਵਿਚ ਇਕ ਭਾਰੀ ਪਬਲਕ ਜਲਸਾ ਇਕ ਹਿੰਦੂ ਵੀਰ ਭਾਈ ਨੰਦ ਗੁਪਾਲ ਰਈਸੇ ਆਜ਼ਮ ਲਾਹੌਰ ਦੀ ਪ੍ਰਧਾਨਗੀ ਹੇਠ ਹੋਇਆ, ਇਸ ਜਲਸੇ ਵਿਚ ਪ੍ਰਧਾਨ ਤੋਂ ਬਿਨਾਂ ਗਿਆਨੀ ਦਿਤ ਸਿੰਘ ਜੀ, ਲਾਲਾ ਲਾਡਲੀ ਪ੍ਰਸ਼ਾਦ ਅਤੇ ਭਾਈ ਜਵਾਹਰ ਸਿੰਘ ਕਪੂਰ ਨੇ ਜਬਰਦਸਤ ਤਕਰੀਰਾਂ ਵਿਚ ਆਰੀਆ ਸਮਾਜੀਆਂ ਦੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਵਿਰੁਧ ਕੁਬਚਨਾਂ ਵਿਰੁਧ ਰੋਸ ਪ੍ਰਗਟ ਕੀਤਾ ਅਤੇ ਡਾਕਟਰ ਨਰੈਣ ਸਿੰਘ ਦੇ ਪੇਸ਼ ਕਰਨ ਅਤੇ ਸ: ਵਧਾਵਾ ਸਿੰਘ ਅਤੇ ਭਾਈ ਨਿਕਾ ਸਿੰਘ ਦੀ ਤਾਈਦ ਪਰ ਸਰਬ ਸੰਮਤੀ ਨਾਲ ਰੋਸ ਦਾ ਮਤਾ ਭੀ

ਪਾਸ ਕੀਤਾ ਗਿਆ।

ਇਹ ਦੀਵਾਨ ਖਾਲਸਾ ਦੀਵਾਨ ਲਾਹੌਰ ਦੀ ਛਤਰ ਛਾਇਆ ਹੇਠ ਹੋਇਆ ਸੀ। ਇਥੇ ਇਹ ਗੱਲ ਦੱਸ ਦੇਣੀ ਜ਼ਰੂਰੀ ਮਲੂਮ ਹੁੰਦੀ ਹੈ ਕਿ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਪਿਛੋਂ ਪ੍ਰੋਫੈਸਰ ਗੁਰਮੁਖ ਸਿੰਘ ਦੇ ਯਤਨਾਂ ਨਾਲ ੧੮੭੯ ਈਸਵੀ ਨੂੰ ਲਾਹੌਰ ਵਿਚ ਵੀ ਸਿੰਘ ਸਭਾ ਬਣ ਗਈ। ਇਸ ਤੋਂ ਅਗਲੇ ਸਾਲ ਇਸਨੂੰ ਅੰਮ੍ਰਿਤਸਰ ਸਭਾ ਦੀ ਬ੍ਰਾਂਚ ਬਣਾ ਦਿਤਾ ਗਿਆ। ਜਦ ਕਿ ਕੁਲ ਸਿੰਘ ਸਭਾਵਾਂ ਦੀ ਅਗਵਾਈ ਲਈ ਖਾਲਸਾ ਦੀਵਾਨ ਬਣਾਇਆ ਗਿਆ ਅਤੇ ਲਾਹੌਰ ਸਭਾ ਦੇ ਪ੍ਰਤੀਨਿਧ ਵੀ ਇਸ ਵਿਚ ਲੈ ਲਏ ਗਏ। ੧੮੮੫ ਤਕ ਤਾਂ ਲਾਹੌਰ ਤੇ ਅੰਮ੍ਰਿਤਸਰ ਦੇ ਲੀਡਰ ਮਿਲਕੇ ਕੰਮ ਕਰਦੇ ਰਹੇ; ਪ੍ਰੰਤੂ ਇਸ ਸਾਲ ਇਨ੍ਹਾਂ ਵਿਚ ਮਤਭੇਦ ਹੋ ਗਿਆ। ਇਹ ਮਤ ਭੇਦ ਦਾ ਮੂਲ ਕਾਰਨ ਇਹ ਸੀ ਕਿ ਲਾਹੌਰ ਸਭਾ ਗਿਆਨੀ ਦਿਤ ਸਿੰਘ ਅਤੇ ਪ੍ਰੋ: ਗੁਰਮੁਖ ਸਿੰਘ ਦੀ ਅਗਵਾਈ ਹੇਠ ਸਿਖਾਂ ਵਿਚੋਂ ਛੂਤ-ਛਾਤ ਤੇ ਹੋਰ ਕੁਰੀਤੀਆਂ ਨੂੰ ਦੂਰ ਕਰਨਾਂ ਚਾਹੁੰਦੀ ਸੀ, ਪ੍ਰੰਤੂ ਅੰਮ੍ਰਿਤਸਰ ਦੇ ਸ੍ਰਦਾਰ ਇਸ ਲਈ ਤਿਆਰ ਨਹੀਂ ਸਨ। ਇਹਨਾਂ ਮਤਭੇਦਾਂ ਦਾ ਨਤੀਜਾ ਦੋਹਾਂ ਦੇ ਰਾਹ ਵਖ ਵਖ ਹੋ ਗਏ ਅਤੇ ਲਾਹੌਰ ਵਾਲਿਆਂ ਅੰਮ੍ਰਿਤਸਰ ਦੇ ਖਾਲਸਾ ਦੀਵਾਨ ਤੋਂ ਸੁਤੰਤਰ ਖਾਲਸਾ ਦੀਵਾਨ ਲਾਹੌਰ ਦੀ ਸਥਾਪਣਾਂ ਕਰ ਲਈ ਜਿਸ ਦੇ ਸਰਪ੍ਰਸਤ ਗਵਰਨਰ ਪੰਜਾਬ ਅਤੇ ਹਿੰਦੀ ਫੌਜਾਂ ਦੇ ਕਮਾਂਡਰ ਇਨਚੀਫ ਬਣਾਏ ਗਏ।

ਲਾਹੌਰ ਵਿਚ ਆਰੀਆ ਸਮਾਜੀਆਂ ਦੇ ਉਕੜ

ਗੁਰ-ਵਿਰੋਧੀ ਪ੍ਰਚਾਰ ਨਾਲ ਸਿਖਾਂ ਦਾ ਰਾਹ ਆਰੀਅ ਸਮਾਜ ਨਾਲੋਂ ਵਖ ਹੋ ਗਿਆ ਅਤੇ ਸਿੰਘ ਸਭਾ ਲਹਿਰ ਆਪਣੇ ਪੂਰੇ ਜੋਬਨ ਵਿਚ ਆ ਗਈ।

ਸਾਰੇ ਪੰਜਾਬ ਵਿਚ ਸਿੰਘ ਸਭਾਵਾਂ ਕਾਇਮ ਹੋਣ ਲਗ ਪਈਆਂ। ਅਤੇ ਥਾਂ ਥਾਂ ਆਰੀਆ ਸਮਾਜੀਆਂ ਦੀਆਂ ਗੁਰੂਆਂ ਵਿਰੁਧ ਕਾਰਵਾਈਆਂ ਦੇ ਬਰਖਿਲਾਫ ਗੁਰਮਤੇ ਸੋਧੇ ਜਾਣ ਲਗ ਪਏ। ਸਿੰਘਾਂ ਵਿਚ ਆਪਣੇ ਧਰਮ ਲਈ ਉਤਸ਼ਾਹ ਬਹੁਤ ਵਧ ਗਿਆ ਤੇ ਉਨ੍ਹਾਂ ਵਿਚ, ਵਿਰੋਧੀਆਂ ਦੀਆਂ ਸਿਖ ਧਰਮ ਵਿਰੋਧੀ ਦਲੀਲਾਂ ਦੇ ਖੰਡਨ ਕਰਨ ਦੀ ਸ਼ਕਤੀ ਵਿਚ ਵਾਧਾ ਹੋਇਆ। ਥਾਂ ਥਾਂ ਬਹਿਸਾਂ ਮੁਬਾਹਿਸੇ ਸ਼ੁਰੂ ਹੋ ਗਏ।

## ੬. ਬਹਿਸ-ਸ਼ਕਤੀ

ਗਿਆਨੀ ਦਿਤ ਸਿੰਘ ਜੀ ਦੇ ਖਿਆਲ ਓਰੀਐਂਟਲ ਕਾਲਜ ਵਿਚ ਪ੍ਰੋਫੈਸਰ ਬਨਣ ਸਮੇਂ ਤਕ ਸਿਖੀ ਵਲ ਖਿਚੇ ਗਏ ਸਨ। ਇਹ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਦਾ ਅਸਰ ਸੀ, ਪ੍ਰੰਤੂ ਫੇਰ ਭੀ ਉਹ ਕੁਝ ਚਿਰ ਭਾਈ ਜਵਾਹਰ ਸਿੰਘ ਜੀ ਨਾਲ ਮਿਲ ਕੇ ਆਰੀਆ ਸਮਾਜ ਦੇ ਕੰਮ ਵਿਚ ਇਸ ਲਈ ਦਿਲਚਸਪੀ ਲੈਂਦੇ ਰਹੇ ਕਿ ਉਹ ਇਸ ਨੂੰ ਇਕ ਸੁਧਾਰਕ ਲਹਿਰ ਸਮਝਦੇ ਸਨ, ਨਹੀਂ ਤਾਂ ਜਿਥੋਂ ਤਕ ਆਰੀਆ ਸਮਾਜ ਦੀ ਰੂਹਾਨੀ ਫਿਲਾਸਫੀ ਅਤੇ ਅਕੀਦੇ ਦਾ ਸੰਬੰਧ ਹੈ, ਉਹ ਇਸ ਨੂੰ ਨਾ ਕੇਵਲ ਥੋਥਾ ਹੀ ਸਮਝਦੇ ਸਨ, ਸਗੋਂ ੧੮੭੭ ਈਸਵੀ ਵਿਚ ਸਵਾਮੀ ਦਯਾਨੰਦ ਨਾਲ ਉਨ੍ਹਾਂ ਦੀ ਜਿਹੜੀ ਬਹਿਸ ਹੋਈ, ਇਸ ਵਿਚ ਉਹ ਸਵਾਮੀ ਜੀ ਨੂੰ ਝੁਠਲਾ ਭੀ ਚੁਕੇ ਸਨ।

ਗਿਆਨੀ ਦਿਤ ਸਿੰਘ ਜੀ ਦੀ ਬਹਿਸ ਸ਼ਕਤੀ ਬਲਵਾਨ ਸੀ। ਉਹਨਾਂ ਦੇ ਸਾਹਮਣੇ ਕੋਈ ਵਡੀ ਤੋਂ ਵਡੀ ਹਸਤੀ ਭੀ ਖੜੀ ਨਹੀਂ ਸੀ ਰਹਿ ਸਕਦੀ।

ਸਵਾਮੀ ਦਯਾ ਨੰਦ ਜੀ ਉਸ ਸਮੇਂ ਦੇ ਬਹੁਤ ਵਡੇ ਪੰਡਤ ਸਮਝੇ ਜਾਂਦੇ ਸਨ ਅਤੇ ਉਹਨਾਂ ਨਾਲ ਗਿਆਨੀ ਦਿਤ ਸਿੰਘ ਜੀ ਦੀਆਂ ਤਿੰਨਾਂ ਮਜਮੂਨਾਂ ਤੇ ਬਹਿਸਾਂ ਹੋਈਆਂ।

(੬) ਈਸ਼ਵਰ ਤੇ ਸੰਸਾਰ ਦਾ ਕੀ ਸਬੰਧ ਹੈ। (੨) ਵੇਦ ਰੱਬੀ ਇਲਹਾਮ ਨਹੀਂ, ਸਗੋਂ ਮਨੁਖ ਦੇ ਹੀ ਉਚਾਰੇ ਅਤੇ ਲਿਖੇ ਹੋਏ ਹਨ ਅਤੇ (੩) ਮੁਕਤੀ ਕੀ ਹੈ?

ਇਹ ਤਿੰਨੇ ਮੁਬਾਹਿਸੇ ਲਾਹੌਰ ਵਿਚ ਹੋਏ ਅਤੇ ਇਹਨਾਂ ਤਿੰਨਾਂ ਵਿਚ ਹੀ ਸਵਾਮੀ ਦਯਾ ਨੰਦ ਜਿਹੇ ਪੰਡਤ ਨੂੰ ਨਿਰੁਤਰ ਹੋ ਕੇ ਮੈਦਾਨ ਛਡਣਾ ਪਿਆ ਇਹਨਾਂ ਬਹਿਸਾਂ ਦਾ ਪੂਰਾ ਗਿਆਨ ਪ੍ਰਾਪਤ ਕਰਨ ਲਈ ਗਿਆਨੀ ਦਿਤ ਸਿੰਘ ਜੀ ਲਿਖਤ 'ਮੇਰਾ ਔਰ ਸਾਧੂ ਦਯਾ ਨੰਦ ਕਾ ਸੰਬਾਦ' ਪੜ੍ਹੋ)।

ਗਿਆਨੀ ਦਿਤ ਸਿੰਘ ਨਾਲ ਬਹਿਸ ਮੁਬਾਹਿਸੇ ਵਿਚ ਕੋਈ ਭੀ ਜਿਤ ਨਹੀਂ ਸਕਿਆ। ਉਨ੍ਹਾਂ ਦੇ ਪਿਤਾ ਸੰਤ ਦੀਵਾਨ ਸਿੰਘ ਜੀ ਭੀ ਵਡੇ ਵੈਦਾਂਤੀ ਪੰਡਤ ਸਨ ਅਤੇ ਗੁਲਾਬ ਦਾਸੀ ਹੋਣ ਕਰਕੇ ਬਹਿਸ ਮੁਬਾਹਸਿਆਂ ਵਿਚ ਬੜੇ ਤਾਕ ਸਨ, ਪਰੰਤੂ ਵਡਾਲੀ (ਜ਼ਿਲਾ ਅੰਬਾਲਾ) ਵਿਚ ਆਪਣੇ ਸਪੁਤਰ ਨਾਲ ਬਹਿਸ ਕਰਕੇ ਉਹਨਾਂ ਨੂੰ ਭੀ ਗੁਰਮਤ-ਫਿਲਾਸਫੀ ਅਗੇ ਸਿਰ ਨਿਵਾਉਣਾ ਪਿਆ ਸੀ।

ਗਿਆਨੀ ਦਿਤ ਸਿੰਘ ਜੀ ਦੀ ਤਹਰੀਰ ਤੇ ਤਕਰੀਰ ਦੋਵੇਂ ਹੀ ਜਬਰਦਸਤ ਸਨ ਅਤੇ ਕੋਈ ਉਹਨਾਂ ਨਾਲ ਟੱਕਰ ਲੈਣ ਲਈ ਤਿਆਰ ਨਹੀਂ ਸੀ ਹੁੰਦਾ। ਜਦ ਪ੍ਰੋਫੈਸਰ ਗੁਰਮੁਖ ਜੀ ਨੇ ਲਾਹੌਰ ਖਾਲਸਾ ਦੀਵਾਨ ਬਣਾਕੇ ਸੋਢੀਆਂ ਤੇ ਬੇਦੀਆਂ ਦੇ ਗੁਰੂਆਂ ਵਿਰੁਧ ਜਹਾਦ ਖੜਾ ਕੀਤਾ ਅਤੇ ਅਮ੍ਰਿਤਸਰ ਦੀਵਾਨ ਨੇ ਉਹਨਾਂ ਨੂੰ ਪੰਥ ਤੋਂ ਛੇਕਿਆ ਤਾਂ ਗਿਆਨੀ ਜੀ ਨੇ 'ਸੁਪਨ ਨਾਟਕ' ਛਾਪ ਕੇ ਅੰਮ੍ਰਿਤਸਰੀ ਦੀਵਾਨ ਦੇ ਮੋਢੀਆਂ ਦੇ ਦੰਦ ਖੱਟੇ ਕਰ ਦਿਤੇ ਸਨ। ਕੋਈ

ਉਤਰ ਨਾ ਅਹੁੜਦਾ ਵੇਖਕੇ ਉਹਨਾਂ ਲੋਕਾਂ ਨੇ ਅਦਾਲਤ ਦੀ ਸ਼ਰਨ ਲਈ। ਗਿਆਨੀ ਜੀ ਵਿਰੁਧ ਡੇਢ ਸਾਲ ਮੁਕੱਦਮਾ ਚਲਿਆ ਅਤੇ ਹੇਠਲੀ ਅਦਾਲਤ ਵਿਚੋਂ ਉਨ੍ਹਾਂ ਨੂੰ ੫੧ ਰੁਪਏ ਜਰਮਾਨਾਂ ਹੋ ਗਿਆ। ਇਹ ਫੈਸਲਾ ਸ਼ਰਾਰਤੀ ਸੀ, ਇਸ ਲਈ ਗਿਆਨੀ ਜੀ ਨੇ ਇਸਨੂੰ ਸ਼ੈਸ਼ਨ ਕੋਰਟ ਵਿਚ ਚੈਲਿੰਜ ਕੀਤਾ ਅਤੇ ਆਪਣੇ ਹੱਕ ਵਿਚ ਅਜੇਹੀਆਂ ਜ਼ੋਰਦਾਰ ਦਲੀਲਾਂ ਦਿਤੀਆਂ ਕਿ ਉਹਨਾਂ ਦਾ ਉਤਰ ਵਿਰੋਧੀ ਪੱਖ ਦਾ ਕੋਈ ਵੀ ਵਕੀਲ ਨਾ ਦੇ ਸਕਿਆ। ਜਿਸ ਕਰਕੇ ਆਪ ਬਾਇਜ਼ਤ ਬਰੀ ਹੋ ਗਏ, ਜਿਸ ਤੋਂ ਪਤਾ ਲਗਦਾ ਹੈ ਕਿ ਆਪ ਬਹੁਤ ਵਡੇ ਦਲੀਲਬਾਜ਼ ਅਤੇ ਹਾਜ਼ਰ ਜਵਾਬ ਸਨ ਅੰਤੇ ਵਡੇ ੨ ਸਿਆਣੇ ਉਹਨਾਂ ਦੀ ਤਹਰੀਰ ਅਤੇ ਤਕਰੀਰ ਅਗੇ ਸਿਰ ਨਿਵਾਉਣ ਲਈ ਮਜਬੂਰ ਹੁੰਦੇ ਸਨ।

# ੭. ਖਾਲਸਾ ਅਖਬਾਰ ਤੇ ਪ੍ਰੈਸ

ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿਖੀ ਪ੍ਰਚਾਰ ਲਈ 'ਗੁਰਮੁਖੀ' ਅਖਬਾਰ ੧੮੮੦ ਵਿਚ ਸ਼ੁਰੂ ਕੀਤਾ ਅਤੇ ਉਸ ਦੇ ਪਿਛੋਂ ਗੁਰਮਤ ਵਿਚ ਪੈ ਰਹੀਆਂ ਕੁਰੀਤੀਆਂ ਦੇ ਸੁਧਾਰ ਲਈ ਇਕ ਮਾਹਵਾਰੀ ਰਿਸਾਲਾ ਭੀ ਜਾਰੀ ਕਰ ਕੀਤਾ। ਜਦ ਗਿਆਨੀ ਦਿਤ ਸਿੰਘ ਜੀ ਉਨ੍ਹਾਂ ਨਾਲ ਮਿਲ ਗਏ ਤਾਂ ਗੁਰਮੁਖੀ ਅਖਬਾਰ ਦੀ ਥਾਂ, ਜੋ ਬੰਦ ਹੋ ਚੁਕਿਆ ਸੀ, ੧੮੮੬ ਵਿਚ ਖਾਲਸਾ ਅਖਬਾਰ ਸ਼ੁਰੂ ਕਰ ਦਿਤਾ। ਇਹ ਸਾਰਾ ਉਦਮ ਕੰਵਰ ਬਿਕਰਮ ਸਿੰਘ ਜੀ ਕਪੂਰਥਲਾ ਦੀ ਉਦਾਰਤਾ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਉਦਮ ਨਾਲ ਹੋਇਆ। ਖਾਲਸਾ ਅਖਬਾਰ ਦਾ ਆਪਣਾ ਛਾਪਾਖਾਨਾ 'ਖਾਲਸਾ ਪ੍ਰੈਸ' ਦੇ ਨਾਮ ਨਾਲ ਲਾਇਆ ਗਿਆ। ਇਹ ਅਖਬਾਰ ਅਤੇ ਪ੍ਰੈਸ ਖਾਲਸਾ ਦੀਵਾਨ ਲਾਹੌਰ ਦੀ ਮਲਕੀਅਤ ਸਨ। ਅਖਬਾਰ ਦੇ ਐਡੀਟਰ ਪਹਿਲਾਂ ਭਾਈ ਝੰਡਾ ਸਿੰਘ ਜੀ ਸਨ, ਪ੍ਰੰਤੂ ਫੇਰ ਉਸਦੀ ਵਾਂਗ ਡੋਰ ਗਿਆਨੀ ਦਿਤ ਸਿੰਘ ਜੀ ਨੇ ਆਪਣੇ ਹੱਥ ਵਿਚ ਲੈ ਲਈ; ਆਪਨੀ ਜੋਰਦਾਰ ਲੇਖਣੀ ਨਾਲ ਸਿਖਾਂ ਨੂੰ ਜਬਰਦਸਤ ਹਲੂਣਾਂ ਦਿਤਾ ਅਤੇ ਵਿਰੋਧੀਆਂ ਨੂੰ ਮੂੰਹ ਤੋੜਵਾਂ ਉਤਰ ਦੇਣ ਲਗੇ।

ਪ੍ਰੋਫੈਸਰ ਗੁਰਮੁਖ ਸਿੰਘ ਜੀ ਅਤੇ ਗਿਆਨੀ ਦਿਤ

ਸਿੰਘ ਜੀ ਦੋ ਸਰੀਰ ਇਕ ਜਾਨ ਸਮਝੇ ਜਾਂਦੇ ਸਨ ਅਤੇ ਕੰਵਰ ਬਿਕਰਮ ਸਿੰਘ ਜੀ ਉਹਨਾਂ ਦੀ ਮਾਇਕ ਤੌਰ ਪਰ ਸਰਪ੍ਰਸਤੀ ਕਰਦੇ ਸਨ। ਜਦ ਸੋਢੀਆਂ ਤੇ ਬੇਦੀਆਂ ਦੇ ਗੁਰੂ ਡੰਮ ਨੂੰ ਦੂਰ ਕਰਨ ਲਈ ਪ੍ਰੋਫੈਸਰ ਗੁਰਮੁਖ ਸਿੰਘ ਨੇ ਜ਼ੋਰਦਾਰ ਅਵਾਜ਼ ਉਠਾਈ ਤਾਂ ਵਿਰੋਧੀ ਬੜੇ ਘਾਬਰੇ ਅਤੇ ਉਹਨਾਂ ਨੇ ਗਿਆਨੀ ਦਿਤ ਸਿੰਘ, ਪ੍ਰੋ: ਗੁਰਮੁਖ ਸਿਘ ਅਤੇ ਲਾਹੌਰ ਦੀਵਾਨ ਦੇ ਦੂਸਰੇ ਸਿਰਕੱਢ ਸੱਜਣਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ। ਪ੍ਰੋਫੈਸਰ ਗੁਰਮੁਖ ਸਿੰਘ ਇਨ੍ਹੀ ਦਿਨੀ 'ਸੁਧਾਰਕ' ਰਿਸਾਲਾ ਛਾਪਦੇ ਸਨ, ੧੮੮੬ ਈਸਵੀ ਦੇ ਅਗਸਤ (ਸਾਵਨ) ਮਹੀਨੇ ਦੇ ਪਰਚੇ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਦੇ ਦੀਵਾਨਾਂ ਵਿਚ ਗੁਰੂਆਂ ਵਾਂਗ ਤਕੀਆਂ ਲਾਕੇ ਬਹਿਣ ਅਤੇ ਹੋਰ ਮਨਮਤੀਆਂ ਵਿਰੁਧ ਜੋਰਦਾਰ ਅਵਾਜ ਉਠਾਈ। ਬਾਬਾ ਖੇਮ ਸਿੰਘ ਜੀ ਉਸ ਸਮੇਂ ਖਾਲਸਾ ਦੀਵਾਨ ਅਮ੍ਰਿਤਸਰ ਦੇ ਪ੍ਰਧਾਨ ਸਨ, ਰਾਜਾ ਸਾਹਿਬ ਫਰੀਦਕੋਟ ਅਤੇ ਹੋਰ ਵਡੇ ਵਡੇ ਸਰਦਾਰ ਉਹਨਾਂ ਦੀ ਪਿਠ ਪਰ ਸਨ ਅਤੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਦੇ ਪੁਜਾਰੀ ਤੇ ਪ੍ਰਬੰਧਕ ਉਨ੍ਹਾ ਦੇ ਹੱਥ ਹੇਠਾਂ ਸਨ। ਇਸ ਲਈ ਉਹਨਾਂ ਪਰ ਜੋਰ ਦੇਕੇ ਉਹਨਾਂ ਨੇ ੭ ਚੇਤ੍ਰ ਸੰਮਤ ੪੧੮ ਨਾਨਕਸ਼ਾਹੀ ਮੁਤਾਬਕ ੧੭ ਮਾਰਚ ੧੮੮੭ ਈਸਵੀ ਨੂੰ ਸ੍ਰੀ ਅਕਾਲ ਤਖਤ, ਸ੍ਰੀ ਦਰਬਾਰ ਸਾਹਿਬ ਗੁਰਦੁਵਾਰਾ ਬਾਬਾ ਅੱਟਲ ਝੰਡਾ ਬੁੰਗਾ ਤੇ ਸ਼ਹੀਦ ਬੁੰਗਾਂ ਦੇ ਪੁਜਾਰੀਆਂ ਤੇ ਗ੍ਰੰਥੀਆਂ ਦੇ ਦਸਖਤਾਂ ਹੇਠ ਇਕ ਐਲਾਨ ਕਰਕੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੂੰ ਸਿਖੀ ਤੋਂ ਖਾਰਜ ਕਰ ਦਿਤਾ।

ਐਲਾਨ ਵਿਚ ਲਿਖਿਆ ਸੀ ਕਿ 'ਗੁਰਮੁਖ ਸਿੰਘ ਪੰਥ ਤੋਂ ਅਲੈਦਾ ਕੀਤਾ ਗਿਆ ਹੈ, ਕਿਸੇ ਗੁਰਦੁਵਾਰੇ ਉਸਦੀ ਅਰਦਾਸ ਨਹੀਂ ਹੋਵੇਗੀ ਅਤੇ ਜਿਹੜਾ ਉਸ ਨਾਲ ਵਰਤੇਗਾ, ਉਸਨੂੰ ਭੀ ਤਨਖਾਹੀਆ ਸਮਝਿਆ ਜਾਵੇਗਾ ਅਤੇ ਉਸੇ ਤਰਾਂ ਦਾ ਸਲੂਕ ਉਸ ਨਾਲ ਭੀ ਕੀਤਾ ਜਾਵੇਗਾ।

ਪ੍ਰੋ: ਗੁਰਮੁਖ ਸਿੰਘ ਜੀ ਵਿਰੁਧ ਇਹ ਕਾਰਵਾਈ ਉਨ੍ਹਾਂ ਦੇ ਸਰਪ੍ਰਸਤ ਕੰਵਰ ਬਿਕਰਮ ਸਿੰਘ ਆਫ ਕਪੂਰਥਲਾ ਦੀ ਮੌਤ ਤੋਂ ਝੱਟ ਪਟ ਪਿਛੋਂ ਕੀਤੀ ਗਈ। ਕੰਵਰ ਸਾਹਿਬ ਦਾ ਸਿਖ ਪੰਥ ਵਿਚ ਇਤਨਾਂ ਅਸਰ ਰਸੂਖ ਸੀ ਕਿ ਸੋਢੀ ਬੇਦੀ ਤੇ ਉਹਨਾਂ ਦੇ ਵਡੇਰ ਹਮਾਇਤੀ ਉਹਨਾਂ ਤੋਂ ਦਬਦੇ ਸਨ ਤੇ ਉਹਨਾਂ ਦੇ ਜੀਵਨ ਵਿਚ ਪ੍ਰੋ: ਗੁਰਮੁਖ ਸਿੰਘ ਵਿਰੁਧ ਕੋਈ ਸਖਤ ਕਦਮ ਚੁਕਣ ਦਾ ਹੌਸਲਾ ਨਹੀਂ ਸਨ ਕਰ ਸਕਦੇ।

ਪੁਜਾਰੀਆਂ ਤੇ ਗ੍ਰੰਥੀਆਂ ਵਲੋਂ ਪ੍ਰੋਫੈਸਰ ਗੁਰਮੁਖ ਸਿੰਘ ਜੀਨੂੰ ਤਨਖਾਹੀਆ ਕਰਾਰ ਦਿਵਾਉਣ ਦੇ ਪਿਛੋਂ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਇਕ ਜਲਸਾ ਬੁਰਜ ਗਿਆਨੀਆਂ ਵਿਚ ਹੋਇਆ ਅਤੇ ਉਸ ਵਿਚ ਭੀ ਚਾਲੀ ਇਜ਼ਲਾਮ ਲਾਕੇ ਪ੍ਰੋ: ਗੁਰਮੁਖ ਸਿੰਘ ਨੂੰ ਪੰਥ ਤੋਂ ਖਾਰਜ ਕੀਤਾ ਗਿਆ ਇਸ ਜਲਸੇ ਵਿਚ ਲਾਹੌਰ ਦੀਵਾਨ ਦੇ ਜਿਹੜੇ ਹਾਮੀ ਸ਼ਾਮਲ ਹੋਏ ਉਨ੍ਹਾਂ ਦੀ ਇਕ ਨਾ ਸੁਣੀ ਗਈ ਅਤੇ ਰੌਲੇ ਗੌਲੇ ਵਿਚ ਮਤਾ ਪਾਸ ਕਰਨ ਦਾ ਐਲਾਨ ਕਰ ਦਿਤਾ ਗਿਆ।

ਗਿਆਨੀ ਦਿਤ ਸਿੰਘ ਜੀ ਨੇ ਇਸ ਪਰ ੧੬ ਅਪ੍ਰੈਲ ੧੮੮੭ ਈਸਵੀ ਨੂੰ ਆਪਣੇ ਖਾਲਸਾ ਅਖਬਾਰ ਲਾਹੌਰ ਦਾ

ਜਮੀਮਾਂ ਛਾਪਿਆ। ਇਸ ਜਮੀਮੇ ਵਿਚ 'ਸ੍ਵਪਨ ਨਾਟਕ' ਦਾ ਇਕ ਹਿਸਾ ਛਾਪਿਆ ਗਿਆ। ਜਿਸ ਵਿਚ ਹੰਕਾਰ ਤੇ ਪਾਖੰਡ ਦੀ ਸੱਚ ਤੇ ਸੁਹਿਰਦ ਨਾਲ ਕਲਪਤ ਲੜਾਈ ਦਾ ਵਰਨਣ ਸੀ। ਇਸ ਨੂੰ ਖੜਕੇ ਰਾਜਾ ਸਾਹਿਬ ਫਰੀਦਕੋਟ ਅਤੇ ਬਾਬਾ ਖੇਮ ਸਿੰਘ ਜੀ ਬੇਦੀ ਬੜੇ ਦੁਖੀ ਹੋਏ। ਉਨ੍ਹਾਂ ਸਮਝਿਆ ਕਿ ਇਹ ਚੋਟਾਂ ਉਨ੍ਹਾਂ ਪਰ ਹੀ ਕੀਤੀਆਂ ਗਈਆਂ ਹਨ ਅਤੇ ਉਹਨਾਂ ਨੇ ਹਤਕ-ਇਜ਼ਤ ਦਾ ਦਾਹਵਾ ਕਰਨ ਲਈ ਭਾਈ ਜੀ ਨੂੰ ਨੋਟਿਸ ਦੇ ਦਿਤਾ। ਭਾਈ ਜੀ ਨੇ ਇਸ ਦੇ ਉਤਰ ਵਿਚ ਲਿਖਿਆ ਕਿ ਉਹਨਾਂ ਨੇ ਇਸ ਲੇਖ ਵਿਚ ਕਿਸੇ ਪਰ ਚੋਟ ਨਹੀਂ ਕੀਤੀ। ਜਿਸ ਤਰ੍ਹਾਂ ਪ੍ਰਬੋਧ ਚੰਦ੍ਰ ਨਾਟਕ ਵਿਚ ਬਿਬੇਕ ਤੇ ਸੱਚ ਦੀ ਕਲਪਤ ਲੜਾਈ ਵਿਖਾਈ ਗਈ ਹੈ, ਉਸੇ ਤਰ੍ਹਾਂ ਇਸ ਵਿਚ ਹੰਕਾਰ ਦੰਬ ਦੀ ਸਤਿ ਤੇ ਸੁਹਿਰਦ ਨਾਲ ਕਲਪਤ ਲੜਾਈ ਹੈ।

ਭਾਈ ਜੀ ਦੇ ਇਸ ਉਤਰ ਨਾਲ ਰਾਜਾ ਸਾਹਿਬ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਤਸੱਲੀ ਤੇ ਦਿਲਸਫੀ ਨਾ ਹੋਈ ਅਤੇ ਉਨ੍ਹਾਂ ਨੇ ਰਿਆਸਤ ਫਰੀਦ ਕੋਟ ਦੇ ਇਕ ਮੁਲਾਜ਼ਮ ਬਾਵਾ ਉਦਯ ਸਿੰਘ ਪਾਸੋਂ ਗਿਆਨੀ ਦਿਤ ਸਿੰਘ ਜੀ ਵਿਰੁਧ ਦਾਹਵਾ ਕਰਵਾ ਦਿਤਾ, ਜਿਸਦਾ ਖਰਚ ਉਹ ਆਪ ਦਿੰਦੇ ਸਨ। ਮੁਕੱਦਮਾਂ ਡੇਢ ਸਾਲ ਚਲਦਾ ਰਿਹਾ ਅਤੇ ਆਖਰ ਹੇਠਲੀ ਅਦਾਲਤ ਨੇ ਗਿਆਨੀ ਜੀ ਨੂੰ ੫੧) ਜਰਮਾਨਾਂ ਕਰ ਦਿਤਾ, ਜੋ ਸ਼ਿਸ਼ਨ ਕੋਰਟ ਵਿਚ ਅਪੀਲ ਨਾਲ ਜਾਂਦਾ ਰਿਹਾ ਤੇ ਗਿਆਨੀ ਜੀ ਨੇ ਮੁਕੱਦਮਾਂ ਜਿਤ ਲਿਆ।

ਇਸ ਮੁਕੱਦਮੇ ਵਿਚ ਗਿਆਨੀ ਦਿਤ ਸਿੰਘ ਤੇ ਲਾਹੌਰ ਦਰਬਾਰ ਦੀ ਆਰਥਕ ਹਾਲਤ ਨੂੰ ਬੜੀ ਸੱਟ ਵੱਜੀ। ਭਾਂਵੇ ਸਰਦਾਰ ਅਤਰ ਸਿੰਘ ਜੀ ਭਦੌੜ ਵਾਲਿਆਂ ਨੇ ਉਨ੍ਹਾਂ ਦੀ ਕੁਝ ਮਾਲੀ ਸਹਾਇਤਾ ਕੀਤੀ ਭੀ, ਪ੍ਰੰਤੂ ਫੇਰ ਵੀ ਇਸ ਝਗੜੇ ਦਾ ਨਤੀਜਾ ੧੮੮੭ ਵਿਚ ਖਾਲਸਾ ਅਖਬਾਰ ਤੇ ਪ੍ਰੈਸ ਬੰਦ ਕਰਨਾਂ ਪਿਆ, ਪ੍ਰੰਤੂ ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਦੋਵੇਂ ਹੀ ਦਿਲ ਛਡਣ ਵਾਲੇ ਨਹੀਂ ਸਨ। ਉਹਨਾਂ ਨੇ ਅਖਬਾਰ ਤੇ ਪ੍ਰੈਸ ਮੁੜ ਜਾਰੀ ਕਰਨ ਲਈ ਯਤਨ ਜਾਰੀ ਰਖੇ ਅਤੇ ਭਾਈ ਕਾਨ੍ਹ ਸਿੰਘ ਜੀ ਦੀ ਸਹਾਇਤਾ ਨਾਲ ਨਾਭਾ ਨਰੇਸ਼ ਤੋਂ ਕੁਝ ਮਾਇਕ ਮਦਦ ਲੈਕੇ ੧ ਮਈ ੧੮੯੩ ਤੋਂ ਖਾਲਸਾ ਅਖਬਾਰ ਅਤੇ ੧੮੯੫ ਤੋਂ ਖਾਲਸਾ ਪ੍ਰੈਸ ਮੁੜ ਚਾਲੂ ਕਰ ਦਿਤਾ, ਇਸ ਦੇ ਪਿਛੋਂ ਇਹ ਅਖਬਾਰ ਅਤੇ ਪ੍ਰੈਸ ਉਨ੍ਹਾਂ ਦੀ ਮੌਤ ਤੋਂ ਤਿੰਨ ਸਾਲ ਪਿਛੋਂ ਤਕ ਚਲਦੇ ਰਹੇ।

ਖਾਲਸਾ ਅਖਬਾਰ ਦੁਵਾਰਾ ਗਿਆਨੀ ਦਿਤ ਸਿੰਘ ਜੀ ਨੇ ਹੇਠ ਲਿਖੇ ਸੁਧਾਰ ਕਰਨ ਵਿਚ ਸਫਲਤਾ *ਪ੍ਰਾਪਤ ਕੀਤੀ:—

(੧) ਖਾਲਸਾ ਕੌਮ ਦੇ ਪੋਪਾਂ ਨੂੰ ਡਰ ਅਤੇ ਦਸਮ ਗੁਰੂ ਜੀ ਦੇ ਸਿੰਘਾਂ ਨੂੰ ਹੁਲਾਸ ਅਤੇ ਦ੍ਰਿੜਤਾ ਦਿਵਾਈ। ਗੁਰੂ ਦੇ ਸਿੰਘ ਖੁਦ ਗਰਜਾਂ ਵਿਚੋਂ ਨਿਤਾਰੇ।

---

*ਮੁਕੰਮਲ ਇਤਿਹਾਸ ਸਿੰਘ ਸਭਾ ਲਿਖਤ ਡਾ ਜਗਜੀਤ ਸਿੰਘ ਪੰ: ੩੮

(੨) ਜਨਮ ਸੰਸਕਾਰ ਗੁਰਮਤ ਅਨੁਸਾਰ ਸ਼ੁਰੂ ਕਰਵਾਉਣ ਵਿਚ ਸਫਲਤਾ ਪ੍ਰਾਪਤ ਕੀਤੀ।

(੩) ਵਿਵਾਹ ਗੁਰਮਤ ਅਨੁਸਾਰ ਹੋਣ ਲਗੇ।

(੪) ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਰਧਾ ਤੇ ਪ੍ਰੀਤੀ ਵਧਾਈ।

(੫) ਸ੍ਰੀ ਦਰਬਾਰ ਸਾਹਿਬ ਦਰਸ਼ਨੀ ਡੇਉੜੀ ਵਿਚੋਂ ਮੂਰਤੀਆ ਲਗਣੀਆਂ ਹਟਾਕੇ ਮੂਰਤੀ ਪੂਜਾ ਤੇ ਬੁਤ-ਪੂਜਾ ਦਾ ਖਾਤਮਾਂ ਕਰਵਾਇਆ।

(੬) ਦੀਵਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਗੁਰੂਆਂ, ਵਾਂਗ ਗਦੇਲੇ ਲਗਣੇ ਬੰਦ ਕਰਾਕੇ ਗੁਰੂ ਡੰਮ ਤੇ ਪਖੰਡ ਦਾ ਖਾਤਮਾਂ ਕੀਤਾ।

# ੯. ਖਾਲਸਾ ਕਾਲਜ

ਆਰੀਆ ਸਮਾਜ ਦੀ ਲਹਿਰ ਚਲੀ ਤਾਂ ਪੰਜਾਬ ਦੇ ਸਿਆਣੇ ਸਿਆਣੇ ਸਿਖ ਇਸ ਆਸ ਨਾਲ ਉਸਦੇ ਨਾਲ ਹੋ ਗਏ, ਜੋ ਇਹ ਸਿਖ ਗੁਰੂ ਸਾਹਿਬਾਨ ਦੇ ਪੂਰਨਿਆਂ ਪਰ ਚਲੇਗੀ। ਮਹਾਰਾਜਾ ਹੀਰਾ ਸਿੰਘ ਜੀ ਨਾਭਾ, ਸ੍ਰ: ਬਿਕਰਮ ਸਿੰਘ ਜੀ ਆਹਲੂਵਾਲੀਆ ਅਤੇ ਭਾਈ ਜਵਾਹਰ ਸਿੰਘ ਕਪੂਰ ਜਿਹੇ ਸਿਰਕਰਦਾ ਸਿਖਾਂ ਨੇ ਸਵਾਮੀ ਦਯਾ ਨੰਦ ਜੀ ਨੂੰ ਜੀਅ ਆਇਆਂ ਆਖਿਆ ਅਤੇ ਉਹਨਾਂ ਦੀ ਇਛਿਆ ਅਨੁਸਾਰ ਕੰਮ ਕਰਨਾਂ ਪ੍ਰਵਾਨ ਕਰ ਲਿਆ। ਭਾਈ ਜਵਾਹਰ ਸਿੰਘ ਤਾਂ ਆਰੀਆ ਸਮਾਜ ਅਤੇ ਡੀ. ਏ. ਵੀ ਕਾਲਜ ਕੌਂਸਲ ਲਾਹੌਰ ਦੇ ਸਕੱਤ੍ਰ ਭੀ ਬਣ ਗਏ ਅਤੇ ਪੰਜਾਬ ਵਿਚ ਆਰੀਆ ਸਮਾਜ ਅਤੇ ਉਸ ਦੇ ਵਿਦਿਅਕ ਆਸ਼ਰਮਾਂ ਨੂੰ ਤਕੜਿਆਂ ਕਰਨ ਲਈ ਬਹੁਤ ਭਾਰੀ ਰਕਮ ਉਗਰਾਹਕੇ ਦਿਤੀ।

ਆਰੀਆ ਸਮਾਜ ਪ੍ਰਤੀ ਸਿਖਾਂ ਦੀ ਆਸ਼ਾ ਛੇਤੀ ਹੀ ਨਿਰਾਸਾ ਵਿਚ ਬਦਲ ਗਈ। ਉਨ੍ਹਾਂ ਨੂੰ ਸਤਿਆਰਥ ਪ੍ਰਕਾਸ਼ ਵਿਚ ਸਿਖ ਗੁਰੂ ਸਾਹਿਬਾਨ ਵਿਰੁਧ ਇਤਰਾਜ ਜੋਗ ਕਲਮੇਂ ਵੇਖਕੇ ਦੁਖ ਹੋਇਆ ਅਤੇ ਉਹ ਸੋਚਾਂ ਵਿਚ ਪੈ ਗਏ ਕਿ ਉਹ ਆਰੀਆ ਸਮਾਜ ਦਾ ਸਾਥ ਦੇਣ ਵਿਚ ਕਿਥੋਂ ਤਕ ਠੀਕ ਹਨ? ਪਿਛੋਂ ਜਦ ਆਰੀਆ ਸਮਾਜੀ ਪ੍ਰਚਾਰਕਾਂ ਨੇ ਖੁਲਮ-

ਖੁਲ੍ਹਾ ਸਿਖ ਗੁਰੂ ਸਾਹਿਬਾਨ ਦੀ ਹਤਕ ਕਰਨੀ ਸ਼ੁਰੂ ਕਰ ਦਿਤੀ ਅਤੇ ਸਿਖਾਂ ਆਰੀਆ ਸਮਾਜੀ ਈਸਾਈ ਅਤੇ ਹੋਰ ਵਿਦਿਅਕ ਆਸ਼ਰਮਾਂ ਵਿਚ ਸਿਖ ਵਿਦਿਆਰਥੀਆਂ ਨੂੰ ਸਿਖੀ ਤੋਂ ਡੇਗਣ ਦੇ ਯਤਨ ਸ਼ੁਰੂ ਹੋ ਗਏ। ਇਹ ਵੇਖ ਕੇ ਭਾਈ ਦਿਤ ਸਿੰਘ ਜੀ ਪਾਸੋਂ ਸਹਾਰਾ ਨਾ ਹੋ ਸਕਿਆ। ਉਨ੍ਹਾਂ ਨੇ ਆਪਣੀ ਜ਼ੋਰਦਾਰ ਲੇਖਣੀ ਅਤੇ ਧੜੱਲੇਦਾਰ ਵਿਖਆਨਾਂ ਨਾਲ ਸਿਖਾਂ ਪੰਥ ਨੂੰ ਹਲੂਣਾਂ ਦਿਤਾ। ਉਹਨਾਂ ਦੀ ਇਸ ਹਿੰਮਤ ਦਾ ਨਤੀਜਾ ਇਕ ਤਾਂ ਸਿੰਘ ਸਭਾ ਲਹਿਰ ਆਪਣੇ ਪੂਰੇ ਜੋਬਨ ਵਿਚ ਆ ਗਈ ਅਤੇ ਦੂਸਰਾ ਸਿਖ ਸਰਦਾਰਾਂ ਦੇ ਦਿਲ ਵਿਚ ਬੈਠ ਗਈ ਕਿ ਸਿਖੀ ਨੂੰ ਬਚਾਉਣ ਲਈ ਸਿਖ ਵਿਦਿਅਕ ਆਸ਼ਰਮਾਂ ਦਾ ਜਾਰੀ ਕਰਨਾ ਬਹੁਤ ਜ਼ਰੂਰੀ ਹੈ।

ਖਾਲਸਾ ਕਾਲਜ ਕਾਇਮ ਕਰਨ ਦਾ ਖਿਆਲ ਭੀ ਸਭ ਤੋਂ ਪਹਿਲਾਂ ਭਾਈ ਦਿਤ ਸਿੰਘ ਜੀ, ਪ੍ਰੋਫੈਸਰ ਗੁਰਮੁਖ ਸਿੰਘ ਜੀ, ਅਤੇ ਉਨ੍ਹਾਂ ਦੇ ਸਾਥੀਆਂ ਨੂੰ ਹੀ ਫੁਰਿਆ ਸੀ।* ਉਨ੍ਹਾਂ ਨੇ ਇਹ ਖਿਆਲ ਕਪੂਰਥਲੇ ਕੰਵਰ ਬਿਕਰਮ ਸਿੰਘ ਜੀ ਆਹਲੂਵਾਲੀਏ, ਹੋਰ ਨਿਜੀ ਮਿਤਰਾਂ ਅਤੇ ਸਰ ਅਤਰ ਸਿੰਘ ਜੀ ਭਦੌੜ ਅੱਗੇ ਰਖਿਆ। ਉਹ

---

*ਖਾਲਸਾ ਕਾਲਜ ਕੌਂਸਲ ਦੇ ਪ੍ਰਧਾਨ ਸ੍ਰ: ਸੁਰਜੀਤ ਸਿੰਘ ਮਜੀਠੀਆਂ ਨੇ ਕਾਲਜ ਦੀ ਗੋਲਡਨ ਜੁਬਲੀ ਸਮੇਂ ਮਹਾਰਾਜਾ ਪਟਿਆਲਾ ਦੇ ਸਵਾਗਤ ਵਿਚ ਜੋ ਮਾਨ ਪੱਤਰ ਦਿਤਾ ਉਸ ਵਿਚ ਇਹ ਗੱਲ ਵੀ ਪ੍ਰਗਟ ਕੀਤੀ ਸੀ।

ਇਸਨੂੰ ਅਮਲੀ ਰੂਪ ਦੇਣ ਲਈ ਰਾਜ਼ੀ ਹੋ ਗਏ। ਹੌਲੀ ਹੌਲੀ ਇਹ ਕੰਮ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਆਪਣੇ ਹੱਥਾਂ ਵਿਚ ਲੈ ਲਿਆ। ਲਾਹੌਰ ਸਭਾ ਭੀ ਉਸ ਸਮੇਂ ਇਸ ਦੀਵਾਨ ਦੀ ਬ੍ਰਾਂਚ ਦੇ ਤੌਰ ਪਰ ਕੰਮ ਕਰ ਰਹੀ ਸੀ, ਇਸ ਲਈ ਅੰਮ੍ਰਿਤਸਰ ਦੀਵਾਨ ਸਿਖ ਪੰਥ ਦੀ ਪ੍ਰਤੀਨਿਧ ਜਥੇਬੰਦੀ ਸਮਝਿਆ ਜਾਂਦਾ ਸੀ।

੫ ਹਾੜ ਸੰਮਤ ੧੯੪੩ ਬਿਕਰਮੀ ਨੂੰ ਅੰਮ੍ਰਿਤਸਰ ਦੀਵਾਨ ਵਲੋਂ ਲਾਲਾ ਸੰਤ ਰਾਮ ਦੀ ਕੋਠੀ ਇਕ ਮੀਟਿੰਗ ਸੱਦੀ ਗਈ ਅਤੇ ਉਸ ਵਿਚ ਫੈਸਲਾ ਕੀਤਾ ਗਿਆ ਕਿ ਇਸ ਕੰਮ ਲਈ ਸਿਖ ਰਿਆਸਤਾਂ ਅਤੇ ਬਾਬਾ ਖੇਮ ਸਿੰਘ ਬੇਦੀ ਦੀ ਹਮਾਇਤ ਤੇ ਸਹਾਇਤਾ ਪ੍ਰਾਪਤ ਕੀਤੀ ਜਾਵੇ।

ਇਸਦੇ ਛੇਤੀ ਹੀ ਪਿਛੋਂ ਲਾਹੌਰ ਦੇ ਲਾਰੰਸ ਹਾਲ ਵਿਚ ਇਕ ਪ੍ਰਤੀਨਿਧ ਮੀਟਿੰਗ ਸਦੀ ਗਈ। ਇਸ ਮੀਟਿੰਗ ਵਿਚ ਬਾਬਾ ਖੇਮ ਸਿੰਘ ਜੀ ਬੇਦੀ, ਕੰਵਰ ਬਿਕਰਮ ਸਿੰਘ, *ਕਪਤਾਨ ਗੁਲਾਬ ਸਿੰਘ ਅਟਾਰੀ ਅਤੇ ਦਰਬਾਰ ਸਾਹਿਬ ਦੇ ਸਰਬ੍ਰਾਹ ਸ੍ਰ: ਮਾਨ ਸਿੰਘ ਭੀ ਸ਼ਾਮਲ ਹੋਏ। ਇਹ ਮੀਟਿੰਗ ਹੀ ਖਾਲਸਾ ਕਾਲਜ ਦੀ ਜਨਮ-ਦਾਤੀ ਕਹੀ ਜਾ ਸਕਦੀ ਹੈ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਇਕ ਮਮੋਰੰਡਮ ਭੇਜਿਆ ਗਿਆ ਅਤੇ ਕਾਲਜ ਕੌਂਸਲ ਦਾ ਆਈਨ ਤਿਆਰ ਹੋ ਗਿਆ। ਬਾਬਾ ਖੇਮ ਸਿੰਘ ਜੀ ਬੇਦੀ

---

*ਕਪਤਾਨ ਗੁਲਾਬ ਸਿੰਘ ਸਿਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ਦੇ ਹੀਰੋ ਰਾਜਾ ਸ਼ੇਰ ਸਿੰਘ ਦਾ ਸਕਾ ਭਰਾ ਸੀ।

ਪ੍ਰਧਾਨ ਬਣਾਏ ਗਏ । ਚੀਫ ਸੈਕਟਰੀ ਦੇ ਔਹਦੇ ਲਈ ਅੰਮ੍ਰਿਤਸਰ ਤੇ ਲਾਹੌਰ ਦੀਵਾਨ ਦੇ ਵਖ ਵਖ ਪ੍ਰਤੀਨਿਧ ਸਨ ਅਤੇ ਇਸ ਮੁਕਾਬਲੇ ਨੇ ਹੀ ਸੁਤੰਤਰ ਲਾਹੌਰ ਦੀਵਾਨ ਨੂੰ ਜਨਮ ਦਿਤਾ । ਕੁਝ ਚਿਰ ਲਈ ਗਿਆਨੀ ਦਿਤ ਸਿੰਘ ਜੀ ਦੇ ਪਿਆਰੇ ਮਿਤਰ ਪ੍ਰੋਫੈਸਰ ਗੁਰਮੁਖ ਸਿੰਘ ਜੀ ਅਤੇ ਅੰਮ੍ਰਿਤਸਰ ਦੀਵਾਨ ਦੇ ਉਮੈਦਵਾਰ ਭਾਈ ਗਣੇਸ਼ਾ ਸਿੰਘ ਜੀ ਦੋਵੇਂ ਹੀ ਜਨਰਲ ਸਕੱਤ੍ਰ ਬਣੇ ਰਹੇ । ਇਸ ਖਿਚੋਤਾਣ ਦਾ ਨਤੀਜਾ ਸਿਖਾਂ ਵਿਚ ਦੋ ਧੜੇ ਹੋ ਗਏ । ਇਕ ਦੇ ਲੀਡਰ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਦੂਸਰੇ ਸਰ ਅਤਰ ਸਿੰਘ ਜੀ ਭਦੌੜ ਸਨ । ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਸਰਦਾਰ ਸਰ ਅਤਰ ਸਿੰਘ ਦੇ ਹਾਮੀ ਸਨ। ਅੰਮ੍ਰਿਤਸਰ ਦੀਵਾਨ ਖਾਲਸਾ ਕਾਲਸਾ ਲਈ ਕੋਈ ਠੋਸ ਕੰਮ ਨਾ ਕਰ ਸਕਿਆ। ਆਖਰ ਲਾਹੌਰ ਦੀਵਾਨ ਨੇ ਇਸ ਕੰਮ ਨੂੰ ਸਖਤੀ ਨਾਲ ਆਪਣੇ ਹੱਥਾਂ ਵਿਚ ਲੈ ਲਿਆ।

੨੨ ਫਰਵਰੀ ੧੮੯੦ ਨੂੰ ਸ੍ਰਦਾਰ ਸਰ ਅਤਰ ਸਿੰਘ ਜੀ ਭਦੌੜ ਦੀ ਰਹਿਨਮਾਈ ਵਿਚ ਲਾਹੌਰ ਵਿਚ ਇਕ ਉਚੇਚੀ ਇਕੱਤਰਤਾ ਸੱਦੀ ਗਈ ਅਤੇ ਉਸ ਵਿਚ ਖਾਲਸਾ ਕਾਲਜ ਦੀ ਸਕੀਮ ਨੂੰ ਅਮਲੀ ਰੂਪ ਦੇਣ, ਮਾਇਆ ਇਕੱਤਰ ਕਰਨ ਅਤੇ ਹੋਰ ਮੁਢਲੇ ਕੰਮ ਨਜਿਠਣ ਲਈ ਹੇਠ ਲਿਖੇ ਅਨੁਸਾਰ ਇਰ ਸਬ ਕਮੇਟੀ ਬਣਾਈ ਗਈ।

ਪ੍ਰਦਾਨ–ਕਰਨਲ ਹਾਲਰਾਈਡ।

ਮੀਤ-ਪ੍ਰਧਾਨ–ਸਰਦਾਰ ਸਰ ਅਤਰ ਸਿੰਘ ਭਦੌੜ

ਸੈਕਟਰੀ– ਮਿ: ਡਬਲਯੂ ਬੈਲ।

ਸੈਕਟ੍ਰੀ—ਮਿਸਟਰ ਡਬਲਯੂ ਬੈਲ।
ਜਾਇੰਟ ਸੈਕਟਰੀ ਸ੍ਰੀ ਦਲੀਪ ਸਿੰਘ।
ਅਸਿਸਟੈਂਟ ਸੈਕਟਰੀ—ਭਾਈ ਸੋਭਾ ਸਿੰਘ ਤੇ ਭਾਈ ਹਰਭਗਤ ਸਿੰਘ।

ਹੇਠ ਲਿਖੇ ਸਜਣ ਖਾਲਸਾ ਕਾਲਜ ਫੰਡ ਦੇ ਟਰਸਟੀ ਨੀਯਤ ਕੀਤੇ ਗਏ:—

(੧) ਸ੍ਰਦਾਰ ਸਰ ਅਤਰ ਸਿੰਘ ਭਦੌੜ।
(੨) ਸ੍ਰ: ਪ੍ਰਤਾਪ ਸਿੰਘ ਪ੍ਰਧਾਨ ਮੰਤਰੀ ਨਾਭਾ।
(੩) ਸ੍ਰ: ਗੁਰਦਿਆਲ ਸਿੰਘ ਮੁਨਸ਼ੀਆਂ।
(੪) ਦੀਵਾਨ ਗੁਰਮੁਖ ਸਿੰਘ ਪਟਿਆਲਾ।
(੫) ਰਾਏ ਸਾਹਿਬ ਸ੍ਰ: ਧਰਮ ਸਿੰਘ ਸੋਨ।
(੬) ਮਿ: ਡਬਲਯੂ ਬੈਲ।

ਇਸ ਮੀਟਿੰਗ ਦੇ ਵਿਚ ਹੀ ਫੰਡ ਇਕਤ੍ਰ ਕਰਨ ਦੀ ਮੁਹਿੰਮ ਅਰੰਭ ਹੋ ਗਈ ਅਤੇ ਉਥੇ ਹੀ ਕਈ ਹਜ਼ਾਰ ਰੁਪੈ ਦੇ ਇਕਰਾਰ ਹੋ ਗਏ। ਇਹ ਸਾਰੀ ਕਾਰੇਰਵਾਈ ਗਿਆਨੀ ਦਿਤ ਸਿੰਘ ਜੀ ਦੀ ਸਲਾਹ ਮਸ਼ਵਰੇ ਨਾਲ ਹੋ ਰਹੀ ਸੀ।

ਗਿਆਨੀ ਦਿਤ ਸਿੰਘ ਦੀ ਜੀਵਨੀ ਤੇ ਇਹ ਗਲ ਪ੍ਰਗਟ ਹੋ ਜਾਂਦੀ ਹੈ ਕਿ ਉਹ ਔਹਦਿਆਂ ਦੇ ਭੁਖੇ ਨਹੀਂ ਸਨ; ਸਗੋਂ ਹਮੇਸ਼ਾਂ ਹੀ ਔਹਦੇ ਸੰਭਾਲਣ ਤੋਂ ਕੰਨੀ ਕਤਰਾਉਂਦੇ ਸਨ ਨਹੀਂ ਤਾਂ ਪੰਥ ਵਿਚ ਉਸ ਸਮੇਂ ਉਹ ਸਭ ਤੋਂ ਸਤਿਕਾਰ ਜੋਗ ਹਸਤੀ ਮੰਨੇ ਗਏ ਹਨ।

ਖਾਲਸਾ ਕਾਲਜ ਦੀ ਕਾਇਮੀ ਵਿਚ ਗਿ: ਦਿਤ

ਸਿੰਘ ਜੀ ਦਾ ਕਿਤਨਾ ਹਥ ਸੀ। ਇਸ ਦਾ ਪਤਾ ਇਸ ਗਲ ਤੇ ਹੀ ਲਗ ਜਾਂਦਾ ਹੈ ਕਿ ਆਪ ਲਾਹੌਰ ਦੀਵਾਨ ਦੀ ਜਿੰਦ ਜਾਨ ਸਨ ਅਤੇ ਲਾਹੌਰ ਦੀਵਾਨ ਖਾਲਸਾ ਕਾਲਜ ਦਾ ਜਨਮ-ਦਾਤਾ ਸਾਬਤ ਹੋਇਆ। ਨਾ ਕੇਵਲ ਸਭ ਕਮੇਟੀ ਵਿਚ ਹੀ ਉਨ੍ਹਾਂ ਦੇ ਆਦਮੀ ਸਨ; ਸਗੋਂ ਫੰਡ ਇਕਤਰ ਕਰਨ ਲਈ ਸਿਖ ਰਾਜਿਆਂ ਪਾਸ ਜਿਹੜਾ ਡੈਪੂਟੇਸ਼ਨ ਗਿਆ। ਉਸ ਦੀ ਅਗਵਾਈ ਭੀ ਗਿਆਨੀ ਜੀਦੇ ਗੂਹੜੇ ਮਿਤਰ ਅਤੇ ਗੁਰ-ਭਾਈ ਪ੍ਰੋਫੈਸਰ ਗੁਰਮੁਖ ਸਿੰਘ ਜੀ ਅਤੇ ਸ੍ਰ: ਜਵਾਹਰ ਸਿੰਘ ਜੀ ਕਪੂਰ ਨੇ ਕੀਤੀ ਅਤੇ ਲਖਾਂ ਰੁਪਏ ਦੀ ਰਕਮ ਇਕਤ੍ਰ ਕਰਕੇ ਸਿਖ ਪੰਥ ਦੇ ਸਭ ਤੋਂ ਵਡੇ ਕੌਮੀ ਆਸ਼ਰਮ ਨੂੰ ਪਕਿਆਂ ਪੈਰਾਂ ਤੇ ਚਾਲੂ ਕੀਤਾ। ਗਿਆਨੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੇ ਇਸ ਉਪਕਾਰ ਨੂੰ ਸਿਖ-ਜਗਤ ਕਦੇ ਨਹੀਂ ਭੁਲ ਸਕਦਾ।*

ਖਾਲਸਾ ਕਾਲਜ ਦੀ ਥਾਂ ਦੀ ਚੋਣ ਲਈ ਭੀ ਕੁਝ ਮਤ ਭੇਦ ਪੈਦਾ ਹੋ ਗਿਆ। ਗਿਆਨੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਚਾਹ ਸੀ ਕਿ ਕਾਲਜ ਸਿਖਾਂ ਦੇ ਧਾਰਮਿਕ ਕੇਂਦਰ ਸ੍ਰੀ ਅੰਮ੍ਰਿਤਸਰ ਵਿਚ ਬਣੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਭੀ ਅੰਮ੍ਰਿਤਸਰ ਦੀ ਹਮਾਇਤ ਕੀਤੀ ਅਤੇ ਸਰਦਾਰ ਸਰ ਅਤਰ ਸਿੰਘ ਜੀ ਅਤੇ ਪ੍ਰੋਫੈਸਰ ਗੁਰਮੁਖ ਸਿੰਘ

---

*ਖਾਲਸਾ ਕਾਲਜ ਕੌਂਸਲ ਵਲੋਂ ਗਿਆਨੀ ਦਿਤ ਸਿੰਘ ਜੀਦੀ ਯਾਦ ਵਜੋਂ 'ਗਿਆਨੀ ਦਿਤ ਸਿੰਘ ਪ੍ਰਾਈਜ਼' ਹਰ ਸਾਲ ਦਿਤਾ ਜਾਂਦਾ ਹੈ।

ਜੀ ਦੇ ਜ਼ੁੰਮੇ ਥਾਂ ਚੁਨਣ ਦੀ ਸੇਵਾ ਲਾਈ ਗਈ। ਇਨ੍ਹਾਂ ਨੇ ਭਾਰੀ ਸੋਚ ਵਿਚਾਰ ਦੇ ਪਿਛੋਂ ਅੰਮ੍ਰਿਤਸਰ ਸ਼ਹਿਰ ਤੋਂ ਤਿੰਨ ਮੀਲਾਂ ਤੇ ਸ਼ਾਹੀ ਸੜਕ ਪਰ ਉਸ ਥਾਂ ਦੀ ਚੋਣ ਕੀਤੀ, ਜਿਥੇ, ਅਜ ਸਿਖਾਂ ਦੇ ਸਭ ਤੋਂ ਵਡੇ ਕੌਮੀ ਕਾਲਜ ਦੀ ਸ਼ਾਨਦਾਰ ਇਮਾਰਤ ਔਣ ਜਾਣ ਵਾਲਿਆਂ ਦਾ ਧਿਆਨ ਬਦੋ ਬਦੀ ਆਪਣੇ ਵਲ ਖਿਚ ਪਾਂਦੀ ਹੈ।

ਫੰਡ ਇਕਤਰ ਹੋਇਆ ਥਾਂ ਚੁਣੀ ਗਈ। ਇਮਾਰਤ ਬਣਕੇ ਤਿਆਰ ਹੋ ਗਈ। ਖਾਲਸਾ ਕਾਲਜ ਦੀ ਇਮਾਰਤ ਦਾ ਬੁਨਿਆਦੀ ਪੱਥਰ ੫ ਮਾਰਚ ੧੮੯੨ ਈਸਵੀ ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ਼ ਬ੍ਰਾਡਵੁਡ ਲਾਇਲ ਨੇ ਰਖਿਆ ਅਤੇ ੨੨ ਅਕਤੂਬਰ ੧੮੯੩ ਨੂੰ ਇਸ ਇਮਾਰਤ ਦੇ ਸ਼ਾਨਦਾਰ ਹਾਲ ਵਿਚ ਹਾਈ ਸਕੂਲ ਦੇ ਰੂਪ ਵਿਚ ਖਾਲਸਾ ਕਾਲਜ ਦੀ ਅਰੰਭਕ ਰਸਮ ਅਦਾ ਹੋਈ ਇਸ ਅਰੰਭਕ ਰਸਮ ਦੀ ਕਾਰਰਵਾਈ ਗਿਆਨੀ ਦਿਤ ਸਿੰਘ ਜੀ ਨੇ ਅਪਣੇ ਖਾਲਸਾ ਅਖਬਾਰ ਵਿਚ ਛਾਪੀ। ਗਿਆਨੀ ਜੀ ਦੀ ਨਿਰਮਾਨਤਾ ਅਤੇ ਸ਼ੋਹਰਤ ਤੋਂ ਬਚਣ ਦਾ ਇਹ ਇਕ ਹੋਰ ਸਬੂਤ ਹੈ ਕਿ ਉਸ ਵੇਲੇ ਦੇ ਹਾਜ਼ਰ ਪਤਵੰਤਿਆਂ ਵਿਚ ਭਾਵੇਂ ਉਹ ਸਿਰਕਰਦਾ ਸਨ ਪ੍ਰੰਤੂ ਉਨ੍ਹਾਂ ਨੇ ਅਪਣਾ ਨਾਮ ਸਭ ਤੋਂ ਪਿਛੇ ਲਿਖਿਆ ਹੈ। ਇਸ ਸ਼ੁਭ ਸਮੇਂ ਤੇ ਸੈਂਕੜੇ ਅੰਗਰੇਜ਼, ਸਿਖ, ਹਿੰਦੂ ਅਤੇ ਮੁਸਲਿਮ ਪਤਵੰਤਿਆਂ ਨਾਲ ਗਿਆਨੀ ਦਿਤ ਸਿੰਘ ਪ੍ਰੋਫੈਸਰ ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ ਸ੍ਰਦਾਰ ਸਰ ਅਤਰ ਸਿੰਘ ਅਤੇ ਆਪ ਦੇ ਹੋਰ ਸਾਥੀ ਭੀ ਮੌਜੂਦ ਸਨ, ਅੰਮ੍ਰਿਤਸਰ

Sital Chhatwal Library
Institute of Sikh Studies
Chandigarh
1852 P.S.

ਦੀਵਾਨ ਦੇ ਮੈਂਬਰਾਂ ਵਿਚੋਂ ਬਹੁਤ ਘਟ ਸਜਣ ਆਏ ਹੋਏ ਸਨ। ਜਿਸ ਤੋਂ ਸਪਸ਼ਟ ਹੈ ਕਿ ਖਾਲਸਾ ਕਾਲਜ ਬਨਾਉਣ ਦਾ ਸੇਹਰਾ ਲਾਹੌਰ ਦੀਵਾਨ ਦੇ ਸਿਰ ਹੈ ਤੇ ਲਾਹੌਰ ਦੀਵਾਨ ਦੀ ਜਿੰਦ ਜਾਨ ਗਿਆਨੀ ਦਿਤ ਸਿੰਘ ਇਸ ਦੇ ਮੋਢੀਆਂ ਵਿਚੋਂ ਇਕ ਚਮਕਦੀ ਸ਼ਖਸੀਅਤ ਦੇ ਮਾਲਕ ਸਨ।

ਇਸ ਅਰੰਭਕ ਰਸਮ ਤੋਂ ਪਹਿਲਾਂ ਖਾਲਸਾ ਕਾਲਜ ਕੌਂਸਲ ਕਾਨੂੰਨ ਅਨੁਸਾਰ ਰਜਿਸਟਰੀ ਹੋਕੇ ਉਸਦੀ ਬਾਕਾਇਦਾ ਚੋਣ ਹੋ ਚੁਕੀ ਸੀ ਇਹ ਚੋਣ ਅਰੰਭਕ ਕੌਂਸਲ ਦੀ ੩ ਅਪ੍ਰੈਲ ੧੮੯੩ ਦੀ ਮਟਿੰਗ ਵਿਚ ਹੋਈ ਜਦ ਕਿ ਡਾਕਟਰ ਵਿਲੀਅਮ ਵਟਿੰਗਨ ਨੇ ਅਰੰਭਕ ਕੌਂਸਲ ਤੋੜਕੇ ਕਾਨੂੰਨ ਅਨੁਸਾਰ ਨਵੀਂ ਕੌਂਸਲ ਬਨਾਉਣ ਦਾ ਐਲਾਨ ਕੀਤਾ ਇਸਦੇ ਪ੍ਰਧਾਨ ਉਹ ਆਪ, ਮੀਤ ਪ੍ਰਧਾਨ ਸ੍ਰਦਾਰ ਅਤਰ ਸਿੰਘ ਭਦੌੜ ਅਤੇ ਸੈਕਟਰੀ ਭਾਈ ਜਵਾਹਰ ਸਿੰਘ ਜੀ ਕਪੂਰ ਬਣੇ। ਐਗਜ਼ੈਕਟਿਵ ਕਮੇਟੀ ਦੇ ੩੦ ਮੈਂਬਰ ਚੁਣੇ ਗਏ, ਜਿਨ੍ਹਾਂ ਵਿਚ ਕਿ ਗਿਆਨੀ ਦਿਤ ਸਿੰਘ ਜੀ ਭੀ ਸ਼ਾਮਲ ਸਨ।

ਇਸ ਤਰਾਂ ਖਾਲਸਾ ਕਾਲਜ ਹਾਈ ਸਕੂਲ ਦੇ ਰੂਪ ਵਿਚ ਸ਼ੁਰੂ ਹੋ ਗਿਆ। ਇਸ ਸਕੂਲ ਦੇ ਵਿਦਿਆਰਥੀਆਂ ਨੇ ਐਂਟਰੈਂਸ ਦਾ ਇਮਤਿਹਾਨ ਪਹਿਲੀ ਵਾਰ ੧੮੯੭ ਵਿਚ ਦਿਤਾ ਅਤੇ ੧੮ ਮਈ ੧੮੯੭ ਨੂੰ ਜਦ ਐਂਟਰੈਸ ਦੇ ਨਤੀਜੇ ਨਿਕਲੇ ਤਾਂ ਕਾਲਜ ਵਿਚ ਫਸਟ ਯੀਅਰ ਦਾ ਦਾਖਲਾ ਪਹਿਲੀ ਵਾਰ ਸ਼ੁਰੂ ਹੋਇਆ। ਸ਼ੁਰੂ ਵਿਚ ਫਸਟ ਯੀਅਰ ਤੇ ਗਿਆਨੀ ਜਮਾਤ ਦੀ ਫੀਸ ਕੇਵਲ ਦੋ ਰੁਪੈ

ਮਹੀਨਾ ਰਖੀ ਗਈ।

ਇਸਤਰ੍ਹਾਂ ਗਿਆਨੀ ਦਿਤ ਸਿੰਘ ਤੇ ਉਸ ਦੇ ਸਾਥੀਆਂ ਦੀ ਹਿਮਤ ਨਾਲ ਪੰਜਾਬ ਵਿਚ ਇਕ ਮਹਾਨ ਕੌਮੀ ਆਸ਼ਰਮ ਬਣਿਆ, ਜੋ ਅਧੀ ਸਦੀ ਦੇ ਵਧ ਸਮੇਂ ਤੋਂ ਪੰਜਾਬ ਤੇ ਇਸ ਦੀਆਂ ਰਿਆਸਤਾਂ ਦੀ ਸ਼ਾਨਦਾਰ ਵਿਦਿਅਕ ਸੇਵਾ ਕਰ ਰਿਹਾ ਹੈ।

# ਪੰਥ ਸੇਵਾ

ਗਿਆਨੀ ਦਿਤ ਸਿੰਘ ਜੀ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਨਾਲ ਗੁਰ ਸਿਖੀ ਵਲ ਆਏ ਅਤੇ ਤਨ ਮਨ ਤੇ ਧਨ ਨਾਲ ਸਿਖ ਧਰਮ ਦੀ ਸੇਵਾ ਵਿਚ ਲਗ ਗਏ। ਇਹ ਇਕ ਇਤਹਾਸਿਕ ਸਚਾਈ ਹੈ ਕਿ ਜੇਕਰ ਗਿ: ਦਿਤ ਸਿੰਘ ਜੀ ਦੀ ਸ਼ਖਸੀਅਤ ਮੈਦਾਨ ਵਿਚ ਨਾ ਨਿਤਰਦੀ, ਤਦ ਸਿੰਘ ਸਭਾ ਲਹਿਰ ਪੂਰੇ ਜੋਬਨ ਵਿਚ ਨਾ ਆਉਂਦੀ। ਜਿਹਾ ਕਿ ਅਸੀਂ ਪਿਛੇ ਦਸ ਆਏ ਹਾਂ ਇਹ ਭਾਈ ਦਿਤ ਸਿੰਘ ਦਾ ਹੀ ਕੰਮ ਸੀ ਜੋ ਸਿਖਾਂ ਵਿਚੋਂ ਗੁਰੂ-ਡਮ ਦਾ ਖਾਤਮਾ ਹੋਇਆ ਅਤੇ ਸਿਖ ਸੰਗਤਾਂ ਸਿਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਲਗੀਆਂ। ਗੁਰਦਵਾਰਿਆਂ ਵਿਚੋਂ ਮੂਰਤੀ ਪੂਜਾ ਅਤੇ ਬੁਤ ਪੂਜਾ ਅਥਵਾ ਹੋਰ ਮਨ ਮਤਾਂ ਨੂੰ ਖਤਮ ਕਰਾਉਣ ਦਾ ਸੇਹਰਾ ਭੀ ਇਤਹਾਸ ਉਨ੍ਹਾਂ ਦੇ ਸਿਰ ਹੀ ਬੰਨਦਾ ਹੈ।

ਗਿਆਨੀ ਦਿਤ ਸਿੰਘ ਜੀ ਨੇ ਇਹ ਸੇਵਾ ਜਿਨ੍ਹਾਂ ਹਾਲਾਤ ਵਿਚ ਕੀਤੀ ਉਨ੍ਹਾਂ ਨੂੰ ਵੇਖਕੇ ਉਨ੍ਹਾਂ ਪ੍ਰਤੀ ਸ਼ਰਧਾ ਹੋਰ ਭੀ ਵਧ ਜਾਂਦੀ ਹੈ ਉਸ ਸਮੇਂ ਸਿਖ ਕੌਮ ਵਡੇ ਭਰਮਾਂ ਤੇ ਵਹਿਮਾਂ ਵਿਚ ਫਸੀ ਹੋਈ ਸੀ। ਊਚ-ਨੀਚ ਤੇ ਛੂਤ ਛਾਤ ਦਾ ਜਜ਼ਬਾ ਪੂਰੇ ਜੋਰਾ ਪੁਰ ਸੀ ਅਤੇ ਵਡੇ ਤੋਂ ਵਡੇ ਸੁਧਾਰਿਕ ਸਿਖ ਵਿਚ ਭੀ ਇਹ ਜੁਰਅਤ ਨਹੀਂ ਸੀ ਜੋ ਇਨ੍ਹਾਂ ਵਿਰੁਧ ਅਵਾਜ਼ ਉਠਾ ਸਕੇ ਗਿਆਨੀ ਦਿਤ ਸਿੰਘ ਜੀ ਕਿਉਂਕਿ

ਖਾਲਸਾ ਬਰਾਦਰੀ ਨਾਲ ਸਬੰਧ ਰਖਦੇ ਸਨ। ਇਸ ਲਈ ਜਾਤ ਅਭਿਮਾਨੀ ਸਿਖਾਂ ਵਿਚ ਹਮੇਸ਼ਾਂ ਉਨ੍ਹਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਤ ਅਸੀਂ ਇਕਤ੍ਰ ਕਰ ਸਕੇ ਹਾਂ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਕਦੇ ਪੰਗਤ ਵਿਚ ਨਹੀਂ ਸੀ ਬੈਠਣ ਦਿਤਾ ਜਾਂਦਾ। ਇਥੋਂ ਤਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ, ਤਦ ਭੀ ਉਨ੍ਹਾਂ ਨੂੰ ਅਜੇਹੀ ਥਾਂ ਬਿਠਾਇਆ ਜਾਂਦਾ ਸੀ ਜਿਸ ਤੇ ਉਨਾਂ ਦੇ ਅਛੂਤ ਪੁਣੇ ਦਾ ਇਸ਼ਤਿਹਾਰ ਆਪਣੇ ਆਪ ਸਾਹਮਣੇ ਆ ਜਾਂਦਾ ਸੀ।

ਇਸ ਬਦਸਲੂਕੀ ਦੇ ਬਾਵਜੂਦ ਭੀ ਗਿਆਨੀ ਦਿਤ ਸਿੰਘ ਦੇ ਮਥੇ ਪਰ ਕਦੇ ਵਟ ਨਹੀਂ ਸੀ ਵੇਖਿਆ ਗਿਆ। ਉਨ੍ਹਾਂ ਨੇ ਇਸ ਬਦਸਲੂਕੀ ਲਈ ਕਦੇ ਕਿਸੀ ਪਰ ਗਿਲਾ ਨਹੀਂ ਸੀ ਕੀਤਾ। ਕਦੇ ਉਨ੍ਹਾਂ ਸਿਖੀ ਵਲੋਂ ਮਨ ਮੈਲਾ ਨਹੀਂ ਸੀ ਕੀਤਾ। ਉਹ ਜਾਣਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਵਿਚ ਛੂਤ ਛਾਤ ਤੇ ਊਚ ਨੀਚ ਲਈ ਕੋਈ ਥਾਂ ਨਹੀਂ। ਜੇਕਰ ਇਹ ਮਨੀ ਜਾ ਰਹੀ ਹੈ ਤਾਂ ਹਿੰਦੂ ਅਸਰ ਹੇਠਾਂ ਆਕੇ ਹੋਰ ਮਨਮਤਾਂ ਵਾਂਗ ਹੀ ਮਨੀ ਜਾ ਰਹੀ ਹੈ ਅਤੇ ਹੋਰ ਅਨੀਤੀਆਂ ਦੇ ਨਾਲ ਹੀ ਇਸ ਦਾ ਭੀ ਖਾਤਮਾ ਹੋ ਜਾਵੇਗਾ। ਜਦ ਭੀ ਗਿਆਨੀ ਜੀ ਨਾਲ ਕੋਈ ਉਨ੍ਹਾਂ ਨਾਲ ਹੋਈ ਬਦਸਲੂਕੀ ਦੀ ਚਰਚਾ ਕਰਦਾ ਤਾਂ ਉਹ ਹਸਕੇ ਗਲ ਟਾਲ ਦਿੰਦੇ ਅਤੇ ਆਖਦੇ ਮੈਂ ਜਿਸ ਸਲੂਕ ਦਾ ਹਕਦਾਰ ਹਾਂ, ਉਹੋ ਹੀ ਮੇਰੇ ਨਾਲ ਹੁੰਦਾ ਹੈ। ਇਹ ਉਤਰ ਉਨ੍ਹਾਂ ਦੀ ਨਿਰਮਾਣਤਾ ਨੂੰ ਭਲੀ ਪ੍ਰਕਾਰ ਪ੍ਰਗਟ ਕਰਦਾ ਹੈ।

# ਸਿਖ ਰਾਜ ਦੇ ਜਾਣ ਦੇ ਪਿਛੋਂ

ਸਿਖੀ ਨੂੰ ਜੋ ਜਬਰਦਸਤ ਘਾਟਾ ਪਿਆ ਸੀ ਉਹ ਤਦ ਹੀ ਪੂਰਾ ਹੋ ਸਕਦਾ ਸੀ ਜੇਕਰ ਸਮੇਂ ਦੀ ਹਕੂਮਤ ਸਿਖੀ ਪ੍ਰਚਾਰ ਦੇ ਰਾਹ ਵਿਚ ਰੋੜਾ ਨਾ ਅਟਕਾਏ। ਇਸ ਸਚਾਈ ਨੂੰ ਸਾਹਮਣੇ ਰਖਕੇ ਗਿ: ਦਿਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਜਿਹੀ ਪਾਲਿਸੀ ਅਪਨਾਈ ਜਿਸ ਦਾ ਨਤੀਜਾ ਅੰਗ੍ਰੇਜ਼ ਨੇ ਸਿਖੀ ਪ੍ਰਚਾਰ ਵਿਚ ਰੋੜਾ ਅਟਕਾਉਣ ਦੀ ਥਾਂ ਸਹਾਇਤਾ ਦਿਤੀ। ਅੰਗਰੇਜ਼ੀ ਹਾਕਮ ਸਿੰਘ ਸਭਾ ਲਹਿਰ ਦੇ ਸਰਪ੍ਰਸਤ ਬਣਕੇ ਕੰਮ ਕਰਦੇ ਰਹੇ ਅਤੇ ਖਾਲਸਾ ਕਾਲਜ ਕਾਇਮ ਕਰਨ ਵਿਚ ਉਨ੍ਹਾਂ ਨੇ ਵਧ ਚੜਕੇ ਹਿਸਾ ਲਿਆ।

ਉਸ ਸਮੇਂ ਦੇ ਸਭ ਤੋਂ ਵਡੇ ਅਖਬਾਰ ਖਾਲਸਾ ਅਖਬਾਰ' ਦੇ ਐਡੀਟਰ ਅਤੇ ਸ਼੍ਰੋਮਣੀ ਸਿਖ ਪ੍ਰਚਾਰਕ ਹੋਣ ਕਰਕੇ ਗਿਆਨੀ ਦਿਤ ਸਿੰਘ ਜੀ ਸਿਖ ਕੌਮ ਦੀ ਜਬਾਨ ਸਮਝੇ ਜਾਂਦੇ ਸਨ ਅਤੇ ਕੌਮ ਦੀ ਤਰਜਮਾਨੀ ਕਰਨ ਲਈ ਜਿੰਨੀ ਜੁੰਮੇਵਾਰੀਆਂ ਦੀ ਲੋੜ ਹੁੰਦੀ ਹੈ। ਗਿਆਨੀ ਦਿਤ ਸਿੰਘ ਜੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਦੇ ਤੇ ਨਿਭਾਉਂਦੇ ਸਨ। ਉਨ੍ਹਾਂ ਨੇ ਆਪਣੇ ਨਿਜੀ ਖਿਆਲਾਂ ਨੂੰ ਕੌਮੀ-ਲਾਭਾਂ ਤੇ ਕੁਰਬਾਨ ਕਰ ਰਖਿਆ ਸੀ। ਉਨ੍ਹਾਂ ਦੀ ਜ਼ਬਾਨ ਤੇ ਕਲਮ ਸਿਖ-ਮੁਫਾਦ ਦੇ ਰਸਤੇ ਤੇ ਰੰਚਕ ਮਾਤ੍ਰ ਭੀ ਏਧਰ ਉਧਰ ਨਹੀਂ ਸਨ

ਹੁੰਦੀਆਂ। ਉਹ ਅੰਗ੍ਰੇਜ਼ ਦੀ ਉਸਤਤੀ ਕਰਦੇ ਸਨ ਪ੍ਰੰਤੂ ਇਸ ਲਈ ਨਹੀਂ ਕਿ ਉਹ ਉਸ ਨੂੰ ਚੰਗਾ ਜਾਣਦੇ ਸਨ; ਸਗੋਂ ਇਸ ਲਈ ਕਿ ਉਨ੍ਹਾਂ ਨੇ ਅੰਗਰੇਜ਼ ਨਾਲ ਮਿਲਵਰਤਣ ਕਰਕੇ ਸਿਖੀ–ਪ੍ਰਚਾਰ ਲਈ ਰਾਹ ਸਾਫ ਕਰਨਾ, ਪ੍ਰਚਾਰ ਨਾਲ ਸੁਤੀ ਹੋਈ ਸਿਖ ਕੌਮ ਨੂੰ ਹਲੂਣਾ ਦੇਕੇ ਜਗਾਉਣਾ, ਅਤੇ ਅਪਣੇ ਪੈਰਾਂ ਪਰ ਖੜਾ ਕਰਨਾ ਚਾਹੁੰਦੇ ਸਨ। ਇਸ ਆਦਰਸ਼ ਦੀ ਪ੍ਰਾਪਤੀ ਵਿਚ ਉਨ੍ਹਾਂ ਨੂੰ ਬਹੁਤ ਹਦ ਤਕ ਕਾਮਯਾਬੀ ਹੋਈ। ਉਨ੍ਹਾਂ ਹਰ ਗੱਲ ਦੇ ਪਿਛੇ ਸਿਖੀ ਦੀ ਉਨਤੀ ਦੀ ਪ੍ਰੀਤ ਕੰਮ ਕਰਦੀ ਹੋਈ ਸਾਫ ਵਿਖਾਈ ਦਿੰਦੀ ਸੀ।

ਜਿਹਾ ਕੁ ਸ਼ੁਰੂ ਵਿਚ ਦਸ ਆਏ ਹਾਂ ਸਿਖ ਰਾਜ ਦੇ ਪਿਛੋਂ ਸਿਖ ਧਰਮ ਤੇਜੀ ਨਾਲ ਖਤਮ ਹੋ ਰਿਹਾ ਸੀ। ੧੮੮੧ ਦੀ ਮਰਦਮ ਸ਼ੁਮਾਰੀ ਸਮੇਂ ਸਾਰੇ ਦੇਸ ਵਿਚ ਸਿਖ ਇਕ ਕਰੋੜ ਦੀ ਗਿਣਤੀ ਤੋਂ ਹੇਠਾਂ ਆਕੇ ਕੇਵਲ ੧੮ ਲਖ ੫੩ ਹਜ਼ਾਰ ਅਤੇ ੪੨੬ ਹੀ ਰਹਿ ਗਈ ਸੀ। ਸਿਖੀ ਦੀ ਗਿਰਾਵਟ ਇਸ ਹਦ ਤਕ ਹੇਠਾਂ ਜਾ ਚੁਕੀ ਸੀ ਆਰੀਆ ਸਮਾਜੀ, ਈਸਾਈ ਅਤੇ ਕਾਦਆਨੀ ਹਾਲਾਂ ਇਸ ਪਰ ਪੂਰੇ ਜੋਰ ਨਾਲ ਚੋਟਾ ਕਰ ਰਹੇ ਸਨ। ਜੇਕਰ ਉਨ੍ਹਾਂ ਚੋਟਾ ਦਾ ਮੂੰਹ ਤੋੜਵਾਂ ਉਤਰ ਨਾ ਦਿਤਾ ਜਾਂਦਾ ਤਾਂ ਗੁਰੂ ਹੀ ਜਾਣਦਾ ਹੈ ਕਿ ਸਿਖੀ ਦਾ ਕੀ ਬਣਦਾ। ਇਸ ਖਤਰਨਾਕ ਸਮੇਂ ਵਿਚ ਗਿਆਨੀ ਦਿਤ ਸਿੰਘ ਜੀ ਨੇ ਅਪਣੇ ਮੁਠੀ ਭਰ ਸਾਥੀਆਂ ਸਮੇਤ ਲੇਖਾਂ ਅਤੇ ਵਖਿਆਨਾ ਨਾਲ ਵਿਰੋਧੀਆਂ ਨੂੰ ਮੂੰਹ ਤੋੜਵਾਂ ਉਤਰ ਦਿਤਾ। ਕਿਸੇ ਵੀ ਸ਼੍ਰੇਣੀ ਦੇ ਕਿਸੇ ਵਡੇ ਤੋਂ ਵਡੇ ਪ੍ਰਚਾਰਕ ਨੂੰ ਭੀ ਉਹਨਾਂ ਦੇ ਸਾਹਮਣੇ ਆਕੇ ਬਹਿਸ ਕਰਨ

ਦਾ ਹੌਸਲਾ ਨਹੀਂ ਸੀ ਪੈਂਦਾ। ਏਥੇ ਤਕ ਕਿ ਸਵਾਮੀ ਦਯਾ ਨੰਦ ਜਿਹਾ ਨੂੰ ਭੀ ਉਨ੍ਹਾਂ ਦੇ ਸਾਹਮਣੇ ਆ ਕੇ ਤਿੰਨ ਵਾਰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਆਰੀਆ–ਸਮਾਜ ਨੇ ਪੰਜਾਬ ਵਿਚ ਸਿਖਾਂ ਦੀ ਸਹਾਇਤਾ ਨਾਲ ਹੀ ਪੈਰ ਜਮਾਏ ਸਨ ਅਤੇ ਇਹ ਕੰਮ ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਦਾ ਹੀ ਸੀ ਜੋ ਉਨ੍ਹਾਂ ਤੇ ਸਮਾਜੀ ਗਲਬੇ ਨੂੰ ਸਿਖੀ ਜੀਵਨ ਤੋਂ ਵਗਾਹ ਮਾਰਿਆ ਪੰਜਾਬ ਵਿਚ ਸਭ ਕੀਤੀ ਕਰਾਈ ਪਰ ਗਿਆਨੀ ਦਿਤ ਸਿੰਘ ਜੀ ਨੂੰ ਪਾਣੀ ਫੇਰਦੇ ਵੇਖਕੇ ਆਰੀਆ ਸਮਾਜੀ ਸਜਣ ਬੜੇ ਪ੍ਰੇਸ਼ਾਨ ਹੋਏ। ਉਨ੍ਹਾਂ ਨੇ ਗਿਆਨੀ ਜੀ ਵਿਰੁਧ ਨਾ ਕੇਵਲ ਅਪਣੇ ਅਖਬਾਰ ਵਿਚ ਹੀ ਮਜ਼ਮੂਨ ਲਿਖੇ; ਸਗੋਂ ਗਿਆਨੀ ਦਿਤ ਸਿੰਘ ਦੀ 'ਕੁਕੜੂ ਘੂੰ' ਆਦਿ ਕਈ ਟ੍ਰੈਕਟ ਛਾਪ ਕੇ ਭੀ ਵੰਡੇ। ਜਿਸ ਸਮੇਂ ਫਰੀਦ ਕੋਟ ਦੇ ਰੁਪਏ ਨਾਲ ਅੰਮ੍ਰਿਤਸਰ ਦੇ ਦੀਵਾਨ ਦੇ ਮੋਢੀ ਦੀ ਸ਼ਹਿ ਤੇ ਗਿਆਨੀ ਜੀ ਵਿਰੁਧ ਮੁਕਦਮਾ ਚਲ ਰਿਹਾ ਸੀ, ਠੀਕ ਉਸੇ ਵੇਲੇ ਆਰੀਆ ਸਮਾਜੀਆਂ ਨੇ ਅਪਣੀ ਸਾਰੀ ਪ੍ਰਾਪੇਗੰਡਾ ਮਸ਼ੀਨਰੀ ਮੈਦਾਨ ਵਿਚ ਉਤਾਰਕੇ ਉਨ੍ਹਾਂ ਤੇ ਹਮਲਾ ਕਰ ਦਿਤਾ; ਪ੍ਰੰਤੂ ਫੌਲਾਦੀ ਇਰਾਦੇ ਦੇ ਮਾਲਕ ਗਿਆਨੀ ਦਿਤ ਸਿੰਘ ਪਰ ਇਹਨਾਂ ਹਮਲਿਆਂ ਦਾ ਕੋਈ ਅਸਰ ਨਾ ਹੋਇਆ ਅਤੇ ਉਹ ਪੂਰੀ ਲਗਨ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਿਸ਼ਨ ਦੀ ਪੂਰਤੀ ਵਲ ਲਗੇ ਰਹੇ ਅਤੇ ਸਾਰੀਆਂ ਕਠਿਨਾਈਆਂ ਅਤੇ ਮੁਸੀਬਤਾਂ ਦਾ ਖਿੜੇ ਮਥੇ ਟਾਕਰਾ ਕੀਤਾ।

ਗਿਆਨੀ ਦਿਤ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ

ਦੀ ਹਿਮਤ ਦਾ ਨਤੀਜਾ ਇਹ ਹੋਇਆ ਕਿ ਸਿਖ ਪੰਥ ਫੇਰ ਚੜ੍ਹਦੀਆਂ ਕਲਾਂ ਵਿਚ ਜਾਣ ਲਗਾ। ੧੮੮੧ ਤਕ ਦੀ ਗਿਰਾਵਟ ਨੂੰ ਵੇਖਕੇ ਉਨਾਂ ਜਿਸ ਤਨ ਦੇਹੀ ਨਾਲ ਕੰਮ ਕੀਤਾ, ਉਸਦਾ ਨਤੀਜਾ ਦਸਾਂ ਸਾਲਾਂ ਵਿਚ ਸਿਖਾਂ ਦੀ ਗਿਣਤੀ ਘਟਣ ਦੀ ਥਾਂ ਵਧੀ ਅਤੇ ੧੮੯੧ ਦੀ ਮਰਦਮ ਸੁਮਾਰੀ ਵਿਚ ੧੯੦੭੮੩੩ ਹੋ ਗਈ। ਗਿਆਨੀ ਜੀਦੇ ਜੀਵਨ ਵਿਚ ਇਸ ਤੋਂ ਅਗਲੀ ਮਰਦਮ ਸੁਮਾਰੀ ੧੯੦੧ ਵਿਚ ਹੋਈ ਅਤੇ ਉਸ ਮਰਦਮ ਸ਼ੁਮਾਰੀ ਵਿਚ ਇਹ ਗਿਣਤੀ ੨੧੯੫੩੩੯ ਤਕ ਪੁਜ ਗਈ ਸੀ। ਇਸ ਤਰਾਂ ਸਿੰਘ ਸ਼ਭੀਆ ਦੀ ਵੀਹ ਕੁ ਸਾਲਾਂ ਦੀ ਜਦੋ ਜਹਿਦ ਦਾ ਨਤੀਜਾ ਸਿਖਾਂ ਦੀ ਗਿਣਤੀ ਵਿਚ ੩੩੧੯੧੦ ਦਾ ਵਾਧਾ ਹੋ ਗਿਆ ਅਤੇ ਹੋਰ ਵਾਧੇ ਦੀ ਆਸ ਸਾਫ ਨਜ਼ਰ ਆਉਣ ਲਗੀ।

ਇਨ੍ਹਾਂ ਸਚਾਈਆਂ ਨੂੰ ਸਾਹਮਣੇ ਰਖਕੇ ਅਸੀਂ ਇਸ ਸਿਟੇ ਪਰ ਪੁਜਦੇ ਹਾਂ ਕਿ ਗਿਆਨੀ ਦਿਤ ਸਿੰਘ ਜੀ ਦੇ ਸਿਰ ਪਰ ਪੰਥਕ ਉਨਤੀ ਲਈ ਕੀਤੇ ਹੇਠ ਲਿਖੇ ਕੰਮਾਂ ਦਾ ਸੇਹਰਾ ਬਝਦਾ ਹੈ:-

(੧) ਆਰੀਆ ਸਮਾਜ ਤੇ ਈਸਾਈਆਂ ਦੇ ਹਮਲਿਆਂ ਤੋਂ ਸਿਖ ਧਰਮ ਦੀ ਰਖਿਆ ਕਰਨੀ।

(੨) ਖਾਲਸਾ ਕਾਲਜ ਕਾਇਮ ਕਰਨਾ।

(੩) ਸਿਖਾਂ ਵਿਚੋਂ ਬੇਦੀਆਂ ਤੇ ਸੋਢੀਆਂ ਦੇ ਗੁਰੂ ਡੰਮ ਦਾ ਖਾਤਮਾ ਕਰਨਾ।

(੪) ਵਿਆਹ ਜਨਮ ਤੇ ਮਰਨ ਸਬੰਧੀ ਰੀਤਾਂ ਨੂੰ ਗੁਰ ਮਰਯਾਦਾ ਅਨੁਸਾਰ ਕਰਨ ਲਈ ਲਹਿਰ ਚਲਾਉਣੀ।

(੫) ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਤੇ ਸਰੋਵਰਾਂ ਦੀਆਂ ਪ੍ਰਕਰਮਾਂ ਵਿਚੋਂ ਮੂਰਤੀ ਪੂਜਾ ਤੇ ਬੁਤ ਪੂਜਾ ਦਾ ਖਾਤਮਾ ਕਰਨ।

(੬) ਸਿਖਾਂ ਵਿਚੋਂ ਉਚ ਨੀਚ ਤੇ ਛੂਤ ਛਾਤ ਦੂਰ ਕਰਨ ਲਈ ਪ੍ਰਚਾਰ ਕਰਨਾ।*

---

*ਇਸ ਪ੍ਰਚਾਰ ਦਾ ਅਸਰ ਸਰ ਸੁੰਦਰ ਸਿੰਘ ਜੀ ਮਜੀਠੀਆ ਅਤੇ ਉਨ੍ਹਾਂ ਦੇ ਕੁਝ ਨੌਜਵਾਨ ਸਾਥੀਆਂ ਨੇ ਸਭ ਤੋਂ ਪਹਿਲਾਂ ਕਬੂਲਿਆ, ਜਿਸ ਸਮੇਂ ਗਿਆਨੀ ਦਿਤ ਸਿੰਘ ਜੀ ਲਾਹੌਰ ਵਿਚ ਪੂਰੇ ਜ਼ੋਰ ਨਾਲ ਪ੍ਰਚਾਰ ਵਿਚ ਲਗੇ ਹੋਏ ਸਨ, ਸਰ ਸੁੰਦਰ ਸਿੰਘ ਜੀ ਮਜੀਠੀਆ ਉਸ ਸਮੇਂ ਲਾਹੌਰ ਗੌਰਮਿੰਟ ਕਾਲਜ ਵਿਚ ਪੜ੍ਹਦੇ ਸਨ ਉਨ੍ਹਾਂ ਆਪਣੇ ਕੁਝ ਨੌਜਵਾਨ ਸਾਥੀਆਂ ਸਮੇਤ ਸਭ ਤੋਂ ਪਹਿਲਾਂ ਗਿਆਨੀ ਦਿਤ ਸਿੰਘ ਜੀ ਨਾਲ ਇਕ ਪੰਗਤ ਵਿਚ ਬੈਠਕੇ ਪ੍ਰਸ਼ਾਦਿ ਛਕਿਆ। ਇਸ ਦੇ ਪਿਛੋਂ ਜਦ ਉਹ ਚੀਫ ਖਾਲਸਾ ਦੀਵਾਨ ਦੇ ਕਰਤਾ ਧਰਤਾ ਬਣੇ ? ਤਦ ਉਨ੍ਹਾਂ ਨੇ ਅਖੌਤੀ ਅਛੂਤ ਸਿਖਾਂ ਦੀ ਉਨਤੀ ਅਤੇ ਸਿਖਾਂ ਵਿਚੋਂ ਛੂਤ ਛਾਤ ਦੂਰ ਕਰਨ ਲਈ ਸ਼ਾਨਦਾਰ ਕੰਮ ਕੀਤਾ।

ਇਸ ਤਰਾਂ ਗਿਆਨੀ ਦਿਤ ਸਿੰਘ ਜੀ ਦੀ ਛੂਤ ਛਾਤ ਦੂਰ ਕਰਨ ਦੀ ਲਹਿਰ ਵਧੀ ਫੁਲੀ। ਚੀਫ ਖਾਲਸਾ ਦੀਵਾਨ ਨੇ ਇਸ ਨੂੰ ਸਫਲ ਬਨਾਉਣ ਲਈ ਵਿਤ ਅਨੁਸਾਰ ਚੰਗਾ ਯਤਨ ਕੀਤਾ। ਅਕਾਲੀ ਲਹਿਰ ਸਮੇਂ ਤਾਂ ਇਹ ਲਹਿਰ ਪੂਰੀ ਤਰਾਂ ਪ੍ਰਫੁਲਤ ਹੋ ਚੁਕੀ ਸੀ।

# ਫੌਜੀ ਵੀਰਾਂ ਨਾਲ ਪਿਆਰ

ਗਿਆਨੀ ਦਿਤ ਸਿੰਘ ਜੀ ਸਿਖ ਫੌਜੀਆਂ ਨਾਲ ਬੜਾ ਪਿਆਰ ਕਰਦੇ ਸਨ। ਦੂਜੇ ਪਾਸੇ ਸਿਖ ਫੌਜੀ ਭੀ ਆਪ ਦਾ ਬਹੁਤ ਮਾਣ ਤੇ ਸਤਿਕਾਰ ਕਰਦੇ ਸਨ। ਖਾਲਸਾ ਅਖਬਾਰ ਦੀ ਫਾਇਲ ਵੇਖਣ ਤੋਂ ਪਤਾ ਲਗਦਾ ਹੈ ਕਿ ਅਖਬਾਰ ਲਈ ਵਧੇਰੇ ਚੰਦਾ ਅਤੇ ਸਹਾਇਤਾ ਫੌਜੀਆਂ ਵਲੋਂ ਹੀ ਆਉਂਦੀ ਸੀ*।

ਗਿਆਨੀ ਜੀ ਦੇ ਦਿਲ ਵਿਚ ਫੌਜੀਆਂ ਦਾ ਪਿਆਰ ਵਧੇਰੇ ਇਸ ਲਈ ਸੀ ਕਿ ਉਹ ਸਿਖੀ ਦਾ ਨਮੂਨਾ ਸਨ ਅਤੇ ਦੇਸ਼ਾਂ ਪ੍ਰਦੇਸਾਂ ਵਿਚ ਜਾਕੇ ਗੁਰਦਵਾਰੇ ਬਨਾਉਂਦੇ ਅਤੇ ਸਿਖੀ ਦਾ ਪ੍ਰਚਾਰ ਕਰਦੇ ਸਨ। ਇਧਰ ਗਿਆਨੀ ਦਿਤ ਸਿੰਘ ਜੀ ਦੇ ਜੀਵਨ ਦਾ ਤਾਂ ਨਿਸ਼ਾਨਾ ਹੀ ਸਿਖੀ ਦਾ ਪ੍ਰਚਾਰ ਸੀ। ਇਸ ਲਈ ਉਹ ਫੌਜੀਆਂ ਨੂੰ ਕਿਉਂ ਨਾ ਪਿਆਰਦੇ। ਉਸ ਸਮੇਂ ਸਿਖ ਪੰਥ ਜਿਸ ਗਿਰਾਵਟ ਵਿਚ ਸੀ ਉਸ ਤੋਂ ਕਢਣ

---

*ਅਖਬਾਰ ਤੇ ਪ੍ਰੈਸ ਕਿਉਂਕਿ ਖਾਲਸਾ ਦੀਵਾਨ ਲਾਹੌਰ ਦੇ ਸਨ ਇਸ ਲਈ ਹਿਸਾਬ ਕਿਤਾਬ ਦੀ ਸਫਾਈ ਲਈ ਗਿਆਨੀ ਜੀ ਆਏ ਚੰਦਿਆਂ ਤੇ ਸਹਾਇਤਾ ਦਾ ਵੇਰਵਾ ਹਰ ਹਫਤੇ ਛਾਪ ਦਿਤਾ ਕਰਦੇ ਸਨ।

ਲਈ ਸਿਖ ਫੌਜੀਆਂ ਤੋਂ ਚੰਗਾ ਕੰਮ ਹੋਰ ਕੋਈ ਨਹੀਂ ਸੀ ਕਰ ਸਕਦਾ। ਦੂਜੇ ਸ਼ਬਦਾਂ ਵਿਚ ਉਸ ਸਮੇ ਸਿਖ ਫੌਜੀਆਂ ਦੇ ਰੂਪ ਵਿਚ ਹੀ ਸਿਖੀ ਦੀ ਰਵਾਇਤ ਕਾਇਮ ਸੀ।

ਫੌਜੀਆਂ ਤੇ ਗਿਆਨੀ ਜੀ ਵਿਚਕਾਰ ਕਿਤਨਾ ਪਿਆਰ ਸੀ। ਇਸ ਦੀ ਇਕ ਮਿਸਾਲ ਅਸੀ ਹੇਠ ਦਿੰਦੇ ਹਾਂ। ਇਸ ਤੋਂ ਇਹ ਭੀ ਪਤਾ ਲਗ ਜਾਵੇਗਾ ਕਿ ਫੌਜੀ ਸਿਖ ਗਿਆਨੀ ਜੀ ਦਾ ਕਿਤਨਾ ਮਾਣ ਕਰਦੇ ਸਨ।

੯ ਜੁਲਾਈ ੧੯੦੦ ਈਸਵੀ ਨੂੰ ੧੪ ਨੰਬਰ ਸਿਖ ਪਲਟਨ ਚੀਨ ਨੂੰ ਜਾਂਦੀ ਹੋਈ ਲਾਹੌਰ ਦੇ ਰੇਲਵੇ ਸਟੇਸ਼ਨ ਪਰ ਪੁਜੀ। ਇਸ ਪਲਟਨ ਦੇ ਆਉਣ ਦੀ ਇਤਲਾਹ ਪਲਟਨ ਦੇ ਮਾਸਟਰ ਸ੍ਰ: ਬੀਰ ਸਿੰਘ ਨੇ ਪਹਿਲਾਂ ਹੀ ਖਾਲਸਾ ਅਖਬਾਰ ਦੇ ਪ੍ਰਬੰਧਕਾਂ ਨੂੰ ਦੇ ਦਿਤੀ ਸੀ।

ਪਲਟਨ ਵਲੋਂ ਇਛਿਆ ਪ੍ਰਗਟ ਕੀਤੀ ਗਈ ਸੀ ਕਿ ਗਿਆਨੀ ਦਿਤ ਸਿੰਘ ਜੀ ਸ਼ਹਿਰ ਦੇ ਮੁਖੀ ਪਤਵੰਤਿਆਂ ਸਮੇਤ ਰੇਲਵੇ ਸਟੇਸ਼ਨ ਤੇ ਦਰਸ਼ਨ ਦੇਣ।

ਗਿਆਨੀ ਦਿਤ ਸਿੰਘ ਜੀ ਲਾਹੌਰ ਦੇ ਪਤਵੰਤੇ ਸਿੰਘਾ ਸ੍ਰ: ਮੇਹਰ ਸਿੰਘ ਜੀ ਚਾਵਲਾ ਭਾਈ ਮਈਆ ਸਿੰਘ ਜੀ ਮੈਨੇਜਰ ਖਾਲਸਾ ਪ੍ਰੈਸ ਤੇ ਭਾਈ ਹਰਨਾਮ ਸਿੰਘ ਆਦਿ ਦਰਜਨ ਕੁ ਸਜਣਾਂ ਸਮੇਤ ਰੇਲਵੇ ਸਟੇਸ਼ਨ ਪਰ ਫੌਜੀ ਸਿੰਘਾਂ ਲਈ ਜਲ ਪਾਣੀ ਦਾ ਪ੍ਰਬੰਧ ਕਰਕੇ ਪੁਜ ਗਏ।

੧੩ ਜੁਲਾਈ ੧੯੦੦ ਦੇ ਖਾਲਸਾ ਅਖਬਾਰ ਵਿਚ ਇਸ ਪ੍ਰੇਮ ਮਿਲਣ ਦੇ ਸਮਾਚਾਰ ਇਸ ਤਰ੍ਹਾਂ ਪ੍ਰਕਾਸ਼ਤ ਕੀਤੇ ਗਏ:-

'ਪਹਿਲੇ ਲੈਫਟ ਵਿੰਗ ਦੀ ਗਡੀ ਆਈ ਜਿਸ ਵਿਚ ਸੂਬੇਦਾਰ ਨਾਰਾਇਣ ਸਿੰਘ ਜੀ ਸੂਬੇਦਾਰ ਤਾਰਾ ਸਿੰਘ ਜੀ, ਜਮਾਦਾਰ ਸੁੰਦਰ ਸਿੰਘ ਜੀ, ਸੂਬੇਦਾਰ ਦੇਵਾ ਸਿੰਘ ਜੀ, ਜਮਾਦਾਰ ਮਤਾਬ ਸਿੰਘ ਜੀ ਜਮਾਦਾਰ ਸੁੰਦਰ ਸਿੰਘ ਜੀ, ਜਮਾਦਾਰ ਸਾਵਣ ਸਿੰਘ ਜੀ, ਜਮਾਦਾਰ ਵਸਾਵਾ ਸਿੰਘ ਜੀ, ਬਾਬੂ ਹਰਨਾਮ ਸਿੰਘ ਜੀ, ਹੈਡ ਕਲਰਕ, ਕਮਾਨ ਅਫਸਰ ਤੇ ਹੋਰ ਅੰਗ੍ਰੇਜ਼ ਅਫਸਰ ਸਨ। ਜਦ ਸਟੇਸ਼ਨ ਤੇ ਗਡੀ ਪੁਜੀ ਤਾਂ ਦੋ ਪਾਸਿਆਂ ਤੋਂ ਜੈਕਾਰੇ ਗਜਾਏ ਗਏ ਅਰ ਸਭ ਸ੍ਰਦਾਰ ਵਡੇ ਪ੍ਰੇਮ ਨਾਲ ਸਿੰਘਾ ਨੂੰ ਮਿਲੇ ਜਿਨ੍ਹਾਂ ਨੇ ਵਡੀ ਕਿਰਪਾ ਕੀਤੀ। ਜਿਸ ਤੋਂ ਮਗਰੋਂ ਫੌਜ ਨੂੰ ਜਲ ਪਾਣੀ ਛਕਾਇਆ ਗਿਆ। ਸਭ ਆਪਸ ਵਿਚ ਭਾਈਆਂ ਵਾਂਗ ਮਿਲੇ। ਉਸ ਸਮੇਂ ਸੂਬੇਦਾਰ ਨਰੈਣ ਸਿੰਘ ਜੀ ਸਾਹਿਬ ਨੇ ਸਾਰੀ ਪਲਟਨ ਵਲੋਂ ਮਾਇਆ ਗਿਆਨੀ ਦਿਤ ਸਿੰਘ ਜੀ ਨੂੰ ਸਿਰੋ ਪਾਓ ਦੇ ਤੌਰ ਤੇ ਪ੍ਰਦਾਨ ਕੀਤੀ, ਜੋ ਧੰਨਵਾਦ ਸਾਹਿਬ ਅੰਗੀਕਾਰ ਕਰਕੇ ਖਾਲਸਾ ਅਖਬਾਰ ਦੀ ਭੇਟਾ ਕੀਤੀ ਗਈ।

ਇਸੀ ਤਰ੍ਹਾਂ ੨੫) ਪਲਟਨ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਖਾਲਸਾ ਸਭਾ ਲਈ ਪ੍ਰਦਾਨ ਕੀਤੇ ਗਏ। ਹੋਰ ਪ੍ਰੇਮ ਦੇ ਬਚਨ ਬਿਲਾਸ ਕਰਕੇ ਗਡੀ ਤੁਰ ਪਈ ਅਤੇ ਜੈਕਾਰੇ ਗਜਾਏ ਗਏ।'

'ਇਸ ਤੋਂ ਮਗਰੋਂ ਫਿਰ ਛੇ ਵਜੇ ਸ਼ਾਮ ਨੂੰ ਰਾਈਟਵਿੰਗ ਦੀ ਗਡੀ ਆਈ। ਜਿਸ ਪਰ ਉਸੇਤਰ੍ਹਾਂ ਖਾਲਸਾ ਫਿਰ ਇਕਤਰ ਸੀ। ਇਸ ਗਡੀ ਵਿਚ ਸ੍ਰੀ ਯੁਤ ਸਰਦਾਰ ਮਾਨ ਸਿੰਘ ਸਾਹਿਬ ਸੂਬੇਦਾਰ ਮੇਜਰ ਸੂਬੇਦਾਰ ਹੀਰਾ ਸਿੰਘ ਜੀ

ਸੂਬੇਦਾਰ ਮਿਤ ਸਿੰਘ ਜੀ, ਸੂਬੇਦਾਰ ਅਤਰ ਸਿੰਘ ਜੀ, ਜਮਾਦਾਰ ਕਿਹਰ ਸਿੰਘ ਜੀ, ਜਮਾਦਾਰ ਉਤਮ ਸਿੰਘ ਜੀ, ਜਮਾਦਾਰ ਮਲ ਸਿੰਘ ਜੀ, ਜਮਾਦਾਰ ਅਤਰ ਸਿੰਘ ਜੀ ਅਤੇ ਅੰਗ੍ਰੇਜ਼ ਫੌਜੀ ਅਫਸਰ ਸਾਹਿਬਾਨ ਭੀ ਸਨ।

ਪਹਿਲੇ ਉਸੀ ਤਰ੍ਹਾਂ ਗਡੀ ਪੂਜਣ ਤੇ ਦੋਨਾਂ ਪਾਸਿਆਂ ਤੋਂ ਫਤਹ ਦੇ ਜੈਕਾਰੇ ਗਜਾਏ ਗਏ ਫੇਰ ਸਾਰੇ ਸਰਦਾਰ ਬੜੇ ਪ੍ਰੇਮ ਨਾਲ ਮਿਲੇ। ਇਸ ਮੌਕੇ ਮਰ ਸੂਬੇਦਾਰ ਮੇਜਰ ਸ੍ਰ: ਮਾਨ ਸਿੰਘ ਨੇ ੫੦) ਆਪਣੇ ਵਲੋਂ ਦਿਤ ਸਿੰਘ ਗਿਆਨੀ ਨੂੰ ਸਿਰੋਪਾ ਦੇ ਪ੍ਰਦਾਨ ਕੀਤੇ। ਜਿਸ ਪਰ ਗਿਆਨੀ ਜੀ ਨੇ ਉਹ ਧੰਨਵਾਦ ਸਹਿਤ ਸਵੀਕਾਰ ਕਰਕੇ ਖਾਲਸਾ ਅਖਬਾਰ ਦੇ ਫੰਡ ਵਿਚ ਹੀ ਅਰਪਨ ਕਰ ਦਿਤੇ। ਇਤਨੇ ਪਰ ਗਡੀ ਚਲ ਪਈ ਤੇ ਸਭ ਖਾਲਸੇ ਨੇ ਫਤਹ ਦੇ ਜੈਕਾਰੇ ਗਜਾਏ।'

ਇਸ ਤੋਂ ਪਤਾ ਲਗ ਜਾਂਦਾ ਹੈ ਕਿ ਫੌਜੀ ਸਿੰਘ ਤੇ ਸਰਦਾਰ ਗਿਆਨੀ ਜੀ ਨੂੰ ਕਿਤਨੀ ਪੂਜਯ-ਹਸਤੀ ਸਮਝਕੇ ਪਿਆਰਦੇ ਤੇ ਸਤਿਕਾਰਦੇ ਸਨ।'

ਗਿਆਨੀ ਜੀ ਨੂੰ ਸਿਖ ਫੌਜੀਆਂ ਤੇ ਇਸ ਲਈ ਹੀ ਮਾਣ ਸੀ ਕਿ ਉਹ ਨਮੂਨੇ ਦੇ ਸਿਖ ਸਨ। ਉਨ੍ਹਾਂ ਦਾ ਕੰਮ ਸਿਖੀ ਆਸ਼ੇ ਅਨੁਸਾਰ ਹੁੰਦਾ ਸੀ। ਉਹ ਅੰਗਰੇਜ਼ੀ ਰਾਜ ਦਾ ਸਿਖ ਪੰਥ ਲਈ ਇਹੋ ਲਾਭ ਦਸਦੇ ਸਨ। ਕਿ ਫੌਜਾਂ ਵਿਚ ਭਰਤੀ ਹੋਕੇ ਨਮੂਨੇ ਦੇ ਸਿਖ ਪ੍ਰਦੇਸਾਂ ਵਿਚ ਜਾਂਦੇ ਸਨ ਅਤੇ ਦਸਮੇਸ਼ ਪਿਤਾ ਦਾ ਕੇਸਰੀ ਝੰਡਾ ਝੁਲਾਕੇ ਸਿਖੀ ਦਾ ਬੀਜ ਬੀਜ ਆਉਂਦੇ ਸਨ। ਜੋ ਇਕ ਨਾ ਇਕ ਦਿਨ ਫਲਕੇ ਜਰੂਰ ਪ੍ਰਫੁਲਤ ਹੋਵੇਗਾ ਮਲਕਾ ਵਿਕਟੋਰੀਆ ਦੀ ਮੌਤ ਤੇ ਗੁਰਦਵਾਰਾ

ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਲਾਹੌਰ ਵਿਖੇ ਇਕ ਭਾਰੀ ਮਾਤਮੀ ਦੀਵਾਨ ਵਿਚ ਗਿਆਨੀ ਜੀ ਨੇ ਜੋ ਭਾਸ਼ਣ ਦਿਤਾ, ਉਸ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਗਿਆਨੀ ਜੀ ਨੇ ਮਲਕਾ ਮਹਾਰਾਣੀ ਦੇ ਰਾਜ ਨੂੰ ਚੰਗਾ ਦਸਦਿਆਂ ਹੋਇਆਂ ਇਸ ਤਰਾਂ ਸਿਖ ਨੁਕਤਾ ਨਿਗਾਹ ਪੇਸ਼ ਕੀਤਾ:-

ਖਾਸ ਕਰਕੇ ਖਾਲਸਾ ਜੀ ਨੂੰ ਤਾਂ ਇਸ ਰਾਜ ਤੋਂ ਬਹੁਤ ਹੀ ਲਾਭ ਪਹੁੰਚਿਆ ਹੈ। ਜਿਸ ਤੇ ਚੀਨ ਮਲਾਇਆ, ਮਾਂਡਲੇ, ਕਾਲੇ ਪਾਣੀ ਅਤੇ ਅਫਰੀਕਾ ਜੈਸੇ ਜੰਗਲੀ ਦੇਸਾਂ ਵਿਚ ਖਾਲਸਾ ਜੀ ਦੇ ਗੁਰਦਵਾਰੇ ਬਣੇ ਹਨ ਅਤੇ ਗੁਰਪੁਰਬ ਮਨਾਏ ਜਾਂਦੇ ਹਨ*।

ਇਹ ਸਭ ਸੇਵਾ ਸਿਖ ਫੌਜੀ ਹੀ ਕਰ ਰਹੇ ਸਨ। ਜਿਸ ਨੂੰ ਵੇਖਕੇ ਗਿਆਨੀ ਦਿਤ ਸਿੰਘ ਜੀ ਗਦ ਗਦ ਹੋਕੇ ਕਿਹਾ ਕਰਦੇ ਸਨ ਕਿ ਜਦ ਸਾਡੇ ਫੌਜੀ ਵੀਰ ਚੜ੍ਹਦੀਆਂ ਕਲਾਂ ਵਿਚ ਹਨ, ਸਿਖ ਕੌਮ ਜਰੂਰ ਚੜ੍ਹਦੀਆਂ ਕਲਾਂ ਵਿਚ ਜਾਵੇਗੀ।

—o—

*ਖਾਲਸਾ ਅਖਬਾਰ ਮਿਤੀ ੨੫ ਜਨਵਰੀ ੧੯੦੧।

# ਸਿੰਘ ਸਭੀਆਂ ਦੀ ਪਾਰਟੀ ਬਾਜ਼ੀ

ਇਸ ਤੋਂ ਪਹਿਲਾਂ ਅਸੀਂ ਸਿੰਘ ਸਭਾ ਲਹਿਰ ਤੇ ਚਾਨਣ ਪਾਉਂਦੇ ਹੋਏ ਅੰਮ੍ਰਿਤਸਰ ਤੇ ਲਾਹੌਰ ਖਾਲਸਾ ਦੀਵਾਨ ਦੇ ਝਗੜੇ ਦਾ ਵਰਨਨ ਕਰ ਆਏ ਹਾਂ ਪਾਠਕ ਸਮਝ ਗਏ ਹੋਣਗੇ ਕਿ ਭਾਈ ਗੁਰਮੁਖ ਸਿੰਘ ਜੀ ਨੂੰ ਪੰਥ ਦਾ ਤਨਖਾਹੀਆ ਕਿਉਂ ਕਰਾਰ ਦਿਤਾ ਗਿਆ ਅਤੇ ਗਿਆਨੀ ਦਿਤ ਸਿੰਘ ਵਿਰੁਧ ਮਕਦਮਾ ਕਿਉਂ ਚਲਾਇਆ ਗਿਆ। ਆਓ ਅਸੀਂ ਹੁਣ ਤੁਹਾਨੂੰ ਇਸ ਝਗੜੇ ਦੇ ਕਾਰਨਾਂ ਤੋਂ ਜਾਣੂ ਕਰਾਈਏ।

ਅੰਮ੍ਰਿਤਸਰ ਦੀਵਾਨ ਦੇ ਪ੍ਰਧਾਨ ਬਾਬਾ ਖੇਮ ਸਿੰਘ ਜੀ ਬੇਦੀ ਸਨ, ਜੋ ਚਾਹੁੰਦੇ ਸਨ ਕਿ ਉਨ੍ਹਾਂ ਦਾ ਗੁਰੂ ਡੰਮ ਚਾਲੂ ਰਹੇ। ਉਨ੍ਹਾਂ ਅਤੇ ਹੋਰ ਸੋਢੀ ਤੇ ਬੇਦੀਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਗਦੀਆਂ ਲਾਕੇ ਬੈਠਣ ਤੇ ਪੂਜਾ ਕਰਵਾਉਣ ਦੀ ਇਛਆ ਤਦ ਹੀ ਪੂਰੀ ਹੋ ਸਕਦੀ ਸੀ ਜੇਕਰ ਸਿਖ ਗੁਰ ਮਰਯਾਦਾ ਤੇ ਨਾ ਚਲਣ ਅਤੇ ਇਹ ਕਦੋਂ ਸੰਭਵ ਸੀ ਕਿ ਹਿੰਦੂ ਸਿਖ ਮਿਲ ਗੋਭਾ ਹੋਏ ਰਹਿਣ ਏਹੋ ਕਾਰਨ ਸੀ ਕਿ ਉਹ ਸਿੰਘ ਸਭਾ ਦੇ ਅੰਦਰ ਆਕੇ ਇਸ ਨੂੰ ਇਨਕਲਾਬ ਪੈਦਾ ਕਰਨ ਤੋਂ ਰੋਕਣਾ ਚਾਹੁੰਦੇ ਸਨ। ਰਾਜਾ ਸਾਹਿਬ ਫ਼ਰੀਦ ਕੋਟ ਸ੍ਰੀ ਬਿਕਰਮ ਸਿੰਘ ਅਤੇ ਕੁਝ ਵਡੇ ੨ ਸਰਦਾਰ ਉਨ੍ਹਾਂ ਦੇ

ਅਸਰ ਹੇਠ ਸਨ।

ਦੂਜੇ ਪਾਸੇ ਲਾਹੌਰ ਦੀਵਾਨ ਦੇ ਸਜਣ ਇਹ ਗੁਰੂ ਡਮ ਖਤਨ ਕਰਨ ਪਰ ਤੁਲੇ ਹੋਏ ਸਨ। ਇਸ ਦੇ ਨਾਲ ਹੀ ਉਹ ਹਿੰਦੂਆਂ ਤੇ ਸਿਖਾਂ ਨੂੰ ਵਖ ਵਖ ਕਰਨਾ ਚਾਹੁੰਦੇ ਸਨ। ਰਸਮਾਂ, ਰੀਤਾਂ, ਗੁਰਮਤ ਅਨੁਸਾਰ ਕਰਨ ਦੇ ਹਕ ਵਿਚ ਸਨ ਅਤੇ ਮੂਰਤੀ ਪੂਜਾ, ਬੁਤ ਪੂਜਾ ਖਤਮ ਕਰਨ ਦੇ ਨਾਲ ਹੀ ਸਿਖਾਂ ਵਿਚ ਛੂਤ ਛਾਤ ਅਤੇ ਊਚ ਨੀਚ ਨੂੰ ਮੁਕਾਉਣਾ ਉਨ੍ਹਾਂ ਦੇ ਪ੍ਰੋਗਰਾਮ ਦਾ ਇਕ ਮੁਖ ਹਿਸਾ ਸੀ। ਜਿਸ ਨੂੰ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਉਨ੍ਹਾਂ ਦੇ ਸਾਥੀ ਪਸੰਦ ਨਹੀਂ ਸਨ ਕਰਦੇ। ੧੯੯੬ ਤਕ ਤਾਂ ਇਹ ਖਿਚੜੀ ਅੰਦਰ ਹੀ ਅੰਦਰ ਰਿਝਦੀ ਰਹੀ।

ਉਸ ਦੇ ਪਿਛੋਂ ਇਹ ਝਗੜਾ ਬਾਹਰ ਆਗਿਆ।

ਬਾਬਾ ਖੇਮ ਸਿੰਘ ਬੇਦੀ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਨਜ਼ਰਾਂ ਵਿਚ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਵਧੇਰੇ ਖਟਕਦੇ ਸਨ ਅਤੇ ਇਨਾ ਦੋਹਾਂ ਨੂੰ ਬਦਨਾਮ ਕਰਣ ਲਈ ਉਹ ਸਭ ਜਾਇਜ਼ ਤੇ ਨਾ ਜਾਇਜ਼ ਹਥਿਆਰਾਂ ਨੂੰ ਵਰਤਦੇ ਸਨ।

ਪ੍ਰੋਫੈਸਰ ਗੁਰਮੁਖ ਸਿੰਘ ਜੀ ਕੋਈ ਅਮੀਰ ਖਾਨਦਾਨ ਨਾਲ ਸਬੰਧ ਨਹੀਂ ਸੀ ਰਖਦੇ। ਉਨ੍ਹਾਂ ਦਾ ਪਿਤਾ ਕਪੂਰਥਲਾ ਦੇ ਕੰਵਰ ਬਿਕਰਮ ਸਿੰਘ ਪਾਸ ਲਾਂਗਰੀ ਦਾ ਕੰਮ ਕਰਦਾ ਸੀ। ਗੁਰਮੁਖ ਸਿੰਘ ਨੂੰ ਬੜਾ ਹੋਣਹਾਰ ਮੁੰਡਾ ਵੇਖਕੇ ਕੰਵਰ ਸਾਹਿਬ ਉਸ ਤੇ ਰੀਝ ਗਏ ਅਤੇ ਉਸ ਦੀ ਵਿਦਿਆ ਦਾ ਸਾਰਾ ਭਾਰਾ ਅਪਣੇ ਉਪਰ ਲੈ ਲਿਆ। ਜਿਸ ਕਰਕੇ ਉਸ ਨੇ ਚੰਗੀ

ਵਿਦਿਆ ਪ੍ਰਾਪਤ ਕਰ ਲਈ। ਇਤਨਾ ਪੜ੍ਹਿਆ ਲਿਖਿਆ ਆਦਮੀ ਉਸ ਸਮੇਂ ਚੰਗੀ ਸਰਕਾਰੀ ਨੌਕਰੀ ਪ੍ਰਾਪਤ ਕਰ ਸਕਦਾ ਸੀ ਪ੍ਰੰਤੂ ਗੁਰਮੁਖ ਸਿੰਘ ਦਾ ਝੁਕਾ ਬਚਪਨ ਤੋਂ ਹੀ ਪੰਥ ਸੇਵਾ ਵਲ ਸੀ, ਇਸ ਲਈ ਉਸ ਨੇ ਲਾਹੌਰ ਆ ਡੇਰੇ ਲਾਏ ਅਤੇ ਓਰੀਅੰਟਲ ਕਾਲਜ ਵਿਚ ਅਸਟੈਂਟ ਪ੍ਰੋਫੈਸਰ ਲਗਕੇ ਅਪਣਾ ਵੇਹਲਾ ਸਮਾ ਪੰਥ ਸੇਵਾ ਵਿਚ ਦੇਣ ਲਗੇ। ਇਥੇ ਹੀ ਗਿਆਨੀ ਦਿਤ ਸਿੰਘ ਜੀ ਨਾਲ ਉਨ੍ਹਾਂ ਦਾ ਮਿਲਾਪ ਹੋਇਆ ਅਤੇ ਦੋਵੇਂ ਮਿਲਕੇ ਸਿਖੀ ਦੀ ਸੇਵਾ ਵਿਚ ਲਗ ਗਏ।

ਦੋਵੇਂ ਵਿਦਵਾਨ ਸਨ। ਦੋਵੇਂ ਚੰਗੇ ਵਿਖਆਨ ਦਾਤਾ ਸਨ ਛੇਤੀ ਹੀ ਉਹ ਪ੍ਰੈਸ ਤੇ ਪਲੈਟ ਫਾਰਮ ਦਵਾਰਾ ਸਿਖੀ ਮੰਡਲ ਵਿਚ ਛਾ ਗਏ। ਕੰਵਰ ਬਿਕਰਮ ਸਿੰਘ ਜੀ ਅਤੇ ਸ੍ਰਦਾਰ ਸਰ ਅਤਰ ਸਿੰਘ ਜੀ ਭਦੌੜ ਜਿਹੇ ਸ੍ਰਦਾਰ ਇਨ੍ਹਾਂ ਦੀ ਪਿਠ ਪਰ ਸਨ। ਇਸ ਲਈ ਇਹ ਤੇਜੀ ਨਾਲ ਆਪਣੇ ਨਿਸ਼ਾਨੇ ਵਲ ਵਧਣ ਲਗੇ।

ਬਾਬਾ ਖੇਮ ਸਿੰਘ ਜੀ ਬੇਦੀ ਤੇ ਉਨ੍ਹਾਂ ਦੇ ਸਾਥੀ ਇਹ ਗਲ ਨਾ ਸਹਾਰ ਸਕੇ ਕਿ ਸਿਖਾਂ ਦੀ ਲੀਡਰੀ ਉਨ੍ਹਾਂ ਲੋਕਾਂ ਦੇ ਹਥ ਵਿਚ ਹੋਵੇ ਕਿ ਜੋ ਸ੍ਰਦਾਰਾਂ ਰਈਸਾਂ ਵਿਚੋਂ ਨਾ ਹੋਣ।

ਇਸ ਦੇ ਨਾਲ ਹੀ ਉਨ੍ਹਾਂ ਨੂੰ ਇਨ੍ਹਾਂ ਦੀ ਤਾਕਤ ਵਧਣ ਨਾਲ ਸੋਢੀਆਂ ਤੇ ਬੇਦੀਆਂ ਦਾ ਚੜ੍ਹਤ ਮਠੀ ਹੋਣ ਦਾ ਭੀ ਡਰ ਸੀ। ਇਸ ਲਈ ਉਹ ਪੂਰੀ ਤਾਕਤ ਨਾਲ ਇਨ੍ਹਾਂ ਨੂੰ ਨੀਵਾਂ ਵਿਖਾਣ ਲਈ ਲਗ ਪਏ। ਇਨ੍ਹਾਂ ਵਿਰੁਧ ਤਰਾਂ ਤਰਾਂ ਦੇ ਦੂਸ਼ਣ ਲਾਏ ਜਾਣ ਲਗੇ ਅਤੇ ਗਾਲਾਂ ਦਿਤੀਆਂ ਜਾਣ ਲਗੀਆਂ। ਗਿਆਨੀ ਦਿਤ ਸਿੰਘ ਜੀ ਨੂੰ ਚਮਿਆਰ ਅਤੇ

ਪ੍ਰੋਫੈਸਰ ਗੁਰਮੁਖ ਸਿੰਘ ਨੂੰ 'ਲਾਗਰੀ ਦਾ ਤੁ......' ਤਕ ਆਖਿਆ ਜਾਣ ਲਗਾ। ਕਈ ਵਾਰ ਤਾਂ ਲਾਹੌਰ ਵਿਚ ਸਾਜ਼ਸ ਰਚ ਕੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਜਾਨ ਲੈਣ ਦਾ ਭੀ ਯਤਨ ਕੀਤਾ ਗਿਆ ਜਦ ਕਿ ਉਨ੍ਹਾਂ ਨੂੰ ਭਜਕੇ ਜਾਲੰਧਰ ਵਿਚ ਆਪਣੇ ਮੇਹਰਬਾਨ ਕੰਵਰ ਬਿਕਰਮ ਸਿੰਘ ਦੇ ਮਕਾਨ ਤੇ ਪਨਾਹ ਲੈਣੀ ਪਈ।

ਇਹ ਸੀ ਝਗੜਾ ਤੇ ਉਸ ਦੇ ਕਾਰਨ । ਇਸ ਵਿਚ ਇਕ ਵਾਰ ਵਿਰੋਧੀ ਧੜਾ ਸਫਲ ਹੁੰਦਾ ਹੋਇਆ ਵਿਖਾਈ ਦੇਣ ਲਗਾ। ੧੮੮੭ ਈਸਵੀ ਵਿਚ ਜਦ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੂਤ ਛਾਤ ਦੂਰ ਕਰਨ ਵਿਰੁਧ ਛੇਕਿਆ ਗਿਆ ਤੇ ਗਿਆਨੀ ਦਿਤ ਸਿੰਘ ਜੋ ਵਿਰੁਧ ਮੁਕਦਮਾ ਖੜਾ ਕੀਤਾ ਗਿਆ ਤਾਂ ਉਨ੍ਹਾਂ ਦੇ ਪ੍ਰੋਗਰਾਮ ਨੂੰ ਭਾਰੀ ਸਟ ਵਜੀ। ਪ੍ਰੈਸ ਤੇ ਅਖਬਾਰ ਬੰਦ ਕਰਨੇ ਪਏ।

ਪ੍ਰੋਫੈਸਰ ਗੁਰਮੁਖ ਸਿੰਘ ਦਾ ਸੁਧਾਰਕ ਰਿਸਾਲਾ ਭੀ ਬੰਦ ਹੋ ਗਿਆ। ਇਸ ਸਮੇਂ ਇਓ ਮਲੂਮ ਹੁੰਦਾ ਸੀ ਕਿ ਲਾਹੌਰ ਦੀਵਾਨ ਮੁੜ ਸਿਰ ਨਹੀਂ ਚੁਕ ਸਕੇਗਾ ਅਤੇ ਪ੍ਰੋ: ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਮੁੜ ਅਗੇ ਆਕੇ ਕੰਮ ਨਹੀਂ ਕਰ ਸਕਣਗੇ।

ਇਸ ਝਗੜੇ ਨਾਲ ਖਾਲਸਾ ਕਾਲਜ ਸਕੀਮ ਨੂੰ ਅਮਲੀ ਰੂਪ ਦੇਣ ਦਾ ਕੰਮ ਭੀ ਪਿਛੇ ਪੈ ਗਿਆ; ਪ੍ਰੰਤੂ ਇਹ ਹਾਲਤ ਬਹੁਤ ਚਿਰ ਤਕ ਨਹੀਂ ਰਹੀ।

ਸ੍ਰਦਾਰ ਸਰ ਅਤਰ ਸਿੰਘ ਭਦੌੜ ਅਤੇ ਭਾਈ ਕਾਹਨ ਸਿੰਘ ਨਾਭੇ ਦੀ ਸਹਾਇਤਾ ਨਾਲ ਨਾਭਾ ਦਰਬਾਰ ਤੋਂ

ਸਹਾਇਤਾ ਪ੍ਰਾਪਤ ਕਰਕੇ ਇਹ ਦੋਵੇਂ ਸਾਥੀ ਮੁੜ ਆਪਣੇ ਨਿਸ਼ਾਨੇ ਵਲ ਅਗੇ ਵਧਣ ਲਗੇ। ਆਖਰਕਾਰ ਉਹ ਆਪਣੇ ਮਨੋਰਥਾਂ ਵਿਚ ਬਹੁਤ ਹਦ ਤਕ ਸਫਲ ਹੋਏ ਦੂਜਾ ਧੜਾ ਪਿਛੇ ਹਟ ਗਿਆ ਅਤੇ ਖਾਲਸਾ ਕਾਲਜ ਬਨਾਉਣ ਦਾ ਸੇਹਰਾ ਭੀ ਲਾਹੌਰ ਦੀਵਾਨ ਦੇ ਸਿਰ ਹੀ ਬਝਾ।

ਸੋ ਇਸ ਗਲੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗਿਆਨੀ ਦਿਤ ਸਿੰਘ ਜੀ ਨੇ ਬੜੇ ਬਿਖੜੇ ਸਮੇਂ ਵਿਚ ਪੰਥਕ ਸੇਵਾ ਦਾ ਬੀੜਾ ਚੁਕਿਆ। ਅਤੇ ਕੋਈ ਭੀ ਰੋਕ ਉਨ੍ਹਾਂ ਦੇ ਪਕੇ ਇਰਾਦੇ ਨੂੰ ਰੋਕ ਨਾ ਸੱਕੀ ਤੇ ਉਹ ਮੁਸੀਬਤ ਦਾ ਟਾਕਰਾ ਖਿੜੇ ਮਥੇ ਕਰਦੇ ਰਹੇ ਤੇ ਅੰਤ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ।

# ਗਿਆਨੀ ਜੀ ਦੀ ਲੇਖਣੀ

ਗਿਆਨੀ ਦਿਤ ਸਿੰਘ ਜੀ ਚੋਟੀ ਦੇ ਵਿਦਵਾਨ ਤੇ ਲਿਖਾਰੀ ਸਨ। ਇਹ ਗਲ ਅਸੀਂ ਪਹਿਲੇ ਹੀ ਦਸ ਆਏ ਹਾਂ ਕਿ ਸਿੰਘ ਸਭਾ ਲਹਿਰ ਦੀ ਚੜ੍ਹਤ ਆਪ ਦੀ ਜਬਾਨ ਤੇ ਕਲਮ ਦਾ ਹੀ ਸਦਕਾ ਸੀ। ਆਪ ਵਾਰਤਕ ਭੀ ਲਿਖਦੇ ਸਨ ਤੇ ਕਵਿਤਾ ਹੁੰਦੀ ਸੀ ਕਵਿਤਾ ਆਪ ਹਿੰਦੀ ਅਤੇ ਪੰਜਾਬੀ ਦੋਹਾਂ ਜਬਾਨਾਂ ਵਿਚ ਕਹਿੰਦੇ ਸਨ। ਪ੍ਰੰਤੂ ਲਿਖਦੇ ਸਦਾ ਗੁਰਮੁਖੀ ਅਖਰਾਂ ਵਿਚ ਹੀ ਸਨ। ਉਨ੍ਹਾਂ ਦੀ ਲਿਖਤ ਵਿਚ ਦਲੀਲ ਦਾ ਇਨਾਂ ਜੋਰ ਹੁੰਦਾ ਸੀ ਕਿ ਵਿਰੋਧੀ ਭੀ ਉਸਨੂੰ ਪੜ੍ਹਕੇ ਅਸਰ ਕਬੂਲ ਕਰਨ ਤੋਂ ਨਹੀ ਸਨ ਰਹਿ ਸਕਦੇ।

ਆਪ ਦੀ ਕਲਮ ਦਾ ਵਹਿਣ ਇਤਨਾ ਤੇਜ਼ ਸੀ ਕਿ ਜਦ ਉਹ ਲਿਖਣ ਬੈਠਦੇ ਤਾਂ ਵੇਖਣ ਵਾਲੇ ਉਨ੍ਹਾਂ ਦੀ ਤੇਜੀ ਨੂੰ ਵੇਖਕੇ ਹੈਰਾਨ ਰਹਿ ਜਾਂਦੇ। ਵਸ਼ੇਸ਼ਤਾਂ ਦੀ ਗਲ ਇਹ ਸੀ ਕਿ ਆਪ ਇਕ ਵਾਰ ਦਾ ਲਿਖਿਆ ਮੁੜ ਪੜਨ ਤੋਂ ਬਿਨਾਂ ਹੀ ਪ੍ਰੈਸ ਵਿਚ ਦੇ ਦਿੰਦੇ ਸਨ ਅਤੇ ਉਸ ਵਿਚ ਕੋਈ ਲਗ ਮਾਤਰ ਤਕ ਦੀ ਭੀ ਗਲਤੀ ਨਹੀਂ ਸੀ ਹੁੰਦੀ।

ਆਪ ਦੀਆਂ ਪੁਸਤਕਾਂ ਕਵਿਤਾ ਤੇ ਵਾਰਤਕ ਦੋਨਾਂ ਵਿਚ ਹਨ ਅਤੇ ਲਗ ਭਗ ਸਾਰੀਆਂ ਹੀ ਗੁਰਮਤ ਫਿਲਾਸਫੀ ਪਰ ਹਨ। ਜਿਨਾਂ ਵਿਚ ਜਾਤਪਾਤ ਅਤੇ ਛੂਤ ਛਾਤ ਦਾ

ਖੰਡਨ ਕੀਤਾ ਗਿਆ ਹੈ। ਕੁਝ ਪੁਸਤਕਾਂ ਸਿਖ ਇਤਹਾਸ ਪਰ ਭੀ ਹਨ। ਅਤੇ ਕੁਝ ਪੁਸਤਕਾਂ ਵਿਚ ਇਹ ਸਾਬਤ ਕੀਤਾ ਗਿਆ ਹੈ ਕਿ ਸਿਖ ਹਿੰਦੂ ਨਹੀਂ ਹਨ ਹੇਠਾਂ ਅਸੀ ਉਨ੍ਹਾਂ ਦੀਆਂ ਕੁਝ ਪੁਸਤਕਾਂ ਦਾ ਵੇਰਵਾ ਦਿੰਦੇ ਹਾਂ:–

(੧) ਸਿੰਘਣੀਆਂ ਦੇ ਸਿਦਕ
(੨) ਤਾਰਾ ਸਿੰਘ ਵਾਈਏ ਦੀ ਸ਼ਹੀਦੀ
(੩) ਸਿਖ ਬਚੇ ਦੀ ਸੱਚੀ ਸ਼ਹੀਦੀ
(੪) ਕਲਗੀਧਰ ਉਪਕਾਰ
(੫) ਗੁਰੂ ਅਰਜਨ ਚਿਰਿਤਰ
(੬) ਨਾਨਕ ਪ੍ਰਬੋਧ
(੭) ਜਨਮਸਾਖੀ ਗੁਰੂ ਨਾਨਕ ਸਾਹਿਬ ਜੀ
(੮) ,, ,, ਅਮਰਦਾਸ ਜੀ
(੯) ,, ,, ਅਰਜਨ ਦੇਵ ਜੀ
(੧੦) ,, ,, ਹਰਿ ਰਾਏ ਜੀ
(੧੧) ,, ,, ਹਰਿ ਕ੍ਰਿਸ਼ਨ ਜੀ
(੧੨) ਸਰਹਦ ਪਰ ਪਲਟਨ ਨੰ: ੧੫ ਦੀ ਬਹਾਦਰੀ
(੧੩) ਭਾਰਤ ਮੰਗਲ ਕਲਗੀਧਰ ਉਪਕਾਰ
(੧੪ ਪੰਥ ਸੁਧਾਰ ਬਿਨੈ ਪਤ੍ਰ
(੧੫) ਦੰਭ ਬਿਦਾਰਨ।
(੧੬) ਦੁਰਗਾ ਪ੍ਰਬੋਧ।
(੧੭) ਨਕਲੀ ਸਿਖ ਪ੍ਰਬੋਧ।
(੧੮) ਹਮ ਹਿੰਦੂ ਨਹੀਂ।

(੧੯) *ਗੁਰਮਤ ਆਰਤੀ ਪ੍ਰਬੋਧ।
(੨੦) ਅੰਮ੍ਰਿਤ ਵਧਾਈ।
(੨੧) ਭਗਤ ਮੰਗਲ।
(੨੨) ਖਾਲਸਾ ਧਰਮ ਸੰਸਕਾਰ ਵਿਧੀ।
(੨੩) ਪੰਥ ਸੁਧਾਰਿਕ ਬਿਨਯ ਪਤਰ।
(੨੪) ਸੁਲਤਾਨ ਪੁਆੜਾ।
(੨੫) ਰਾਜ ਪ੍ਰਬੋਧ।
(੨੬) ਸਮਸਿਆ ਪੂਰਤੀ।
(੨੭) ਖਾਲਸਾ ਪਤਰਾ।

---

*ਕਿਹੜੀ ਗਲੋਂ ਹੋਵੰਦੇ,
ਇਤਨੇ ਵਡੇ ਹੈਰਾਨ।
ਇਹ ਦੀਵਿਆਂ ਦੀ ਆਰਤੀ,
ਕਰਦੇ ਲੋਗ ਅਜਾਨ।
ਗੁਰਮਤ ਨਹੀਂ ਵੀਚਾਰਦੇ,
ਅੰਨਮਤੀ ਦੇ ਤਾਣ।
ਦੇਖੋ ਦੇਖੀ ਸਿੰਘ ਇਹ,
ਉਲਟੇ ਰਸਤੇ ਜਾਣ।
ਗੁਰਮਤ ਦੀ ਜੋ ਆਰਤੀ,
ਪਰਗਟ ਕਰੀ ਬਨਾਇ।
ਪੜੇ ਸੁਣੇ ਜੋ ਪ੍ਰੇਮ ਸੇ,
ਦੇਵੇ ਭਰਮ ਮਿਟਾਇ।

(੨੮) *ਨਵਾਂ ਨਕਲੀ ਸਿਖ ਪ੍ਰਬੋਧ।
(੨੯) ਮੇਰਾ ਅਤੇ ਸਾਧੂ ਦਯਾ ਨੰਦ ਜੀ ਦਾ ਸੰਬਾਦ।
(੩੦) ਡਰਪੋਕ ਸਿੰਘ।
(੩੧) ਸੁਬੇਗ ਸਿੰਘ ਦੀ ਸ਼ਹੀਦੀ।
(੩੨) ਮੀਂਰਾਂ ਕੋਟੀਏ ਮਹਿਤਾਬ ਸਿੰਘ ਦੀ ਬਹਾਦਰੀ।
(੩੩) ਭਾਈ ਤਾਰੂ ਸਿੰਘ ਦੀ ਸ਼ਹੀਦੀ
(੩੪) †ਧਰਮ ਦਰਪਣ

---

*ਇਸ ਵਿਚ ਉਨ੍ਹਾਂ ਅਕ੍ਰਿਤਘਨ ਪੁਰਸ਼ਾਂ ਦਾ ਵਰਨਣ ਹੈ ਜਿਨਾ ਨੇ ਦਸਮ ਗੁਰੂ ਜੀ ਦੇ ਵਡੇ ਵਡੇ ਉਪਕਾਰਾਂ ਨੂੰ ਭੁਲਾ ਦਿਤਾ ਜੋ ਉਨ੍ਹਾਂ ਨੇ ਅਪਨੇ ਘਰ, ਧਨ; ਮਾਲ, ਪਿਆਰੇ ਪੁਤ੍ਰ ਅਤੇ ਸਰੀਰ ਨੂੰ ਭੀ ਇਨ੍ਹਾਂ ਤੇ ਕੁਰਬਾਨ ਕਰਕੇ ਕੀਤਾ ਅਤੇ ਉਸਦਾ ਬਦਲਾ ਅਜ ਕਲ ਦੇ ਸਿਖ ਇਹ ਦਿੰਦੇ ਹਨ ਕਿ ਉਨਾ ਦੇ ਅਸਲੀ ਧਾਰਮਿਕ ਉਪਦੇਸ਼ਾਂ ਨੂੰ ਭੁਲਾਕੇ ਨਕਲ਼ ਕਰਦੇ ਹਨ। ਭਾਈ ਗੁਰਦਾਸ ਜੀ ਦੇ ਇਸ ਸਾਰਟੀ-ਫੀਕੇਟ 'ਮਦ ਵਿਚ ਰਿਧਾ ਪਾਇਕੇ ਕੁਤੇ ਦਾ ਮਾਸ। ਧਰਿਆ ਮਾਨਸ ਖੋਪਰੀ ਤਿਨ ਮੰਦੀ ਵਾਸ।' ਤੋਂ ਅਰੰਭ ਹੁੰਦਾ ਹੈ।

†ਸੁਨੋ ਜਗਤ ਦੇ ਸਾਰੇ ਲੋਗੋ ਜੋ ਤੁਮ ਦੀਨ ਚਲਾਏ।
ਆਪਣੇ ਭਾਣੇ ਮੁਕਤੀ ਦੇ ਹਨ ਰਸਤੇ ਤੁਸੀਂ ਬਨਾਏ।
ਸਤ ਧਰਮ ਦੇ ਪਿਆਰਿਓ ਮਨ ਦੇ ਕਰੋ ਵਿਚਾਰ।
ਹੰਸ ਵਾਗਾਂ ਦੁਧੋਂ ਤੁਸੀਂ ਪਾਣੀ ਲਵੋ ਨਿਤਾਰ।
ਹੇ ਪ੍ਰਮੇਸ਼ਰ ਕਿਰਪਾ ਕਰ ਤੂੰ ਸਭ ਦੇ ਘਟ ਵਿਚ ਬਹਕੇ।
(ਬਾਕੀ ਫੁਟਨੋਟ ਸਫ਼ਾ ੭੫ ਦੇ ਹੇਠ)

(੩੫ ਬੋਤਾ ਸਿੰਘ ਦੀ ਸ਼ਹੀਦੀ
(੩੬) ਗੁਗਾ ਗਪੋੜਾ
(੩੭) ਦੰਭ ਵਿਦਾਰਨ
(੩੮) ਪੰਥ ਪ੍ਰਬੋਧ
(੩੯) ਸਰਾਧ ਪਰ ਸੇਲਾਨੀ ਸਿੰਘ ਦੋ ਹਿਸੇ
(੪੦) ਨੀਤੀ ਪ੍ਰਕਾਸ਼
(੪੧) ਦਿਤ ਹਰੀ ਉਪਦੇਸ਼ ਮਾਲਾ
(੪੨) ਪ੍ਰਤਿਗਯਾ ਪਾਲਨ ਆਦਿ ਅਨੇਕਾ ਪੁਸਤਕਾਂ ਛਾਪ ਕੇ ਵਿਕ ਚੁਕੀਆਂ ਹਨ। ਇਸ ਤੋਂ ਬਿਨਾਂ ਗਿਆਨੀ ਜੀ ਦੇ ਕੁਝ ਹਥ-ਲਿਖਤ ਖਰੜੇ ਉਨ੍ਹਾਂ ਦੇ ਸਪੁਤ੍ਰ ਡਾਕਟਰ ਬਲਦੇਵ ਸਿੰਘ ਜੀ ਪਾਸ ਸਨ ਜਿਨਾਂ ਦਾ ਉਨ੍ਹਾਂ ਦੀ ਬੇਵਕਤ ਮੌਤ ਦੇ ਕਾਰਨ ਪਤਾ ਨਹੀਂ ਲਗ ਸਕਿਆ। ਕੁਝ ਖਰੜੇ ਪ੍ਰਾਈਵੇਟ ਤੌਰ ਪਰ ਛਪਵਾਕੇ ਮਹਾਰਾਜਾ ਗੁਰਚਰਨ ਸਿੰਘ ਨੇ ਫੀਰੋਜ਼ ਪੁਰ ਲਾਇਬਰੇਰੀ ਵਿਚ ਦਿਤੇ ਸਨ।

ਪੁਸਤਕਾਂ ਤੋਂ ਬਿਨਾਂ ਖਾਲਸਾ ਅਖਬਾਰ ਵਿਚ ਅਠ ਸਾਲ ਦੇ ਲਗ ਭਗ ਉਨ੍ਹਾਂ ਦੇ ਧੜਲੇਦਾਰ ਲੇਖ ਛਪਦੇ ਰਹੇ

---

(ਸਫਾ ੭੪ ਦੇ ਫੁਟਨੋਟ ਦੀ ਬਾਕੀ)

ਧਰਮ ਪ੍ਰੀਛਾ ਵਲ ਲਗਾਓ ਸਭ ਪੁਰਖਾਂ ਨੂੰ ਕਹਿਕੇ।
ਅਟਲ ਰਖ ਇਹ ਰਾਜ ਕੇਸਰੀ ਜਿਸ ਵਿਚ ਮਿਲੀ ਅਜ਼ਾਦੀ।
ਜਿਸ ਦੇ ਤੇਜ ਵਿਚ ਹਨ ਡਰਦੇ ਝੂਠੇ ਧਰਮ ਫਸਾਦੀ।
ਸਭ ਦੇਸਾਂ ਦੇ ਨਰਅਰ ਨਾਰੀ ਧਰਮ ਖਾਲਸਾ ਧਾਰਨ।
ਦਸਮ ਗੁਰੂ ਦੇ ਸੁਨ ਉਪਦੇਸ਼ਾਂ ਬੰਧਨ ਸਗਲ ਨਿਵਾਰਨ।

ਹਨ। ਇਸ ਤਰ੍ਹਾਂ ਪੰਜਾਬੀ ਦੇ ਸਾਹਿਤਕ ਖਜ਼ਾਨੇ ਵਿਚ ਵਾਰਤਕ ਤੇ ਕਵਿਤਾ ਦੇ ਬਹੁ-ਮੁਲੇ ਰਤਨ ਦੇਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਨੂੰ ਭਰਪੂਰ ਕੀਤਾ ਹੈ। ਇਸ ਕਰਕੇ ਸਿਖ ਪੰਥ ਦੇ ਨਾਲ ਹੀ ਪੰਜਾਬੀ ਸਾਹਿਤ ਭੀ ਉਨ੍ਹਾਂ ਦਾ ਉਪਕਾਰ ਕਦੇ ਨਹੀਂ ਭੁਲ ਸਕੇਗਾ।

ਉਨ੍ਹਾਂ ਦੀ ਜ਼ੋਰਦਾਰ ਲੇਖਣੀ ਦੇ ਕੁਝ ਨਮੂਨੇ ਅਸੀ ਹੇਠ ਦਿੰਦੇ ਹਾਂ।

ਹਿੰਦੀ ਕਵਿਤਾ ਦਾ ਨਮੂਨਾ ਗਿਆਨੀ ਜੀ ਦੇ ਅਖਬਾਰ ਖਾਲਸਾ ਵਿਚ ਇਤਿਹਾਸ, ਗੁਰਬਾਣੀ ਵਿਆਖਿਆ, ਚਲਤ ਮਾਮਲੇ ਅਤੇ ਨੀਤੀ ਬਚਨ ਆਦਿ ਲਈ ਵਖ ਵਖ ਕਾਲਮ ਰਖੇ ਹੋਏ ਸਨ। ਨੀਤੀ ਬਚਨ ਆਪ ਪਹਿਲਾਂ ਕਵਿਤਾ ਵਿਚ ਲਿਖਦੇ ਸਨ ਅਤੇ ਮੁੜ ਵਾਰਤਕ ਵਿਚ ਉਸ ਦੀ ਵਿਆਖਿਆ ਕੀਤਾ ਕਰਦੇ ਸਨ। ਇਸ ਵਿਚੋਂ ਕੁਝ ਕਵਿਤਾਵਾਂ ਇਸ ਪ੍ਰਕਾਰ ਹਨ।

ਜੈਸੇ ਜਲ ਵਰਖੇ ਮਾਨੋ ਫੂਲੇ ਫਲੇ ਨਾ ਬੈਤ।
ਤੈਸੇ ਹਿਤ ਉਪਦੇਸ਼ ਕੋ, ਮੂਰਖ ਜਨ ਤਜ ਦੇਤ।

(ਖਾਲਸਾ ਅਖਬਾਰ ੮ ਫਰਵਰੀ ੧੯੦੧)

ਦੋਹਿਰਾ–ਮਿਤਰ ਦ੍ਰੋਹੀ ਪਾਪ ਰਤ ਸੁਨਤ ਨਾ ਹਿਤ ਕੀ ਜੋਇ।
ਉਖਰ ਭੂਮੀ ਸਮ ਲਖੋ, ਕਭੂ ਨਾ ਸਫਲੋ ਹੋਇ।

(ਖਾਲਸਾ ਅਖਬਾਰ ਫਰਵਰੀ ੧੯੦੧)

ਦੋਹਿਰਾ–ਖ਼ਰਚ ਦੋਕੋ ਅਹੇ, ਪਹਿਲੇ ਸੁਖ ਕਾ ਮੂਲ।

ਪਰ ਪਾਛੇ ਪੜਨਾਮ ਇਸ ਹੋਵਤ ਅਤ ਸੂਲ।
(ਖਾਲਸਾ ਅਖਬਾਰ ੨੮ ਦਸੰਬਰ ੧੯੦੦)

ਦੋਹਿਰਾ—ਜੇਕਰ ਅਜੇ ਨਾ ਉਠਿਆ ਤੇਰੇ ਮਨਕਾ ਰੋਗ।
ਤਾਂ ਸੁਨ ਅਗੇ ਹੋਰ ਇਕ ਉਤਮ ਮਾਰਗ ਜੋਗ।
(੧੦੨)

ਪੀਪੇ ਜੀ ਨਿੰਦਤ ਕਹਾ ਧੂਪ ਦੀਪ ਨਈ ਵੇਦ।
ਨਹਿ ਚਾਹੀਏ ਇਸ ਪੁਰਖ ਕੋ ਸਮਝ ਰਿਦੇ ਮਹਿ ਭੇਦ।
(੧੦੩)
ਗੁਰਮਤ ਆਰਤੀ ਪ੍ਰਬੋਧ)

## ਪੰਜਾਬੀ ਕਵਿਤਾ ਦਾ ਨਮੂਨਾ

ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਵਿਚ ਭਾਈ ਜੀ ਨੂੰ ਕਸ਼ਟ ਦੇਣ ਦੇ ਪਿਛੋਂ ਨਾਜਮ ਦੀ ਹਾਲਤ ਇਸ ਪ੍ਰਕਾਰ ਵਰਨਣ ਕਰਦੇ ਹਨ।

ਦੈਯਾ- ਜਦ ਤਾਰੂ ਸਿੰਘ ਇਸ ਕਸ਼ਟ ਵਿਚ, ਬੈਠਾ ਗੁਰੂ ਧਿਆਏ।
ਤਾਂ ਨਾਜਮ ਦੀ ਇਹ ਅਨੀਤੀ, ਨਾ ਕਰਤਾਰ ਸੁਹਾਏ।
ਜਿਸ ਤੇ ਉਸ ਕਾਦਰ ਦੀ ਕੁਦਰਤ, ਐਸੀ ਉਸ ਪਰ ਵਰਤੀ।
ਤੰਗ ਜਾਨ ਤੇ ਆਇਆ ਪਾਣੀ, ਵੇਹਲ ਨਾ ਦਿੰਦੀ ਧਰਤੀ।
ਹੋਇ ਭੀ ਮਾਰ ਲਾਚਾਰ ਮਹਾ ਉਹ, ਜਿਸ ਦਿਨ ਹੈ ਦੁਖ ਪਾਂਦਾ।
ਨਾ ਬੋਲੇ ਨ ਚਲੇ ਰਾਈ ਨਾ ਪੀਵੇ ਨਾ ਖਾਂਦਾ।
ਚੜਿਆ ਪੇਟ ਅਫਾਰਾ ਉਹਦੇ, ਜਿਸ ਦੇ ਨਾਲ ਦੁਖਾਰਾ।

ਕਹੇ ਪੁਕਾਰ ਅੰਤ ਦੇ ਬੋਲੇ, ਰਾਖਾ ਪੰਥ ਹਮਾਰਾ।

ਭਾਈ ਬੋਤਾ ਸਿੰਘ ਦੀ ਸ਼ਹੀਦੀ ਵਿਚ ਜਦ ਫੌਜ ਦੇ ਹਾਕਮਾਂ ਨੇ ਉਨ੍ਹਾਂ ਨੂੰ ਆਣ ਕੇ ਵੰਗਾਰਿਆ ।

ਦਵਯਾ—ਇਤਨਾ ਸੁਬਦ ਜਦੋ ਹੋ ਅਗੇ ਕਿਹਾ ਖਾਨ ਨੇ ਆ ਕੇ।
ਸੁਨ ਦੇ ਸਾਰ ਹੋਇਆ ਮਨ ਗੁਸੇ, ਸਿੰਘ ਉਠੇ ਭਬਕਾ ਕੇ ।
ਜਿਸ ਤੇ ਰਤੀ ਭਰ ਭੀ ਨਾਹੀਂ, ਆਇਆ ਡਰ ਮਨ ਮਾਹੀ।
ਵੇਖ ਫੌਜ ਦਾ ਧਾਵਾ ਹੋਇਆ, ਚਿਤ ਡੁਲਾਇਆ ਨਾਹੀ।

ਗਿਆਨੀ ਦਿਤ ਸਿੰਘ ਜੀ ਪਿੰਗਲ ਦੇ ਪੰਡਤ ਸਨ । ਇਸ ਲਈ ਉਨ੍ਹਾਂ ਦੀ ਹਰ ਕਵਿਤਾ ਪਿੰਗਲ ਦੀ ਕਸਵਟੀ ਪਰ ਠੀਕ ਉਤਰਦੀ ਹੈ ਆਪ ਕਵਿਤਾ ਵਧੇਰੇ ਦੋਹਰਾ ਦਵਯੇ ਅਤੇ ਚੌਪਈ ਵਿਚ ਆਖਿਆ ਕਰਦੇ ਸਨ । ਪੁਰਾਨੇ ਵਿਦਵਾਨਾਂ ਵਾਂਗ ਉਨ੍ਹਾਂ ਦੀ ਪੰਜਾਬੀ ਬੋਲੀ ਵਿਚ ਭੀ ਭਾਸ਼ਾ ਦੀ ਝਲਕ ਪੈਣ ਲਗਦੀ ਹੈ। ਉਪਰ ਅਸੀਂ ਉਨ੍ਹਾਂ ਦੇ ਦੋਹਰੇ ਤੇ ਦਵਯੇ ਦੇ ਨਮੂਨੇ ਦੇ ਆਏ ਹਾਂ। ਹੁਣ ਚੌਪਈ ਦੇ ਨਮੂਨੇ ਦਿੰਦੇ ਹਾਂ।

ਚੌਪਈ ਲੈ ਭਾਈ ਸਿਖਾ ਇਹ ਜੋ ਬਾਣੀ।
ਅਸਲੀ ਦੁਧ ਵਾਂਗ ਮਧਾਨੀ।
ਸਚਾਈ ਦਾ ਮਖਣ ਕਦੇ।
ਅਨ ਮਾਤ ਦਾ ਬੰਧਨ ਕਦੇ।
ਪਰ ਕੀ ਕਰੀਏ ਘਰ ਦੇ ਲੋਗ।
ਪਏ ਕਰਾਵਨ ਕੰਮ ਅਯੋਗ।
ਚਿਤ ਪਾਠ ਮੈਂ ਉਸ ਦਾ ਕਰਦਾ।
ਅਮਲ ਨ ਕਰਦਾ ਘਰ ਤੋਂ ਡਰਦਾ।
ਜੇ ਮੈਂ ਗੁਰੂ ਗ੍ਰੰਥ ਤੇ ਚਲਾ।

ਸਚੇ ਗੁਰੂ ਦਾ ਰਸਤਾ ਮਲਾਂ।
ਇਹ ਮੇਰੀ ਘਰ ਦੀ ਨਾਰ।
ਵਿਚ ਕੁਟੰਬ ਕਰੇ ਗੀ ਖੁਆਰ।
ਘਰ ਵਿਚ ਚੁਕ ਲੜਾਈ ਪਾਊ।
ਵੇਲੇ ਸਿਰ ਨ ਅੰਨ ਪਕਾਊ।
ਪਰ ਅੰਮਾ ਭੀ ਹੋਊ ਗੁਸੇ।
ਬਾਪੂ ਜੀ ਭੀ ਬੈਠੂ ਰੁਸੇ।
ਅਹੇ ਗਲ ਤਾਂ ਚੰਗੀ ਤੇਰੀ।
ਇਹ ਦਲੀਲ ਚਾਹੁੰਦੀ ਮੇਰੀ।
ਘਰ ਘਰ ਦੇ ਹੁਣ ਕੁਲ ਬਖੇੜੇ।
ਦੇਵਣ ਜਾਣ ਨ ਸਿਖੀ ਨੇੜੇ।

ਚੌਪਈ ਦੇ ਇਹ ਛੰਦ ਗਿਆਨੀ ਜੀ ਨੇ ਨਕਲੀ ਸਿਖ ਪ੍ਰਬੋਧ ਵਿਚ ਉਸ ਸਮੇਂ ਨਕਲੀ ਸਿਖ ਦੇ ਮੂੰਹੋਂ ਅਖਵਾਏ ਹਨ ਜਦ ਉਹ ਗੁਰਮਤ ਦਾ ਕਾਇਲ ਹੋਕੇ ਅਨਮਤ ਛਡਣ ਲਈ ਰਾਜੀ ਹੋ ਜਾਂਦਾ ਹੈ ਪ੍ਰੰਤੂ ਨਾਲ ਹੀ ਆਪਣੀ ਮਜਬੂਰੀ ਦਸਦਾ ਹੈ ਕਿ ਜਿਨ੍ਹਾਂ ਕਰਕ ਉਹ ਗੁਰਮਤ ਪਰ ਚਲਣੋਂ ਡਰ ਰਿਹਾ ਹੁੰਦਾ ਹੈ ।

## ਵਾਰਤਕ ਦੇ ਨਮੂਨੇ

ਗਿਆਨੀ ਜੀ ਦੀ ਵਾਰਤਕ ਲੇਖਣੀ ਵਿਚ ਦਲੀਲ ਦਾ ਬਹੁਤ ਜ਼ੋਰ ਹੁੰਦਾ ਸੀ। ਉਹ ਇਤਹਾਸਕ ਮਿਸਾਲਾ ਦੇ ਕੇ ਅਤੇ ਢੁਕਵੇਂ ਸ਼ਬਦ ਤੇ ਮੁਹਾਵਰੇ ਤੇ ਅਖੌਤਾਂ ਇਸ ਪ੍ਰਕਾਰ

ਦਿੰਦੇ ਸਨ ਜੋ ਪੜਨ ਵਾਲਾ ਉਨ੍ਹਾਂ ਦੇ ਨੁਕਤਾ ਨਿਗਾਹ ਦੀ ਮੰਨਣ ਲਈ ਮਜ਼ਬੂਰ ਹੋ ਜਾਂਦਾ ਸੀ ਹੇਠਾਂ ਅਸੀਂ ਉਨ੍ਹਾਂ ਦੀ ਲਿਖਤ ਦਾ ਨਮੂਨਾ ਦਿੰਦੇ ਹਾਂ ਇਹ ਉਨ੍ਹਾਂ ਅਪਣੇ ਖਾਲਸਾ ਅਖਬਾਰ ਦੇ ੧੫ ਫਰਵਰੀ ੧੯੦੧ ਦੇ ਪਰਚੇ ਵਿਚ ਲਿਖਿਆ ਹੋਇਆ ਮੁਖ ਲੇਖ ਹੈ ਇਸ ਲੇਖ ਨੂੰ ਪੜ੍ਹ ਕੇ ਬਦੋ ਬਦੀ ਉਨ੍ਹਾਂ ਦੀ ਦਲੀਲ ਸ਼ਕਤੀ ਨੂੰ ਮੰਨਣ ਲਈ ਮਜਬੂਰ ਹੋਣਾ ਪੈਂਦਾ ਹੈ।

(ਲਿਖਤ ਦਾ ਨਮੂਨਾ)

## ਧਾਰਮਕ ਬਹਾਦਰਾਂ ਲਈ ਸਲਾਹ

ਜਦ ਅਸੀਂ ਦੁਨੀਆਂ ਦੇ ਬਾਦਸ਼ਾਹਾਂ ਦੇ ਜੰਗ ਵੱਲ ਦੇਖਦੇ ਹਾਂ ਤਦ ਇਕ ਉੱਤਮ ਨਜ਼ਾਰਾ ਪਾਉਂਦੇ ਹਾਂ, ਜਿਸਤੇ ਸਾਨੂੰ ਕਈ ਪ੍ਰਕਾਰ ਦੀ ਸ਼ਿਖਜਾ ਮਿਲਦੀ ਹੈ, ਕਿਉਂਕਿ ਜਦ ਬਾਦਸ਼ਾਹ ਅਪਨੇ ਸ਼ਤਰੂ ਨਾਲ ਮੁਕਾਬਲਾ ਕਰਦਾ ਹੈ ਤਦ ਅਪਣੀ ਫੌਜ ਨੂੰ ਅੱਛੇ ਢੰਗ ਪਰ ਦੁਸ਼ਮਨ ਵੱਲ ਢੋਹਿੰਦਾ ਹੈ, ਅਰ ਇਸ ਬਾਤ ਵੱਲ ਹਰ ਵੇਲੇ ਨਜ਼ਰ ਰਖਦਾ ਹੈ ਕਿ ਅਜੇਹੀ ਜਗਾ ਮੱਲੀ ਜਾਏ ਅਰ ਐਸੇ ਪਾਸਜੋਂ ਧਾਵਾ ਕੀਤਾ ਜਾਏ ਜਿਸਤੇ ਸਾਡੀ ਫ਼ੌਜ ਨੂੰ ਬਚਾਓ ਰਹੇ ਅਰ ਦੁਸ਼ਮਨ ਪਰ ਫਤੇ ਪਾਈ ਜਾਏ।

ਓਧਰ ਦੁਸ਼ਮਨ ਦਾ ਭੀ ਏਹੋ ਖਜ਼ਾਲ ਹੁੰਦਾ ਹੈ ਜੋ ਸ਼ਾਹੀ ਫ਼ੌਜ ਨੂੰ ਮਾਰਕੇ ਤਬਾਹ ਕੀਤਾ ਜਾਏ ਤਿਸਤੇ ਓਹ ਵਡੀ ਬਹਾਦਰੀ ਅਤੇ ਬੇਰਹਮੀ ਨਾਲ ਅੱਗ ਬਰਸਾਉਂਦਾ ਹੈ, ਜਿਸਤੇ ਕਈ ਬਹਾਦਰ ਸਪਾਹੀ ਜਾਨੋਂ ਮਾਰੇ ਜਾਂਦੇ ਹਨ ਅਰ ਕਈ

ਘਾਇਲ ਹੁੰਦੇ ਹਨ ਇਸੇ ਤਰ੍ਹਾਂ ਦੇ ਚਮਤਕਾਰ ਹੁੰਦਿਆਂ ਤਿਗਦਿਆਂ ਵਹਿੰਦਿਆਂ ਫੌਜ ਅੱਗੇ ਵਧਦੀ ਚਲੀ ਜਾਂਦੀ ਹੈ।

ਪਰੰਤੂ ਉਸ ਵਕਤ ਸ਼ਾਹੀ ਫ਼ੌਜ ਦੇ ਅਫਸਰ ਉਨ੍ਹਾਂ ਮੁਰਦਿਆਂ ਪਰ ਫੂੜੀ ਨਹੀਂ ਪਾ ਬੈਠਦੇ ਅਰ ਨਾ ਸੰਧਲਾ ਬੰਨ੍ਹਕੇ ਸਿਆਪਾ ਹੀ ਆਰੰਭਦੇ ਹਨ, ਇਸੀ ਤਰ੍ਹਾਂ ਘਾਇਲਾਂ ਦੇ ਨਾਲ ਮਿਲਕੇ ਭੀ ਉਹ ਉਨ੍ਹਾਂ ਵਾਂਗ ਹਾਇ ਹਾਇ ਨਹੀਂ ਪੁਕਾਰਦੇ, ਕਿੰਤੂ ਮੁਰਦਿਆਂ ਨੂੰ ਜਲਾ ਅਤੇ ਦਬਾਕੇ ਗੁੰਮ ਕਰਦੇ ਹਨ ਅਰ ਘਾਇਲਾਂ ਨੂੰ ਡਾਕਟਰਾਂ ਦੇ ਹਵਾਲੇ ਕਰਕੇ ਇਲਾਜ ਕਰਦੇ ਹਨ, ਅਰ ਬਾਕੀ ਦੀ ਤੰਦਰੁਸਤ ਫੌਜ ਨੂੰ ਦਲੇਰੀ ਦੇਂਦੇ ਹਨ।

ਇਸਤੇ ਬਿਨਾਂ ਇਕ ਹੋਰ ਬਾਤ ਕਰਦੇ ਹਨ ਕਿ ਜੋ ਸ਼ਾਹੀ ਤਾਕਤ ਲਈ ਬਹੁਤ ਹੀ ਉਮਦਾ ਹੁੰਦੀ ਹੈ, ਉਹ ਇਹ ਹੈ ਕਿ ਮੁਰਦਿਆਂ ਦੇ ਪਿਛਲਿਆਂ ਨੂੰ ਅਨਾਮ ਅਤੇ ਪਿੰਸ਼ਨਾਂ ਦੇਕੇ ਹੌਸਲਾ ਵਧਾਉਂਦੇ ਹਨ ਅਰ ਜੋ ਥੋੜਾ ਜ਼ਖਮੀ ਹੈ ਉਸ ਨੂੰ ਰਾਜ਼ੀ ਕਰਕੇ ਫਿਰ ਪਲਟਨ ਵਿਚ ਮਿਲਾਉਂਦੇ ਹਨ ਅਤੇ ਜੋ ਕੰਮ ਦੇ ਲਾਇਕ ਨਹੀਂ ਰਿਹਾ ਉਸ ਨੂੰ ਭੀ ਪਿੰਸ਼ਨ ਦੇਕੇ ਘਰ ਬਠਾਲ ਦੇਂਦੇ ਹਨ, ਜਿਸਤੇ ਓੜਕ ਨੂੰ ਦੁਸ਼ਮਨ ਪਰ ਫਤਹ ਹਾਸਲ ਕਰਦੇ ਹਨ। ਇਹ ਸਰਕਾਰੀ ਦੁਨਿਆਵੀ ਜੰਗ ਦਾ ਹਾਲ ਹੈ, ਜਿਸ ਤੇ ਦੁਨਿਆਵੀ ਰਾਜ ਅਟਲ ਰਹਿੰਦਾ ਹੈ।

ਏਹੋ ਦ੍ਰਿਸ਼ਟਾਂਤ ਸਚੇ ਧਾਰਮਕ ਈਸ਼੍ਵਰੀਯ ਰਾਜ ਦੇ ਰਖਣੇ ਪਰ ਭੀ ਪੂਰਾ ੨ ਘਟਦਾ ਹੈ, ਅਰ ਧਾਰਮਕ ਬਹਾਦਰਾਂ ਨੂੰ ਭੀ ਏਸੇ ਤਰ੍ਹਾਂ ਕਰਨਾਂ ਚਾਹੀਦਾ ਹੈ ਜਿਸਤੇ ਉਹ ਧਾਰਮਕ ਰਾਜ ਨੂੰ ਅਟਲ ਰੱਖ ਸਕਨਗੇ, ਅਰ ਕੁਰੀਤੀਆਂ ਪਰ ਫ਼ਤਹ

ਪਾਉਣਗੇ। ਖਾਲਸਾ ਧਰਮ ਦੇ ਸਚੇ ਹਿਤੈਸ਼ੀ ਧਾਰਮਕ ਸਪਾਹੀਆਂ ਦਾ ਭੀ ਅਨਮਤੀ ਕੁਰੀਤੀਆਂ ਨਾਲ ਜੰਗ ਹੋ ਰਿਹਾ ਹੈ, ਜਿਸ ਪਰ ਸਭ ਤੇ ਪਹਿਲੇ ਇਨ੍ਹਾਂ ਸਪਾਹੀਆਂ ਦਾ ਇਹ ਕਰਤਬਜ ਹੈ ਜੋ ਅਪਨੇ ਗੁਰਮਤ ਦੇ ਮੋਰਚੇ ਐਸੇ ਮਜ਼ਬੂਤ ਕਰਨ ਜਿਨ੍ਹਾਂ ਵਿਚ ਅਨਮਤੀ ਗੋਲੀ ਦਾ ਦਖਲ ਨਾ ਹੋਵੇ ਅਰ ਅਪਨੀ ਤਰੱਕੀ ਦਾ ਐਸਾ ਸਾਮਾਨ ਪੈਦਾ ਕਰਨ ਜਿਸ ਤੇ ਬਹੁਤ ਹੀ ਛੇਤੀ ਬੁਰਾਈ ਰੂਪੀ ਦੁਸ਼ਮਨਾਂ ਪਰ ਫਤਹ ਪਾਈਜਾਏ।

ਪਰੰਤੂ ਇਸ ਵਿਚ ਭੀ ਕੋਈ ਸ਼ੱਕ ਨਹੀਂ ਹੈ ਜੋ ਅਨਮਤੀ ਕੁਰੀਤੀਆਂ ਦੀ ਫੌਜ, ਜੋ ਇਕ ਵਡਾ ਭਾਰੀ ਮੁਲਖਈਆ ਹੈ, ਖਾਲਸਾ ਧਰਮ ਨਾਲ ਕੁਝ ਘਟ ਨਹੀਂ ਕਰਦਾ ਜਿਸ ਤੇ ਉਹ ਵਡੀ ਬੇਰਹਮੀ ਨਾਲ ਖਾਲਸਾ ਧਰਮ ਦੇ ਸਪਾਹੀਆਂ ਨੂੰ ਅਪਨੀਆਂ ਰਸਮਾਂ ਦੀਆਂ ਗੋਲੀਆਂ ਨਾਲ ਘਾਇਲ ਕਰਦੀ ਹੈ, ਜਿਸ ਦੇ ਹਥੋਂ ਕਈਆਂ ਸਿੰਘਾਂ ਦੇ ਬਚੇ ਸਮੇਤ ਸਿੰਘਣੀਆਂ ਗੋਹਾ ਅਤੇ ਗੋਮੂਤਰ ਪੀ ਰਹੀਆਂ ਹਨ। ਇਸੀ ਤਰ੍ਹਾਂ ਕਈਆਂ ਦੇ ਬਿਆਹਾਂ ਪਰ ਅਨਮਤੀ ਹਮਲਾ ਆਕੇ ਅਜੇਹੀ ਕੁਰੀਤੀ ਦੀ ਬਾੜ ਝਾੜਦਾ ਹੈ ਜੋ ਸਿਖ ਵਿਚਾਰਾ ਗੋਲੀਆਂ ਮਾਰੀ ਹੋਈ ਘੁੱਗੀ ਵਾਂਗ ਸਿਰ ਨਹੀਂ ਚੁਕਦਾ, ਜਿਸਤੇ ਅਨਮਤੀ ਨੱਕੀ ਪੂਰ ਖੇਲਜਾ ਜਾਂਦਾ ਹੈ। ਇਸਤੇ ਅਗੇ ਕਈਆਂ ਸਿਖਾਂ ਦੀ ਪਵਿੱਤ੍ਰ ਕੰਨਜਾਂ ਨੂੰ ਜੋ ਪਰਮ ਆਦਰ ਦੇ ਜੋਗ ਸਨ, ਕੁਰੀਤੀਆਂ ਦੀ ਫੌਜ ਦੇ ਸਖਤ ਹਮਲਾ ਕਰਨ ਨਾਲ ਅਨਮਤੀਆਂ ਦੇ ਜਾਇਕੇ ਨੂੰਹਾਂ ਕਹਾਉਂਦੀਆਂ ਹਨ। ਫਿਰ ਕਈਆਂ ਸਿੱਖਾਂ ਦੇ ਗਲਾਂ ਵਿਚ ਸੂਤਰ ਦੀ ਰੱਸੀ ਪਾਕੇ ਉਨ੍ਹਾਂ ਨੂੰ ਪਸ਼ੂਆਂ ਵਾਂਗ ਅਪਨੇ ਗ਼ੁਲਾਮ ਬਨਾਯਾ ਜਾਂਦਾ ਹੈ

ਇਸੀ ਤਰ੍ਹਾਂ ਕਈਆਂ ਦੇ ਪਵਿੱਤ੍ਰ ਪਿਤਾ ਪਿਤਾਮਾਂ ਗੁਰ ਪੁਰ ਨਿਵਾਸੀਆਂ ਨੂੰ ਕਾਉਂ ਆਖਕੇ ' ਕੋਵੰਸ" ਪੁਕਾਰਿਆ ਜਾਂਦਾ ਹੈ। ਇਨ੍ਹਾਂ ਉੱਪਰ ਕਥਨ ਕੀਤੀਆਂ ਹੋਈਆਂ ਬਾਤਾਂ ਤੇ ਪ੍ਰਤੀਤ ਹੁੰਦਾ ਹੈ ਕਿ ਅਨਮਤੀ ਕੁਰੀਤੀਆਂ ਦੇ ਹੱਥੋਂ ਬਹੁਤ ਸਾਰੇ ਸਿਖ ਘਾਇਲ ਅਤੇ ਮੁਰਦੇ ਹੋ ਚੁਕੇ ਹਨ ਜਿਸ ਪਰ ਦੇਖਿਆ ਜਾਂਦਾ ਹੈ ਕਿ ਇਹ ਜੰਗ ਕੋਈ ਮਾੜਾ ਮੋਟਾ ਨਹੀਂ ਕਿੰਤੂ ਬੜਾ ਭਾਰੀ ਮੁਕਾਬਲਾ ਹੈ ਪ੍ਰੰਤੂ ਖਾਲਸਾ ਸਾਪਹੀਆਂ ਨੂੰ ਭੀ ਚਾਹੀਦਾ ਹੈ ਕਿ ਜੋ ਸਿੱਖ ਕੁਰੀਤੀਆਂ ਦੇ ਹਥੋਂ ਘਾਯਲ ਹੋ ਗਏ ਹਨ ਉਨ੍ਹਾਂ ਨੂੰ ਧਰਮ ਸਾਲਾ ਗੁਰਦੁਵਾਰੇ ਅਤੇ ਸਿੰਘ ਸਭਾ ਰੂਪੀ ਹਸਤਪਤਾਲਾਂ ਵਿਚ ਲਿਆਕੇ ਬਠਾਲੇ ਅਰ ਗੁਰ ਉਪਦੇਸ਼ਾਂ ਦੀ ਮਰਹਮ ਪੱਟੀ ਉਨ੍ਹਾਂ ਦੇ ਸੰਸਿਆਂ ਰੂਪੀ ਜ਼ਖਮਾਂ ਪਰ ਲਗਾਵੇ ਅਰ ਚੰਗੀ ਤਰ੍ਹਾਂ ਗੁਰ ਉਪਦੇਸ਼ ਕਰੇ ਅਤੇ ਉਨ੍ਹਾਂ ਦੀ ਸਤਾਨ ਨੂੰ ਭੀ ਪੱਕਿਆਂ ਅਰ ਸਵਾਧਾਨ ਕਰਨ ਲਈ ਯਤਨ ਕਰਨਾ ਚਾਹੀਦਾ ਹੈ। ਇਸਤੇ ਬਿਨਾਂ ਜੋ ਖਾਲਸਾ ਭਾਈ ਕੁਰੀਤੀਆਂ ਦੇ ਮੁਕਾਬਲੇ ਪਰ ਜੰਗ ਕਰਨੇ ਲਈ ਤਯਾਰ ਬਰ ਤਯਾਰ ਹਨ ਉਨ੍ਹਾਂ ਨੂੰ ਧੰਨਜਵਾਦ ਦਾ ਰਾਸ਼ਨ ਦੇਕੇ ਹੌਸਲਾ ਵਧਾਉਨਾ ਚਾਹੀਦਾ ਹੈ ਜਿਸ ਤੇ ਆਸ਼ਾ ਪੈਂਦੀ ਹੈ ਜੋ ਅਜਿਹੇ ਪੁਰਸ਼ਾਰਥ ਕਰਦਿਆਂ ਅਰ ਲੜਦੇ ਭਿੜਦਿਆਂ ਤੇ ਮਰਦੇ ਖਪਦਿਆਂ ਕੋਈ ਦਿਨ ਆਇਗਾ ਜੋ ਕੁਰੀਤੀਆਂ ਪਰ ਖਾਲਸਾ ਧਰਮ ਫਤਹ ਪਾਵੇਗਾ । ਇਸ ਵਾਸਤੇ ਐ ਧਾਰਮਿਕ ਬਹਾਦਰੋ ਸਵਾਧਾਨ ਹੋਵੋ ਅਰ ਇਸ ਅਮਨ ਦੇ ਰਾਜ ਵਿਚ ਪਰਮੇਸ਼੍ਵਰ ਦੇ ਸਚੇ ਹੁਕਮਾਂ ਦਾ ਪਾਲਨ ਕਰੋ ਅਤੇ ਕੁਰੀਤੀਆਂ ਨੂੰ ਪਰਹਾਰੋ। (ਲੇਖ ਅਸਲ ਦੇ ਮੁਤਾਬਕ ਹੈ)

# ਖਾਲਸਾ ਬ੍ਰਾਦਰੀ

ਭਾਵੇਂ ਸਿਖੀ ਵਿਚ ਛੂਤ ਛਾਤ ਲਈ ਕੋਈ ਥਾਂ ਨਹੀਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਬੰਧ ਵਿਚ ਦੋ ਟੂਕ ਫੈਸਲਾ ਦਿੰਦੇ ਹਨ। ਪਰੰਤੂ ਸਿਖੀ ਪਰ ਹਿੰਦੂ ਮਤ ਦਾ ਝਲਕਾਰਾ ਹੋਣ ਕਰਕੇ ਅਮਲੀ ਤੌਰ ਤੇ ਛੂਤ ਛਾਤ ਹਿੰਦੂਆਂ ਜਿਹੀ ਹੀ ਸੀ। ਇਸ ਕਰਕੇ ਪਿਛੇ ਰਹੀਆਂ ਸ੍ਰੇਣੀਆਂ ਦੇ ਅਖੌਤੀ ਸਿੰਘਾਂ ਨਾਲ ਸਿਖ ਗੁਰਦੁਆਰਿਆਂ ਵਿਚ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੇ ਇਨ੍ਹਾਂ ਪਰ ਪਾਬੰਦੀ ਲਾਈ ਹੋਈ ਸੀ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਅਖੌਤੀ ਅਛੂਤ ਸ੍ਰੀ ਕੇਵਲ ਦਸ ਵਜੇ ਤੋਂ ਚਾਰ ਵਜੇ ਸ਼ਾਮ ਤਕ ਹੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਦੇ ਸਨ। ਅਗੋਂ ਪਿਛੋਂ ਨਹੀਂ। ਅੰਮ੍ਰਿਤਸਰ ਦੀਵਾਨ ਉਨ੍ਹਾਂ ਦੀ ਇਸ ਪਾਬੰਦੀ ਨੂੰ ਕਾਇਮ ਰਖਣਾ ਚਾਹੁੰਦਾ ਸੀ। ਪ੍ਰੰਤੂ ਲਾਹੌਰ ਦੀਵਾਨ ਇਸ ਭਿੰਨ ਭੇਤ ਨੂੰ ਖਤਮ ਕਰਨ ਦਾ ਚਾਹਵਾਨ ਸੀ।

ਅਖੌਤੀ ਅਛੂਤ ਸਿਖਾਂ ਦੀ ਹਾਮੀ ਭਰਨ ਦਾ ਲਾਹੌਰ ਦੀਵਾਨ ਨੂੰ ਇਹ ਡੰਡ ਜਾਤ ਅਭਿਮਾਨੀਆਂ ਵਲੋਂ ਦਿਤਾ ਗਿਆ ਕਿ ਉਸ ਦੇ ਸਿਰ ਕਰਦਾ ਮੈਂਬਰਾਂ ਦੀ ਸ੍ਰੀ ਦਰਬਾਰ ਸਾਹਿਬ

ਅਤੇ ਹੋਰ ਗੁਰਦੁਵਾਰਿਆਂ ਪਰ ਅਰਦਾਸ ਕਰਨ ਪਰ ਪਾਬੰਦੀ ਲਾ ਦਿਤੀ। ਅਖੌਤੀ ਅਛੂਤ ਸਿਖਾਂ ਦੀ ਅਰਦਾਸ ਤਾਂ ਪਹਿਲਾਂ ਹੀ ਨਹੀਂ ਸੀ ਹੁੰਦੀ ਅਤੇ ਨਾਹੀ ਉਨ੍ਹਾਂ ਦਾ ਕੜਾਹ ਪ੍ਰਸ਼ਾਦ ਹੀ ਲਿਆ ਜਾਂਦਾ ਸੀ ਗਿ: ਦਿਤ ਸਿੰਘ ਜੀ ਨਾਲ ਭੀ ਉਨ੍ਹਾਂ ਜਿਹਾ ਹੀ ਸਲੂਕ ਹੁੰਦਾ ਸੀ।

ਗਿਆਨੀ ਜੀ ਦੇ ਇਸ ਉਪਦੇਸ਼ ਦਾ ਅਸਰ ਸਭ ਸਿਖਾਂ ਤੇ ਪਿਆ। ਗੁਜਰਖਾਨ ਰਾਵਲਪਿੰਡੀ ਦੇ ਸਿੰਘਾਂ ਤੇ ਤੇ ਬਹੁਤ ਅਸਰ ਹੋਇਆ। ਉਨ੍ਹਾਂ ਹਿੰਦੂਆਂ ਤੋਂ ਅਲਗ ਇਕ ਬ੍ਰਾਦਰੀ ਬਣਾ ਲਈ ਜਿਸ ਦਾ ਨਾਮ ਖਾਲਸਾ ਬ੍ਰਾਦਰੀ ਰਖਿਆ ਗਿਆ। ਸ੍ਰੀ ਅੰਮ੍ਰਿਤਸਰ ਵਿਚ ਇਕ ਖਾਲਸਾ ਭਾਈ ਚਾਰਾ ਬਨਾਇਆ ਗਿਆ। ਜਿਸ ਦੇ ਪ੍ਰਧਾਨ ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਤੇ ਸਕੱਤ੍ਰ ਸ੍ਰ: ਮੰਨਾ ਸਿੰਘ ਹਕੀਮ ਸਨ।

੧੯੦੭ ਵਿਚ ਸਿਖੀ ਨਾਲ ਲਗਨ ਰਖਣ ਵਾਲੇ ਪ੍ਰੇਮੀਆਂ ਦੀ ਇਕ ਮੀਟਿੰਗ ਭਾ: ਮਹਿਤਾਬ ਸਿੰਘ ਜੀ ਬੀਰ ਦੇ ਉਦਮ ਨਾਲ ਹੋਈ ਜਿਸ ਵਿਚ ਇਕ ਜਥੇਬੰਦੀ ਰਹਿਤੀਏ, ਰਾਮਦਾਸੀਏ ਮਜ਼੍ਹਬੀ, ਕਬੀਰ ਪੰਥੀ ਆਦਿ ਨੂੰ ਪੰਥ ਵਿਚ ਸ਼ਾਮਲ ਕਰਨ ਲਈ ਬਨਾਈ ਗਈ ਤੇ ਪੰਥ ਵਲੋਂ ਇਸ ਸਬੰਧ ਵਿਚ ਸੰਮਤੀ ਲੈਣ ਲਈ ਅਖਬਾਰਾਂ ਦਵਾਰਾ ਲੇਖ ਛਾਪੇ ਗਏ।

ਗਿਆਨੀ ਜੀ ਦੇ ਯਤਨਾਂ ਨਾਲ ਜਿਥੇ ਹੋਰ ਸਿਖਾਂ ਵਿਚ ਜਾਗਰਤ ਆਈ ਉਥੇ ਪਿਛੇ ਰਹੀਆਂ ਸਿਖ ਸ਼੍ਰੇਣੀਆਂ ਦੇ ਸਿੰਘ ਭੀ ਜਾਗ ਉਠੇ। ਉਨ੍ਹਾਂ ਵਿਚੋਂ ਕਈ ਭੁਲੜ ਵੀਰ

ਆਰੀਆਂ ਸਮਾਜ ਅਤੇ ਈਸਾਈ ਧਰਮ ਵਲ ਭੀ ਖਿਚੇ ਜਾਣ ਲਗੇ ਪ੍ਰੰਤੂ ਗਿਆਨੀ ਹੋਰਾਂ ਨੇ ਉਨ੍ਹਾਂ ਨੂੰ ਕਿਹਾ "ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸਿਖੀ ਕਿਸੇ ਖਾਸ ਸ੍ਰੇਣੀ ਲਈ ਨਹੀਂ ਇਹ ਸੰਸਾਰ ਦੇ ਸਭ ਪ੍ਰਾਣੀ ਮਾਤਰ ਲਈ ਹੈ ਅਤੇ ਇਸ ਵਿਚ ਊਚ ਨੀਚ ਤੇ ਛੂਤ ਛਾਤ ਲਈ ਕੋਈ ਥਾਂ ਨਹੀਂ। ਅਸੀਂ ਸਿਖ ਬਣ ਕੇ ਕਿਸੇ ਪਰ ਐਹਸਾਨ ਨਹੀਂ ਕਰ ਰਹੇ ਹਾਂ; ਸਗੋਂ ਸਿਖ ਬਣ ਕੇ ਅਸੀਂ ਆਪਣਾ ਲੋਕ ਪ੍ਰਲੋਕ ਸੁਧਾਰ ਰਹੇ ਹਾਂ। ਬਾਕੀ ਰਹੀ ਇਹ ਗਲ ਕਿ ਕਈ ਭੁਲੜ ਜਾਤ ਅਭਿਮਾਨੀ ਅਸਾਡੇ ਨਾਲ ਅਛੂਤਾਂ ਜਿਹਾ ਸਲੂਕ ਕਰਦੇ ਹਨ ਤੇ ਗੁਰਦੁਆਰਿਆਂ ਵਿਚ ਅਸਾਡੇ ਦਾਖਲੇ ਤੇ ਅਰਦਾਸ ਪਰ ਪਾਬੰਦੀ ਹੈ ਸੋ ਇਸ ਲਈ ਅਸਾਨੂੰ ਪੈਰਾਂ ਪਰ ਖੜੇ ਹੋ ਕੇ ਆਪਣੇ ਹਕ ਪ੍ਰਾਪਤ ਕਰਨੇ ਚਾਹੀਦੇ ਹਨ, ਸਚੇ ਗੁਰਸਿਖ ਇਸ ਜਦੋ ਜਹਿਦ ਵਿਚ ਜ਼ਰੂਰ ਸਹੈਤਾ ਕਰਨ ਗੇ।"

ਗਿਆਨੀ ਜੀ ਦੇ ਇਸ ਉਪਦੇਸ਼ ਦਾ ਅਸਰ ਇਹ ਹੋਇਆ ਕਿ ਸਾਰੇ ਕਚੇ ਪਿਲੇ ਸਿਖੀ ਵਿਚ ਪਕੇ ਹੋ ਗਏ ਅਤੇ ਗਿਆਨੀ ਜੀ ਦੀ ਸਲਾਹ ਨਾਲ ਉਨ੍ਹਾਂ ਨੇ ਆਪਣੇ ਧਾਰਮਕ ਹਕ ਪ੍ਰਾਪਤ ਕਰਨ ਲਈ ਇਕ ਜਥੇਬੰਦੀ ਬਨਾਉਣ ਦਾ ਫੈਸਲਾ ਕਰ ਲਿਆ ਅਤੇ ਅਖੀਰ ਇਹ ਯਤਨ ਸਿਰੇ ਚੜ ਗਿਆ ਤੇ ਖਾਲਸਾ ਬ੍ਰਾਦਰੀ ਨਾਂ ਦੀ ਇਕ ਜਥੇਬੰਦੀ ਕਾਇਮ ਹੋ ਗਈ।

# ਗਿਆਨੀ ਜੀ ਦੇ ਸਥੀ

ਵਾਹਿਗੁਰੂ ਦੀ ਕਿਰਪਾ ਨਾਲ ਜਿਹੜਾ ਕਾਰਜ ਸਿਰੇ ਚੜ੍ਹਨਾਂ ਹੋਵੇ ਉਹ ਉਸ ਲਈ ਆਪ ਹੀ ਸਬੱਬ ਬਣਾ ਦਿੰਦਾ ਹੈ ਅਤੇ ਅਜੇਹੇ ਮਹਾਂ ਪੁਰਖਾਂ ਨੂੰ ਇਕ ਥਾਂ ਇਕੱਤਰ ਕਰ ਦਿੰਦਾ ਹੈ ਕਿ ਜੋ ਉਹ ਕਾਰਜ ਨੂੰ ਸਿਰੇ ਚਾੜ੍ਹਨ ਲਈ ਸਮਰਥ ਹੁੰਦੇ ਹਨ। ਸਿੰਘ ਸਭਾ ਦੀ ਸਫਲਤਾ ਦਾ ਭੇਦ ਭੀ ਗਿਆਨੀ ਦਿਤ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਦਾ ਮਿਲਕੇ ਇਕ ਟੀਮ ਵਾਂਗ ਕੰਮ ਕਰਨਾਂ ਸੀ। ਇਸ ਟੀਮ ਵਿਚ ਗਿਆਨੀ ਜੀ ਦੇ ਵਡੇ ੨ ਸਾਥੀ ਪ੍ਰੋਫੈਸਰ ਗੁਰਮੁਖ ਸਿੰਘ, ਸਰਦਾਰ ਸਰ ਅਤਰ ਸਿੰਘ ਭਦੌੜ ਤੇ ਡਾਕਟਰ ਜੈ ਸਿੰਘ ਆਦਿ ਸਨ। ਇਨ੍ਹਾਂ ਦੇ ਕੁਝ ਸੰਖੇਪ ਜਿਹੇ ਹਾਲ ਅਸੀਂ ਹੇਠਾਂ ਦਿੰਦੇ ਹਾਂ:-

## ਪ੍ਰੋਫੈਸਰ ਗੁਰਮੁਖ ਸਿੰਘ:-

ਪ੍ਰੋਫੈਸਰ ਗੁਰਮੁਖ ਸਿੰਘ ਜੀ ਦਾ ਜੀਵਨ ਗਿਆਨੀ ਦਿਤ ਸਿੰਘ ਜੀ ਦੀ ਤਰ੍ਹਾਂ ਸਿੰਘ ਸਭਾ ਦੇ ਇਤਹਾਸ ਦਾ ਦੂਸਰਾ ਨਾਮ ਹੈ। ਉਨ੍ਹਾਂ ਦਾ ਜਨਮ ਪਿੰਡ ਚੰਧੜਾਂ (ਜ਼ਿਲਾ ਗੁਜਰਾਂਵਾਲਾ) ਵਿਚ ੧੫ ਅਪ੍ਰੈਲ ੧੮੪੯ ਈਸਵੀ ਨੂੰ ਇਕ ਗਰੀਬ ਸਿਖ ਭਾਈ ਵਿਸਾਵਾ ਸਿੰਘ ਦੇ ਘਰ ਹੋਇਆ। ਆਪ

ਦਾ ਪਿਤਾ ਕਪੂਰਥਲਾ ਰਾਜ-ਘਰਾਣੇ ਦੇ ਇਕ* ਰੁਕਨ ਕੰਵਰ ਬਿਕਰਮ ਸਿੰਘ ਜੀ ਪਾਸ ਕੰਮ ਕਰਦੇ ਸਨ। ਹੋਣਹਾਰ ਬਾਲਕ ਵੇਖਕੇ ਕੰਵਰ ਬਿਕਰਮ ਸਿੰਘ ਨੇ ਉਸਦੀ ਵਿਦਿਆ ਦਾ ਭਾਰ ਆਪਣੇ ਸਿਰ ਲੈ ਲਿਆ ਅਤੇ ਉਸਨੂੰ ਬੜੀ ਸਫਲਤਾ ਨਾਲ ਗੌਰਮਿੰਟ ਕਾਲਜ ਲਾਹੌਰ ਵਿਚ ਪੜ੍ਹਾਇਆ। ਇਸਦੇ ਪਿਛੋਂ ਉਹ ਓਰੀਐਂਟਲ ਕਾਲਜ ਲਾਹੌਰ ਵਿਚ ਅਸਿਸਟੈਂਟ ਪ੍ਰੋਫੈਸਰ ਲਗ ਗਏ।

ਪੰਥ ਸੇਵਾ ਦਾ ਚਸਕਾ ਉਨ੍ਹਾਂ ਨੂੰ ਮੁਢ ਤੋਂ ਹੀ ਸੀ। ਪ੍ਰੋਫੈਸਰ ਬਣਦੇ ਹੀ ਉਨ੍ਹਾਂ ਨੇ ਛੇਤੀ ਹੀ ਕੌਮ ਨੂੰ ਹਲੂਣਾਂ ਦੇਣਾਂ ਸ਼ੁਰੂ ਕਰ ਦਿਤਾ। ਜਿਸ ਦਾ ਨਤੀਜਾ ਸਿੰਘ ਸਭਾ ਲਹਿਰ ਦੇ ਰੂਪ ਵਿਚ ਨਿਕਲਿਆ ਅਤੇ ੧੮੭੯ ਈਸਵੀ ਵਿਚ ਸਿੰਘ ਸਭਾ ਕਾਇਮ ਹੋ ਗਈ।

ਪ੍ਰਚਾਰ ਨੂੰ ਮੁਖ ਰਖ ਕੇ ਉਨ੍ਹਾਂ ਨੇ ਗੁਰਮੁਖੀ ਅਖਬਾਰ ਅਤੇ 'ਵਿਦਯਾਰਕ' ਰਿਸਾਲਾ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ, ਜੋ ਅਗੇ ਚਲਕੇ ਰਿਸਾਲੇ ਦੇ ਰੂਪ ਵਿਚ ਬਦਲੇ, ਗਿਆਨੀ ਦਿਤ ਸਿੰਘ ਅਤੇ ਭਾਈ ਜਵਾਹਰ ਸਿੰਘ ਜਿਹੇ ਪੰਥ ਰਤਨਾਂ ਨੂੰ ਪੰਥ-ਸੇਵਾ ਦੇ ਮੈਦਾਨ ਵਿਚ ਉਤਾਰਨ ਦਾ ਸੇਹਰਾ ਇਨ੍ਹਾਂ ਦੇ ਸਿਰ ਹੀ ਬਝਦਾ ਹੈ। ਖਾਲਸਾ ਦੀਵਾਨ ਅੰਮ੍ਰਿਤਸਰ ਦੇ ਮੋਢੀ ਵੀ ਆਪ ਹੀ ਸਨ, ਪਰੰਤੂ ਉਸ ਵਿਚ ਪਿਛੇ ਖਿਚੂ ਅਨਸਰ ਦਾ ਜ਼ੋਰ ਪੈਣ ਕਰਕੇ ਆਪ ਨੂੰ ਉਥੋਂ ਖਾਰਜ ਕਰ

---

*ਪਹਿਲਾਂ ਮਹਾਰਾਜਾ ਸ਼ੇਰ ਸਿੰਘ ਪਾਸ ਫੇਰ ਕਪੂਰ-ਥਲੇ ਆ ਗਏ ਅਪ੍ਰੈਲ ੧੮੪੯।

ਦਿਤਾ ਗਿਆ । ਕਿਉਂਕਿ ਆਪ ਅਜੇਹੇ ਸੁਧਾਰ ਕਰਨਾ ਚਾਹੁੰਦੇ ਸਨ, ਜਿਸ ਨਾਲ ਦੀਵਾਨ ਦੇ ਕਾਬਜ ਸਜਣਾਂ ਦੇ ਗੁਰੂ ਡੰਮ ਤੇ ਹੋਰ ਲਾਭਾਂ ਨੂੰ ਸੱਟ ਲਗਦੀ ਸੀ। ਇਥੇ ਇਹ ਗੱਲ ਭੀ ਦੱਸ ਦੇਣੀ ਮਲੂਮ ਹੁੰਦੀ ਹੈ ਕਿ ੧੮੮੬ ਈਸਵੀ ਵਿਚ ਕੰਵਰ ਬਿਕਰਮ ਸਿੰਘ ਦੇ ਚਲਾਣੇ ਪਿਛੋਂ ਜਦ ਰਾਜਾ ਫਰੀਦ ਕੋਟ ਤੇ ਬਾਬਾ ਖੇਮ ਸਿੰਘ ਜੀ ਬੇਦੀ ਦੀ ਅਗਵਾਈ ਹੇਠ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੂੰ ਪੰਥ ਵਿਚੋਂ ਕੱਢਿਆ ਗਿਆ ਤਾਂ ਉਹਨਾਂ ਦੇ ਲਗ ਪਗ ਹੋਰ ਸਾਰੇ ਸਾਥੀ ਸਾਥ ਛਡ ਗਏ ਸਨ। ਇਕ ਗਿਆਨੀ ਦਿਤ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਆਪਣੇ ਪਿਆਰੇ ਮਿਤਰ ਦਾ ਡਟ ਕੇ ਸਾਥ ਦਿਤਾ ਸੀ ਅਤੇ ਉਨ੍ਹਾਂ ਦੇ ਦੁਖ ਸੁਖ ਦੇ ਪੂਰੀ ਤਰ੍ਹਾਂ ਭਾਈ ਵਾਲ ਬਣੇ ਰਹੇ ਸਨ। ਖਾਲਸਾ ਕਾਲਜ ਬਨਾਉਣ ਦਾ ਖਿਆਲ ਭੀ ਸਭ ਤੋਂ ਪਹਿਲਾਂ ਆਪ ਤੇ ਗਿਆਨੀ ਦਿਤ ਸਿੰਘ ਨੂੰ ਹੀ ਸੁਝਿਆ । ਲਾਹੌਰ ਵਿਚ ਸਿਖ ਵਿਦਿਆਰਥੀਆਂ ਦੀ ਰਿਹਾਇਸ਼ ਲਈ ਆਪ ਨੇ ਮਹਾਰਾਜਾ ਨਾਭਾ ਨੂੰ ਪ੍ਰੇਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਬੋਰਡਿੰਗ ਹਾਊਸ ਬਣਵਾਇਆ।

ਬੇਦੀਆਂ ਸੋਢੀਆਂ ਤੇ ਫਰੀਦ ਕੋਟ ਦੇ ਰਾਜਾ ਸਾਹਿਬ ਦੀ ਸਖਤ ਵਿਰੋਧਤਾ ਦੇ ਬਾਵਜੂਦ ਭੀ ਆਪ ਨੇ ਦਿਲ ਨਹੀਂ ਛਡਿਆ ਅਤੇ ਸਾਥੀਆਂ ਨਾਲ ਮਿਲਕੇ ਡਟਕੇ ਸੇਵਾ ਕਰਦੇ ਰਹੇ। ਆਪ ਵਿਚ ਸਚੇ ਗੁਰਸਿਖਾਂ ਵਾਲੀ ਇਹ ਖੂਬੀ ਭੀ ਸੀ, ਜੋ ਆਪਣੇ ਵਿਰੋਧੀਆਂ ਲਈ ਭੀ ਬੁਰਾ ਬਚਨ ਨਹੀਂ ਸਨ ਵਰਤਦੇ। ਕੁਝ ਚਿਰ ਬੀਮਾਰ ਰਹਿਣ ਪਿਛੋਂ ਆਪ ੨੪ ਸਤੰਬਰ ੧੮੯੮ ਨੂੰ ਕੰਡਾ-ਘਾਟ (ਪਟਿਆਲਾ ਰਿਆਸਤ)-

ਵਿਚ ਸੱਚ ਖੰਡ ਪਧਾਰੇ ।

## ਭਾਈ ਜਵਾਹਰ ਸਿੰਘ ਕਪੂਰ:—

ਆਪ ਦਾ ਜਨਮ ਕਪੂਰ ਖਤਰੀ ਘਰਾਂਣੇ ਵਿਚ ਗੁਜਰਾਂਵਾਲੇ ਵਿਖੇ ਹੋਇਆ। ਪਿਤਾ ਦਾ ਨਾਮ ਭਾਈ ਆਤਮਾਂ ਸਿੰਘ ਸੀ। ਬਚਪਨ ਵਿਚ ਉਹ ਭੀ ਭਾਈ ਦਿਤ ਸਿੰਘ ਜੀ ਵਾਂਗ ਗੁਲਾਬ ਦਾਸੀ ਮੱਤ ਵਲ ਪ੍ਰੇਰੇ ਗਏ ਅਤੇ ਸੰਤ ਬਹਾਦੁਰ ਸਿੰਘ ਨਾਲ ਇਸ ਮੱਤ ਦੇ ਪ੍ਰਚਾਰ ਲਈ ਫਿਰਦੇ ਰਹੇ। ਇਸ ਅਵੱਸਥਾ ਵਿਚ ਉਹ ਕੁਝ ਚਰ ਗਿਆਨੀ ਦਿਤ ਸਿੰਘ ਜੀ ਨਾਲ ਭੀ ਰਹੇ। ਪਿਛੋਂ ਜਦ ਸਵਾਮੀ ਦਯਾ ਨੰਦ ਪੰਜਾਬ ਵਲ ਆਏ ਤਾਂ ਆਪ ਆਰੀਆ ਸਮਾਜ ਵਲ ਪ੍ਰੇਰੇ ਗਏ ਅਤੇ ੧੮੭੯ ਵਿਚ ਆਰੀਆ ਸਮਜ ਦੇ ਸਕੱਤ੍ਰ ਬਨ ਗਏ। ੧੮੮੩ ਵਿਚ ਸਕੱਤ੍ਰੀ ਤੋਂ ਅਸਤੀਫ਼ਾ ਦਿਤਾ ਪਰ ਏਸੇ ਸਾਲ ਡੀ. ਏ. ਵੀ. ਕਾਲਜ ਕਮੇਟੀ ਦੇ ਸਕੱਤ੍ਰ ਬਣ ਗਏ। ੧੮੮੫ ਤਕ ਆਪ ਆਰੀਆ ਸਮਾਜ ਨਾਲ ਜੁੜੇ ਰਹੇ; ਪ੍ਰੰਤੂ ਇਸ ਤੋਂ ਪਿਛੋਂ ਗਿਆਨੀ ਦਿਤ ਸਿੰਘ ਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੇ ਉਨ੍ਹਾਂ ਨੂੰ ਪੰਥਕ ਸੇਵਾ ਲਈ ਪ੍ਰੇਰ ਲਿਆ। ਅਤੇ ਸਿੰਘ ਸਭਾ ਲਾਹੌਰ ਵਿਚ ਲਿਆਕੇ ਸੇਵਾ ਲੈਣ ਲਗੇ। ਪਿਛੋਂ ਖਾਲਸਾ ਕਾਲਜ ਬਣਾਉਣ ਲਈ ਆਪਨੇ ਬਹੁਤ ਸਰਗਰਮੀ ਨਾਲ ਕੰਮ ਕੀਤਾ ਅਤੇ ਜਦ ਕਾਨੂੰਨ ਅਨੁਸਾਰ ਰਜਿਸਟਰੀ ਹੋਕੇ ੧੮੯੨ ਵਿੱਚ ਖਾਲਸਾ ਕਾਲਜ ਦੀ ਪਹਿਲੀ ਪ੍ਰਬੰਧਕ ਕੌਂਸਲ ਬਣੀ ਤਾਂ ਆਪ ਉਸਦੇ ਸਕੱਤ੍ਰ ਥਾਪੇ ਗਏ। ਦਸ ਸਾਲ ਇਹ ਸੇਵਾ ਨਿਭਾਉਣ ਉਪ੍ਰੰਤ ਉਨ੍ਹਾਂ ਨੇ ੧੯੦੨ ਵਿਚ

ਕੁਝ ਮਤ ਭੇਦਾਂ ਦੇ ਕਾਰਨ ਅਸਤੀਫਾ ਦੇ ਦਿਤਾ ਅਤੇ ਜੀਵਨ ਦੇ ਅੰਤਲੇ ਅੱਠ ਸਾਲ ਉਹਨਾਂ ਪਬਲਕ ਕੰਮਾਂ ਵਿਚ ਬਹੁਤ ਘਟ ਹਿਸਾ ਲਿਆ ਅਤੇ ਕੁਝ ਚਿਰ ਬੀਮਾਰ ਰਹਿਣ ਪਿਛੋਂ ੧੪ ਮਈ ੧੯੧੦ ਨੂੰ ਸੱਚ ਖੰਡ ਪਧਾਰੇ। ਆਪ ਕਈਆਂ ਪੁਸਤਕਾਂ ਦੇ ਲੇਖਕ ਯੂਨੀਵਰਸਟੀ ਦੀ ਟੈਕਸਟ ਬੁਕ ਕਮੇਟੀ ਦੇ ਮੈਂਬਰ ਅਤੇ ਯੂਨੀਵਰਸਟੀ ਦੇ ਫੈਲੋ ਅਤੇ ਐਗਜ਼ਾਮੀਨਰ ਭੀ ਸਨ।

## ਕੰਵਰ ਬਿਕਰਮ ਸਿੰਘ:—

ਆਪ ਕਪੂਰਥਲਾ ਰਾਜ-ਘਰਾਣੇ ਦੇ ਰੁਕਨ ਅਤੇ ਧੜੱਲੇਦਾਰ ਗੁਰਸਿੱਖ ਸਨ। ਉਨ੍ਹਾਂ ਨੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੂੰ ਸ੍ਰੀ ਗੁਰੂ ਸਿੰਘ ਸਭਾ ਚਲਾਉਣ ਲਈ ਭਾਰੀ ਉਤਸ਼ਾਹ ਦਿਵਾਇਆ ਅਤੇ ਗਿਆਨੀ ਦਿਤ ਸਿੰਘ ਜੀਦੀ ਹਰ ਪ੍ਰਕਾਰ ਮਦਦ ਕਰਦੇ ਰਹੇ। ੧੮੮੭ ਈਸਵੀ ਨੂੰ ਆਪ ਸੱਚ ਖੰਡ ਪਧਾਰੇ। ਆਪ ਪੱਕੇ ਗੁਰਸਿਖ ਅਤੇ ਹਿੰਦੀ ਤੇ ਗੁਰਮੁਖੀ ਦੇ ਚੋਟੀ ਦੇ ਕਵੀ ਸਨ।

## ਸ੍ਰਦਾਰ ਸਰ ਅਤਰ ਸਿੰਘ ਭਦੌੜ:—

ਭਦੌੜ ਖਾਨਦਾਨ ਦੇ ਇਸ ਨੌਨਿਹਾਲ ਦਾ ਜਨਮ ੧੮੩੩ ਈਸਵੀ ਵਿਚ ਫੂਲ-ਵੰਸੀ ਸ੍ਰ: ਖੜਗ ਸਿੰਘ ਦੇ ਗ੍ਰਿਹਿ ਵਿਖੇ ਹੋਇਆ। ਆਪ ਨੇ ਫਾਰਸੀ ਅਤੇ ਸੰਸਕ੍ਰਿਤ ਦੀ ਉਚੀ ਵਿਦਿਆ ਪਾਈ ਅਤੇ ਕਾਵਯ, ਜੋਤਸ਼ ਅਤੇ ਸੰਗੀਤ ਦੇ ਪੰਡਤ ਬਣੇ।

੧੮੫੭ ਦੇ ਗਦਰ ਵਿਚ ਉਨ੍ਹਾਂ ਨੇ ਪੰਜਾਹ ਸਵਾਰ ਲੈ ਕੇ ਅੰਗ੍ਰੇਜ਼ੀ ਹਕੂਮਤ ਦੀ ਸਹਾਇਤਾ ਕੀਤੀ। ੧੮੬੯ ਵਿਚ ਏਸ਼ੀਆਟਿਕ ਸੁਸਾਇਟੀ ਬੰਗਾਲ ਅਤੇ ੧੮੭੦ ਨੂੰ ਪੰਜਾਬ ਯੂਨੀਵਰਸਟੀ ਦੀ ਸੈਨੇਟ ਦੇ ਮੈਂਬਰ ਬਣੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਹਿਸਿਆਂ ਦਾ ਅੰਗ੍ਰੇਜ਼ੀ ਤਰਜਮਾਂ ਕਰਨ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ੧੮੭੭ ਵਿਚ 'ਫਜਲ ਉਲ ਫੁਜਲਾ' ਦਾ ਖਿਤਾਬ ਦਿਤਾ। ਇਸਤਰ੍ਹਾਂ ਸਰਕਾਰ ਵਲੋਂ ਉਨ੍ਹਾਂ ਦੇ ਸਤਿਕਾਰ ਵਜੋ ਸਰ, ਸੀ. ਐਸ. ਆਈ ਅਤੇ ਕੇ. ਸੀ ਐਸ. ਆਈ ਦੇ ਖਿਤਾਬ ਮਿਲੇ।

੧੮੮੯ ਵਿਚ ਗਿਆਨੀ ਦਿਤ ਸਿੰਘ ਜੀ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਪ੍ਰੇਰਨਾਂ ਨਾਲ ਉਹ ਸਰਗਰਮੀ ਨਾਲ ਸਿੰਘ ਸਭਾ ਲਹਿਰ ਵਿਚ ਹਿਸਾ ਲੈਣ ਲਗੇ। ਏਸੇ ਸਾਲ ਉਨ੍ਹਾਂ ਨੂੰ ਖਾਲਸਾ ਦੀਵਾਨ ਲਾਹੌਰ ਦਾ ਪ੍ਰਧਾਨ ਥਾਪਿਆ ਗਿਆ। ਖਾਲਸਾ ਅਖਬਾਰ ਤੇ ਪ੍ਰੈਸ ਭੀ ਦੁਬਾਰਾ ਆਪ ਦੀ ਸਹਾਇਤਾ ਨਾਲ ਹੀ ਚਾਲੂ ਹੋਇਆ

ਆਪ ਦੇ ਅਕਾਲ ਚਲਾਣੇ ਪਰ ਗਿਆਨੀ ਦਿਤ ਸਿੰਘ ਨੇ ਖਾਲਸਾ ਅਖਬਾਰ ਦੇ ੮ ਹਾੜ ਸੰ: ੧੯੫੩ ਬਿ: ਮੁਤਾਬਕ ਜੂਨ ਦੀ ੧੯ ਸੰ: ੧੮੯੬ ਈ: ਦੇ ਪਰਚੇ ਵਿਚ ਜੋ ਸ਼ੋਕ ਸਮਾਚਾਰ ਲਿਖਿਆ, ਉਹ ਹੂ-ਬ-ਹੂ ਸਾਹਣੇ ਦਿੰਦੇ ਹਾਂ, ਕਿਉਂਕਿ ਇਸ ਤੋਂ ਸਰ ਅਤਰ ਸਿੰਘ ਜੀ ਦੀ ਜੀਵਨੀ ਪਰ ਚੰਗਾ ਚਾਨਣਾ ਪੈਂਦਾ ਹੈ ਅਤੇ ਨਾਲ ਹੀ ਗਿਆਨੀ ਜੀ ਦੀ ਉਚ ਲੇਖਣੀ ਦਾ ਹੋਰ ਨਮੂਨਾ ਭੀ ਸਾਹਮਣੇ ਆ ਜਾਂਦਾ ਹੈ:-

19/6/1896 - LHR

ਖਾਲਸਾ ਅਖਬਾਰ
19.6.1896

# ਮਹਾਂ ਸ਼ੋਕ ਦਾਇਕ ਮ੍ਰਿਤੂ ਸਰ ਸਰਦਾਰ ਅਤਰ ਸਿੰਘ ਸਾਹਿਬ, ਕੇ-ਸੀ-ਆਈ-ਈ-ਰਈਸ ਭਦੌੜ ਦੀ

ਅਸੀਂ ਇਸ ਮਹਾਂ ਦੁਖ ਦਾਇਨੀ ਅਤੇ ਅਤੀ ਭਿਆਨਕ ਖਬਰ ਨੂੰ ਵੱਡੇ ਸ਼ੋਕ ਨਾਲ ਲਿਖਕੇ ਅਪਨੀ ਪਜਾਬੀ ਕੌਮ ਅੱਗੇ ਪ੍ਰਗਟ ਕਰਦੇ ਹਾਂ ਜਿਸਤੇ ਇਸ ਖਾਲਸਾ ਕੌਮ ਨੂੰ ਕੋਈ ਘੱਟ ਨੁਕਸਾਨ ਨਹੀਂ ਪਹੁੰਚਿਆ ਹੈ।

ਭਾਵੇਂ ਵਡੇ ਵਡੇ ਮਹਾਂ ਭਯਾਨਕ ਪਹਾੜਾਂ ਦੇ ਦੇਖਨ ਤੇ ਸਾਨੂੰ ਇਹ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਪਰ ਚੜ੍ਹਨਾ ਬਹੁਤ ਕਠਨ ਅਰ ਵਡੇ ਵਡੇ ਪੱਥਰਾਂ ਨਾਲ ਨਿਰਾ ਧਰਤੀ ਪਰ ਭਾਰ ਹੀ ਪੈਣਾ ਹੈ ਪਰੰਤੂ ਜਦ ਵਿਚਾਰਕੇ ਦੇਖਜਾ ਜਾਂਦਾ ਹੈ ਕਿ ਜੇ ਕਦੇ ਇਸ ਧਰਤੀ ਉਤੋਂ ਇਹ ਸਾਰੇ ਪਹਾੜ ਉੱਠ ਜਾਣ ਤਦ ਇਸ ਦਾ ਅਜੇਹਾ ਹਾਲ ਹੋ ਜਾਵੇ ਜੋ ਇਨ੍ਹਾਂ ਜੀਵਾਂ ਦੀ ਜ਼ਿੰਦਗੀ ਭੀ ਰਹਿਨੀ ਕਠਨ ਹੋ ਜਾਏ, ਅਰ ਹਰ ਇਕ ਪਸ਼ੂ ਪੰਖੀ ਤੜਫਕੇ ਮਰ ਜਾਵੇ ਅਰ ਹਰਾ ਭਰਾ ਖੇਤ ਯਾ ਕੋਈ ਬਾਗ ਭੀ ਨਜ਼ਰ ਨ ਆਵੇ, ਜਿਸਤੇ ਰਾਜਾ ਦਾ ਰਾਜ ਅਤੇ ਪਰਜਾ ਦਾ ਸੁਖ ਸਾਰੇ ਦਾ ਸਾਰਾ ਨਸ਼ਟ ਹੋ ਜਾਵੇ।

ਜਿਤਨੇ ਦਰਯਾ ਪਹਾੜਾਂ ਵਿਚੋਂ ਨਿਕਲ ਨਿਕਲ ਕੇ ਦੂਰ ਦੂਰ ਤਕ ਦੀ ਧਰਤੀ ਨੂੰ ਜਲ ਦੇਕੇ ਠੰਢਾ ਕਰਦੇ ਹਨ ਅਰ ਕਰੋੜਾਂ ਮਣਾਂ ਦਾ ਅਨਾਜ ਉਸ ਵਿਚੋਂ ਪੈਦਾ ਹੋਕੇ ਪਰਜਾ ਪਾਲਨ ਕਰਦਾ ਹੈ ਸੋ ਕੇਵਲ ਉਨ੍ਹਾਂ ਪਹਾੜਾਂ ਦਾ ਹੀ ਪ੍ਰਤਾਪ ਨਜ਼ਰ ਆਉਂਦਾ ਹੈ, ਫੇਰ ਜਿਤਨੇ ਦਰਯਾਉ ਪਹਾੜਾਂ ਵਿਚੋਂ ਨਿਕਲ ਕੇ ਸਮੁੰਦਰ ਵਿਚ ਪੈਂਦੇ ਹਨ ਜਿਨ੍ਹਾਂ ਦੇ ਜਲ ਦੀ

ਲਾਗ ਨਾਲ ਸਮੁੰਦਰ ਵਿਚ ਅਮੋਲਕ ਪਦਾਰਥ ਪੈਦਾ ਹੁੰਦੇ ਹਨ ਸੋ ਭੀ ਇਨ੍ਹਾਂ ਪਹਾੜਾਂ ਦਾ ਹੀ ਪ੍ਰਤਾਪ ਆਖਜਾ ਜਾਂਦਾ ਹੈ। ਇਸਤੇ ਬਿਨਾਂ ਜਿਤਨੀ ਅਮੁੱਲ ਲਕੜੀ ਅਰ ਅਮੁੱਲ ਮਧੁਰ ਮੇਵੇ ਫਲ ਅਤੇ ਫੁੱਲ ਪਹਾੜਾਂ ਵਿਚੋਂ ਆਕੇ ਇਸ ਪੱਧਰ ਧਰਤੀ ਨੂੰ ਲਾਭ ਪਹੁੰਚਾਉਂਦੇ ਹਨ ਸੋ ਭੀ ਕੇਵਲ ਪਹਾੜਾਂ ਦਾ ਹੀ ਫਲ ਸਮਝਿਆ ਜਾਂਦਾ ਹੈ ਫੇਰ ਜੋ ਵਡੇ ੨ ਜੰਗਲੀ ਪਹਾੜੀ ਜਨਵਾਰਾਂ ਦੇ ਚਮੜੇ ਅਰ ਜ਼ਿੰਦਗੀਆਂ ਦੀ ਪ੍ਰਾਪਤੀ ਸਾਨੂੰ ਪਹਾੜਾਂ ਤੇ ਮਿਲਦੀ ਹੈ ਸੋ ਹੋਰ ਜਗ੍ਹਾਂ ਤੇ ਮਿਲਨੀ ਮਹਾਂ ਕਠਨ ਹੈ। ਸਭ ਤੇ ਵਧਕੇ ਜੋ ਬੱਦਲ ਅਕਾਸ਼ ਵਿਚ ਬਰਸ ਕੇ ਪਲ ਵਿਚ ਜਲ ਥਲ ਕਰ ਦੇਂਦੇ ਹਨ ਸੋ ਭੀ ਉਨ੍ਹਾਂ ਪਹਾੜਾਂ ਦਾ ਹੀ ਕੰਮ ਹੈ ਜੋ ਇਸ ਪ੍ਰਕਾਰ ਦੀ ਅਦਭੁਤ ਲੀਲ੍ਹਾ ਕਰਦੇ ਹਨ।

ਹੁਣ ਤੁਸੀਂ ਦੇਖ ਲਵੋ ਕਿ ਜੇ ਕਦੇ ਇਹ ਪਹਾੜ ਸਾਰੇ ਧਰਤੀ ਉਪਰੋਂ ਉੱਠ ਜਾਣ ਤਦ ਇਤਨੇ ਲਾਭ ਜੋ ਇਸ ਧਰਤੀ ਨੂੰ ਪਹੁੰਚ ਰਹੇ ਹਨ ਸੋ ਕਿੱਥੋਂ ਮਿਲਨ, ਜਿਸਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਪਹਾੜ ਇਸ ਖੁਸ਼ਕ ਧਰਤੀ ਪਰ ਰਹਿਣਾ ਹੀ ਇਸ ਦਾ ਭਾਗ ਹੈ ਅਤੇ ਇਨ੍ਹਾਂ ਤੇ ਬਿਨਾਂ ਇਹ ਜ਼ਮੀਨ ਇਕ ਪ੍ਰਕਾਰ ਰੰਡੀ ਹੈ ਜਿਸ ਪ੍ਰਕਾਰ ਇਕ ਸੋਲਾਂ ਸਾਲ ਦੀ ਇਸਤ੍ਰੀ ਅਪਨੇ ਜੁਆਨ, ਰੂਪ, ਗੁਣਵਾਨ ਪੁਰਖ ਦੇ ਮਰ ਜਾਣ ਤੇ ਦੁਖੀਆ ਅਤੇ ਰੰਡੀ ਹੁੰਦੀ ਹੈ ਇਸ ਵਾਸਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਪਰਮੇਸ਼੍ਰ ਆਪ ਇਸ ਪ੍ਰਿਥਵੀ ਦੇ ਉੱਪਰ ਸਦਾ ਹੀ ਇਨ੍ਹਾਂ ਪਹਾੜਾਂ ਦੇ ਭਾਰ ਨੂੰ ਨਿਵਧਾਰ ਰਖੇ।

ਇਸੀ ਤਰ੍ਹਾਂ ਜਦ ਅਸੀਂ ਕੌਮ ਦੀ ਹਾਲਤ ਨੂੰ ਦੇਖਦੇ ਹਾਂ ਤਦ ਇਹ ਭੀ ਇਕ ਖੁਸ਼ਕ ਜ਼ਮੀਨ ਦੀ ਤਰ੍ਹਾਂ ਹੀ ਸਮਝੀ ਜਾਂਦੀ ਹੈ ਜਿਸ ਦੀ ਸਾਰੀ ਸੋਭਾ ਸਾਰੀ ਵਡਿਆਈ ਅਤੇ ਸਾਰਾ ਤਾਨ ਮ੍ਹਾਨ ਕੇਵਲ ਕੌਮ ਦੇ ਰਾਜੇ ਮਹਾਰਾਜੇ ਸਰਦਾਰ ਅਤੇ ਮਹਾਤਮਾ ਲੋਕ ਹੀ ਹੁੰਦੇ ਹਨ ਜਿਸ ਕੌਮ ਵਿਚ ਰਾਜੇ ਮਹਾਰਾਜੇ ਅਤੇ ਸਰਦਾਰ ਅਤੇ ਮਹਾਤਮਾ ਲੋਕ ਹੁੰਦੇ ਹਨ ਸੋਈ ਕੌਮ ਧਨਵਾਨ, ਬਲਵਾਨ ਅਤੇ ਸੋਭਾ ਵਾਨ ਹੁੰਦੀ ਹੈ ਪਰੰਤੂ ਜਿਸ ਵਿਚ ਇਹ ਨਹੀਂ ਹਨ ਸੋਈ ਕੌਮ ਨਿਰਬਲ ਅਰ ਅਭਾਗ ਹੁੰਦੀ ਹੈ" ਇਸ ਵਾਸਤੇ ਹਰ ਇਕ ਕੌਮ ਦੇ ਆਦਮੀ ਦਾ ਪਹਿਲਾ ਇਹ ਧਰਮ ਹੈ ਜੋ ਸਵੇਰੇ ਉੱਠਕੇ ਅਕਾਲ ਪੁਰਖ ਅਗੇ ਇਹ ਪ੍ਰਾਰਥਨਾ ਕਰੇ ਕਿ ਹੇ ਕਰਤਾਰ ਆਪ ਸਾਡੀ ਕੌਮ ਦੇ ਰਾਜੇ ਮਹਾਰਾਜਿਆਂ, ਸਰਦਾਰਾਂ ਅਤੇ ਮਹਾਤਮਾ ਨੂੰ ਸਾਡੇ ਪਰ ਅਟੱਲ ਰੱਖੇ ਜਿਨ੍ਹਾਂ ਦੇ ਪ੍ਰਤਾਪ ਸਾਡਾ ਜੀਵਨ ਸਮਝਿਆ ਜਾਂਦਾ ਹੈ। "

ਸਰ ਸਰਦਾਰ ਅਤਰ ਸਿੰਘ ਸਾਹਿਬ ਜੀ ਜੋ ਭਦੌੜ ਦੇ ਵਡੇ ਭਾਰੀ ਰਈਸ ਸਨ ਉਨ੍ਹਾਂ ਦੇ ਜੀਵਨ ਤੇ ਜੋ ੨ ਲਾਭ ਸਿਖ ਖਾਲਸਾ ਕੌਮ ਨੂੰ ਪਹੁੰਚੇ ਹਨ ਸੋ ਕਥਨ ਤੇ ਬਾਹਿਰ ਹਨ ਜਿਨ੍ਹਾਂ ਨੂੰ ਇਹ ਕੌਮ ਭਾਵੇਂ ਅੱਜ ਘੱਟ ਵੱਧ ਜਾਨਦੀ ਹੈ ਪਰੰਤੂ ਇਸ ਦਾ ਕਦਰ ਜਿਉਂ ੨ ਉਨ੍ਹਾਂ ਦੇ ਸ੍ਵਰਗਵਾਸ ਹੋਇਆਂ ਨੂੰ ਦੇਰ ਪਵੇਗੀ ਤਿਉਂ ਤਿਉਂ ਯਾਦ ਕਰੇਗੀ ਅਤੇ ਦੇਖੇਗੀ ਕਿ ਉਹ ਬਹਾਦਰ ਅਤੇ ਸੱਚਾ ਕੌਮ ਦਾ ਖੈਰ ਖਾਹ ਮੇਰੇ ਵਾਸਤੇ ਕਿਆ ਕੁਛ ਸੁਖ ਦਾ ਉਪਾਇ ਕਰਕੇ ਇਸ ਸੰਸਾਰ ਥੋਂ ਗਿਆ।

ਸਭ ਤੇ ਪਹਿਲੇ ਅਸੀਂ ਉਸ ਸੂਰਬੀਰ ਧਰਮਾਤਮਾ ਅਤੇ ਬਹਾਦਰ ਸਾਹਿਬ ਦਾ ਥੋੜਾ ਜਿਹਾ ਤਾਰੀਖੀ ਹਾਲ ਦੱਸਦੇ ਹਾਂ ਜਿਸਤੇ ਇਤਨਾਂ ਗਜਾਨ ਪਾਠਕਾਂ ਨੂੰ ਜ਼ਰੂਰ ਹੋ ਜਾਏਗਾ ਕਿ ਉਨ੍ਹਾਂ ਨੇ ਇਕ ਮਾਲਵੇ ਦੇਸ਼ ਵਿਚੋਂ ਉਪਜਕੇ ਕਿਆ ਕਿਆ ਕੰਮ ਕਰ ਦਿਖਾਏ ਅਰ ਕਿੱਥੋਂ ੨ ਤਕ ਕੌਮ ਦੇ ਕੰਮ ਕੀਤੇ ਅਤੇ ਅਪਨੀ ਸਰਕਾਰ ਥੋਂ ਭੀ ਕਿੰਨੇ ਖਿਤਾਬ ਅਰ ਕਿਤਨੀ ਇੱਜ਼ਤ ਹਾਸਲ ਕੀਤੀ।

ਇਹ ਸਰਦਾਰ ਫੂਲਵੰਸ ਜੋ 'ਅਵਤੰਸ਼" ਅਰਥਾਤ ਸੂਰਜ ਦੀ ਤਰ੍ਹਾਂ ਚਮਕ ਰਹੀ ਹੈ, ਜਿਸ ਦੀਆਂ ਵੱਡੀਆਂ ੨ ਭਾਰੀ ਚਮਕੀਲੀਆਂ ਕਿਰਨਾਂ ਮਹਾਰਾਜਾ ਪਟਿਆਲਾ, ਜੀਂਦ ਅਤੇ ਨਾਭਾ ਹਨ ਇਹ ਭੀ ਭਦੌੜ ਦੇ ਰਈਸ ਹੋਕੇ ਕਿਰਨ ਕਹਾਉਂਦੇ ਸਨ, ਅਰ ਜੇ ਕਦੇ ਇਨ੍ਹਾਂ ਦੇ ਦਾਦਾ ਸਾਹਿਬ ਸਰਦਾਰ ਚੂਹੜ ਸਿੰਘ ਸਾਹਿਬ ਸ੍ਵਰਗਬਾਸ਼ੀ ਦੇ ਸਾਰੇ ਸੂਰਬੀਰਤਾ ਵਾਲੇ ਕਾਰ ਨਾਮੇਂ, ਜੋ ਅੱਜ ਤੱਕ ਉਨ੍ਹਾਂ ਦੇ ਨਾਮ ਦੀ ਵਾਰ ਲੋਗ ਢਾਡੀਆਂ ਤੇ ਸੁਨਦੇ ਹਨ, ਸੁਨਾਈ ਜਾਵੇਂ ਤਾਂ ਉਸ ਵਾਸਤੇ ਭੀ ਇੱਕ ਵਕਤ ਚਾਹੀਦਾ ਹੈ। ਫੇਰ ਇਨ੍ਹਾਂ ਦੇ ਪਿਤਾ ਸਰਦਾਰ ਖੜਕ ਸਿੰਘ ਜੀ ਸ੍ਵਰਗਬਾਸ਼ੀ ਦੇ ਪਰਖਾਰਥ ਭੀ ਕੋਈ ਘੱਟ ਨਹੀਂ ਸਨ।

ਪਰੰਤੂ ਇਨ੍ਹਾਂ ਦੇ ਸਾਰੇ ਖਾਨਦਾਨ ਦਾ ਹਾਲ ਛੱਡਕੇ ਕੇਵਲ ਇਨ੍ਹਾਂ ਦਾ ਹਾਲ ਪਾਠਕਾਂ ਅੱਗ ਪ੍ਰਗਟ ਕੀਤਾ ਜਾਂਦਾ ਹੈ, ਜਿਸਤੇ ਉਹ ਜਾਨ ਲੈਨ ਕਿ ਇਨ੍ਹਾਂ ਨੇ ਕਈ ਹੋਰ ਸਰਦਾਰਾਂ ਵਾਂਗ ਹੀ ਅਪਨੀ ਜ਼ਿੰਦਗੀ ਸ਼ਕਾਰ ਅਤੇ ਵੇਸ਼ਿਆ ਆਦਿਕਾਂ ਦੇ ਸ਼ਿੰਗਾਰਾਂ ਵਿੱਚ ਨਹੀਂ ਬਿਤਾਈ ਕਿੰਤੂ ਪਰ

ਉਪਕਾਰ ਅਤੇ ਫਰਮਾਂਬਰਦਾਰੀ ਸਰਕਾਰ ਅਰ ਯਾਦਗਾਰ ਕਰਤਾਰ ਵਿਚ ਹੀ ਸਾਰੀ ਆਯੂ ਦੇ ਗਏ ਹਨ।

ਇਹ ਸਰਦਾਰ ਸਾਹਿਬ ਸੰ: ੧੮੩੩ ਈਸਵੀ ਵਿਚ ਭਦੌੜ ਸ਼ਹਿਰ ਵਿੱਚ ਜੋ ਇਨ੍ਹਾਂ ਦੇ ਵੱਡਿਆਂ ਦੀ ਰਾਜਧਾਨੀ ਸੀ ਜਨਮੇ, ਜਿਨ੍ਹਾਂ ਨੇ ਵੱਡੇ ਹੋਕਰ ਗੁਰਮੁਖੀ ਅਤੇ ਸੰਸਕ੍ਰਿਤ ਵਿੱਦਯਾ ਪੜ੍ਹਨੇ ਵੱਲ ਅਪਨੇ ਮਨ ਨੂੰ ਲਗਾਇਆ, ਪਰੰਤੂ ਐਥੋਂ ਤਕ ਸ਼ੌਕ ਹੋ ਗਿਆ ਜੋ ਸੰਸਕ੍ਰਿਤ ਦੇ ਪੜ੍ਹਨੇ ਲਈ ਬਨਾਰਸ ਵਿਚ ਗਏ ਅਰ ਓਥੇ ਜਾਕੇ ਉਨ੍ਹਾਂ ਨੇ ਹਰ ਇਕ ਪ੍ਰਕਾਰ ਦੇ ਪੁਸਤਕ ਪੜ੍ਹੇ ਜੈਸਾ ਕਿ ਕਾਵ੍ਯ, ਸਾਹਿਤ੍ਯ, ਨਾਟਕ, ਦਰਸ਼ਨ, ਉਪਨਿਖਧਾਂ, ਵ੍ਯਾਕਰਣ, ਜ੍ਯੋਤਸ਼, ਪਿੰਗਲ ਆਦਿਕ ਦੇ ਵਿਚ ਇਹ ਐਸੇ ਵਿਦ੍ਵਾਨ ਸੇ ਜਿਨ੍ਹਾਂ ਦੀ ਸੋਭਾ ਵੱਡੇ੨ ਸੰਸਕ੍ਰਿਤ ਦੇ ਪੰਡਤ ਕਰਦੇ ਸਨ। ਇਸ ਦੇ ਨਾਲ ਹੀ ਵੈਦਕ ਦੇ ਗ੍ਰੰਥਾਂ ਦਾ ਵਿਚਾਰ ਅਰ (ਪਾਂਚ੍ਯ) ਅਰਥਾਤ ਰਸੋਈ ਵਿਦ੍ਯਾ ਦਾ ਪ੍ਰਕਾਰ ਬਹੁਤ ਅਛੀ ਤਰ੍ਹਾਂ ਜਾਨ ਦੇ ਸਨ, ਦੂਸਰੀ ਵਲ ਗੁਰਮੁਖੀ ਦੇ ਐਸੇ ਗ੍ਯਾਤਾ ਸੇ ਜਿਨ੍ਹਾਂ ਨੂੰ ਇਕ ਅਦੁਤਿਯ ਕਹਿਣਾ ਜੋਗ ਸੀ।

ਇਹ ਸਰਦਾਰ ਸਾਹਿਬ ਵਿਦਿਆ ਨਾਲ ਬਹੁਤ ਪਿਆਰ ਕਰਦੇ ਸੇ ਇਸ ਵਾਸਤੇ ਇਨ੍ਹਾਂ ਨੇ ਪਹਿਲੇ ਪਹਿਲ ਭਦੌੜ ਵਿਚ ਇੱਕ ਪਾਠਸ਼ਾਲਾ ਅਪਣੇ ਖਰਚ ਤੇ ਖੋਲ੍ਹੀ ਇਸ ਤੇ ਮਗਰੋਂ ਸੰ: ੧੮੫੭ਈ: ਵਿਚ ਜਦ ਗਦਰ ਪਿਆ ਸੀ ਉਸ ਸਮ੍ਯ ਪਰ ਇਨ੍ਹਾਂ ਨੇ ਸਰਕਾਰ ਨੂੰ ਅਜੇਹੀ ਮਦਦ ਦਿਤੀ ਸੀ ਜਿਸ ਨੂੰ ਦੇਖਕੇ ਸਰਕਾਰ ਨੇ ਐਥੋਂ ਤਕ ਇਨ੍ਹਾਂ ਪਰ ਕ੍ਰਿਪਾ ਕੀਤੀ ਸੀ ਜੋ ਕੁਛ ਸਮਯ ਤਕ ਮਾਸੂਲ ਲੈਣਾ ਭੀ ਛਡ ਦਿਤਾ ਸੀ ਅਰ ਜਾਨ



Loyalty to the British Rulers of India
birth 1833
Loyalty to the British 1857

ਲੀਤਾ ਸੀ ਕਿ ਇਹ ਸਰਦਾਰ ਵਡਾ ਭਾਰੀ ਬਹਾਦਰ ਹੈ।

ਇਸਤੇ ਮਗਰੋਂ ਫੇਰ ਇਨ੍ਹਾਂ ਨੂੰ ਬੰਗਾਲ ਦੇ ਲੋਗਾਂ ਨਾਲ ਸੰਸਕ੍ਰਿਤ ਦੇ ਪ੍ਰੇਮ ਕਰਕੇ ਮਿਲਨ ਦਾ ਬਹੁਤ ਸ਼ੌਕ ਰਹਿੰਦਾ ਸੀ ਜਿਸਤੇ ਬੰਗਾਲ ਦੇ ਵਡੇ ੨ ਰਈਸ ਲੋਗਾਂ ਦੀ ਇਨ੍ਹਾਂ ਨਾਲ ਐਥੋਂ ਤਕ ਪ੍ਰੀਤ ਵਧ ਗਈ ਸੀ ਜੋ ਇਹ ਸੰ: ੧੮੬੯ ਵਿਚ ਏਸ਼ੀਆਟਿਕ ਸੋਸਾਈਟੀ ਬੰਗਾਲ ਦੇ ਮਿੰਬ੍ਰ ਬਨ ਗਏ, ਫੇਰ ਸੰ: ੧੮੭੦ ਵਿਚ ਪੰਜਾਬ ਯੂਨੀ ਵਰਸਟੀ ਕਾਲਜ ਦੇ ਸੈਨਟ ਦੇ ਮਿੰਬਰ ਹੋਏ ਜਿਸਦਾ ਨਾਮ ਪੰਜਾਬ ਮਹਾਂ ਵਿਦਯਾਲਯ ਹੈ ਅਤੇ ਉਸੀ ਸਾਲ ਵਿਚ ਅੰਜਮਨ ਪੰਜਾਬ ਦੇ ਮਿੰਬ੍ਰ ਭੀ ਹੋ ਗਏ।

ਫੇਰ ਸੰ: ੧੮੭੩ ਈ: ਵਿਚ ਇਨ੍ਹਾਂ ਨੇ ਇਕ ਅੰਗ੍ਰੇਜ਼ੀ ਵਿਚ ਸਿੱਖਾਂ ਦੇ ਧਰਮ ਦੀ ਕਿਤਾਬ ਦਾ ਤਰਜ਼ਮਾ ਕੀਤਾ ਜਿਸ ਵਿਚ ਸਿੱਖ ਧਰਮ ਦਾ ਵਰਨਨ ਸੀ ਜਿਸਤੇ ਮਗਰੋਂ ੧੮੭੬ ਈ: ਵਿਚ ਫੇਰ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਚਰਿਤ੍ਰ ਦਾ ਤਰਜਮਾ ਅੰਗ੍ਰੇਜ਼ੀ ਵਿਚ ਕੀਤਾ, ਜਿਸ ਪਰ ਉਨ੍ਹਾਂ ਲੋਗਾਂ ਨੂੰ ਗੁਰੂਆਂ ਦੇ ਜੀਵਨ ਤੇ ਲਾਭ ਪਹੁੰਚਿਆ ਜੋ ਪੰਜਾਬੀ ਨਹੀਂ ਜਾਨਦੇ ਸਨ। ਇਸਤੇ ਮਗਰੋਂ ਸੰ: ੧੮੭੫-੭੬ ਈ: ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਰਾਗਾਂ ਵਿਚੋਂ ਤਰਜ਼ਮਾ ਕੀਤਾ ਜਿਸ ਪਰ ਸਰਕਾਰ ਨੇ ਭੀ ਇਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਇਹ ਤਰਜ਼ਮਾਂ ਬਹੁਤ ਹੀ ਸੁੰਦਰ ਸੀ ॥

ਫੇਰ ਸੰ: ੧੮੭੭ ਈ: ਵਿਚ ਜਦ ਦਿਲੀ ਵਿਚ ਦਰ-ਬਾਰ ਹੋਇਆ ਤਦ ਇਨ੍ਹਾਂ ਨੂੰ ਉਸ ਸਮਜ ਪਰ "ਮਲਾਜ਼ਉਲ ਉਲਮਾ ਵਾ ਫਾਜ਼ਲੁਲ ਫਜ਼ਲਾ" ਦਾ ਖਤਾਬ ਮਿਲਿਆ, ਅਰ

ਇਸੀ ਸਾਲ ਅਪਨੀ ਸਾਰੀ ਲਾਇਬਰੇਰੀ ਅਰਥਾਤ ਪੁਸਤਕਾਲਯ ਜੋ ਅਰਬੀ, ਸੰਸਕ੍ਰਿਤ, ਗੁਰਮੁਖੀ ਅਤੇ ਅੰਗ੍ਰੇਜ਼ੀ ਕਿਤਾਬਾਂ ਦੀ ਸੀ ਸੋ ਸਾਰੀ ੧੮੭੮ ਭਦੌੜ ਤੋਂ ਲੁਦਿਹਾਨੇ ਨੂੰ ਲੈ ਆਏ ਅਤੇ ਓਥੇ ਆਮ ਦੇ ਪੜ੍ਹਨੇ ਲਈ ਖੋਲ੍ਹ ਦਿਤੀ ਜਿਸ ਤੇ ਸ਼ਹਿਰ ਦੇ ਲੋਗ ਅਤੇ ਵਿੱਦਯਾਰਥੀ ਲਾਭ ਉਠਾਉਨ ਲੱਗੇ।

ਇਸਤੇ ਮਗਰੋਂ ਸੰ: ੧੮੮੦ ਈ: ਵਿਚ ਇਨ੍ਹਾਂ ਨੂੰ ਸਰਕਾਰ ਵੱਲੋਂ ਸੀ-ਆਈ-ਈ ਦਾ ਖਤਾਬ ਮਿਲਯਾ ਅਤੇ ਉਸੀ ਸਾਲ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਮਿੰਬਰ ਬਨੇ ਅਰ ਸੱਤ ਸਭਾ ਪੰਜਾਬ ਦੇ ਪੈਟਰਨ ਹੋਏ ਅਤੇ ਬੰਗਾਲ ਦੀ ਸੰਗੀਤ ਸਭਾ ਦੇ ਭੀ ਮਿੰਬਰ ਮੁਕਰਰ ਹੋਏ। ਸੰ: ੧੮੮੩ ਈ: ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੈਨੇਜਮੰਟ ਕਮੇਟੀ ਦੇ ਮਿੰਬਰ ਹੋ ਗਏ, ਅਰ ਸੰ: ੧੮੮੪ ਈ: ਵਿਚ ਲੁਦਿਹਾਨੇ ਵਿਚ ਉਨ੍ਹਾਂ ਨੇ ਸਿੰਘ ਸਭਾ ਕਾਇਮ ਕੀਤੀ ਅਤੇ ਉਸਦੇ ਪ੍ਰੇਜ਼ੀਡੰਟ ਹੋਏ।

ਫਿਰ ਸੰ: ੧੮੮੦ ਈ: ਵਿਚ ਉਨ੍ਹਾਂ ਨੇ ਮਹਾਂ ਮਹੋਪਾਧਯਾਇ ਦਾ ਖਤਾਬ ਮਿਲਿਆ ਜਿਸ ਦਾ ਦਰਜਾ ਦਰਬਾਰ ਵਿਚ ਬੈਠਨ ਦਾ ਰਾਜੇ ਵਾਲੇ ਖਿਤਾਬ ਕੋਲੋਂ ਦੂਸਰੇ ਪਰ ਹੈ। ਇਸੀ ਤਰ੍ਹਾਂ ਸੰ: ੧੮੮੮ ਈ: ਵਿਚ ਕੇ-ਸੀ-ਆਈ-ਈ ਦਾ ਖਤਾਬ ਸਰਕਾਰੋਂ ਮਿਲਯਾ।

ਸੰ: ੧੮੮੮ਈ: ਵਿਚ ਖਾਲਸਾ ਦੀਵਾਨ ਦੇ ਪ੍ਰੇਜ਼ੀਡੰਟ ਹੋ ਗਏ, ਜਿਸਦੇ ਨਾਲ ਮਿਲਕੇ ਉਨ੍ਹਾਂ ਨੇ ਖਾਲਸਾ ਕਾਲਜ ਦੇ ਕਾਇਮ ਕਰਨ ਲਈ ਤਨ ਮਨ ਅਤ ਧਨ ਨਾਲ ਯਤਨ ਕਰਨੇ ਅਰੰਭ ਕਰ ਦਿੱਤੇ ਜਿਨ੍ਹਾਂ ਦਾ ਫਲ ਇਹ ਹੋਇਆ ਜੋ ਖਾਲਸਾ

ਦੀਵਾਨ ਦੇ ਮਿੰਬ੍ਰਾਂ ਅਤੇ ਹੋਰ ਕਈ ਮਹਾਤਮਾ ਪੁਰਖਾਂ ਨੇ ਇਨ੍ਹਾਂ ਦੇ ਨਾਲ ਇਕੱਤ੍ਰ ਹੋਕੇ ਕਾਲਜ ਦੀ ਕਾਇਮੀ ਲਈ ਕੋਸ਼ਸ਼ ਕੀਤੀ ਜਿਸਦਾ ਫਲ ਇਹ ਹੋਇਆ ਕਿ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਜੀ ਵਿਚ ਬਨ ਰਿਹਾ ਹੈ ਅਤੇ ਹਾਈ ਸਕੂਲ ਤਕ ਪੜ੍ਹਾਈ ਜ਼ਾਰੀ ਹੈ।

ਇਸਤੇ ਅੱਗੇ ਸੰ.੧੮੯੦ਈ: ਵਿਚ ਇਨ੍ਹਾਂ ਨੇ ਖਾਲਸਾ ਕਾਲਜ ਅਸਟੈਬਲਿਸ਼ਮਿੰਟ ਕਮੇਟੀ ਨੂੰ ਖਾਲਸਾ ਕਾਲਜ ਦਾ ਚਾਰਜ ਦਿਤਾ ਜਿਸਦੇ ਇਹ ਵਾਈਸ ਪ੍ਰੇਜ਼ੀਡੰਟ ਮੁਕਰਰ ਹੋਏ ਅਰ ਉਸਦੇ ਰੁਪਏ ਦੇ ਫੰਡ ਦੇ ਟਰਸਟੀ ਭੀ ਹੋਏ ਅਰ ਓਸੇ ਸੰਨ ਵਿਚ ਪੰਜਾਬ ਚੀਫਸ ਕਾਲਜ ਦੀ ਕਮੇਟੀ ਦੇ ਮਿੰਬਰ ਹੋ ਗਏ। ਫੇਰ ਸੰਨ ੧੮੯੨ ਈ: ਵਿਚ ਜਦ ਖਾਲਸਾ ਕਾਲਜ ਅਸਟੈਬਲਿਸ਼ਮਿੰਟ ਕਮੇਟੀ ਹਟ ਗਈ ਅਤੇ ਕੌਂਸਲ ਬਨ ਗਈ ਤਦ ਸਰਦਾਰ ਸਾਹਿਬ ਉਨ੍ਹਾਂ ਕੋਸ਼ਸ਼ਾਂ ਦੇ ਬਦਲੇ ਜੋ ਇਨ੍ਹਾਂ ਨੇ ਖਾਲਸਾ ਕਾਲਜ ਕੌਂਸਲ ਦੇ ਲਾਈਫ ਵਾਈਸ ਪ੍ਰੇਜ਼ੀਡੰਟ ਬਨੇ ਅਤੇ ਅੱਛੀ ਤਰ੍ਹਾਂ ਨਾਲ ਕੌਮੀ ਕੰਮਾਂ ਵਿਚ ਹਿੱਸਾ ਲੈਨ ਲੱਗੇ। ਇਸ ਤੇ ਮਗਰੋਂ ਸੰ: ੧੮੯੪ਈ: ਵਿਚ ਰੁਆਇਲ ਏਸ਼ੀਆਟਿਕ ਸੋਸਾਇਟੀ ਦੇ ਮਿੰਬ੍ਰ ਬਨੇ।

ਇਸ ਸਾਰੀ ਉਪਰਲੀ ਥੋੜੀ ਜੇਹੀ ਤਾਰੀਖ ਦੇ ਪੜ੍ਹਨੇ ਤੇ ਪਾਠਕਾਂ ਨੂੰ ਇਹ ਖਿਜਾਲ ਤਾਂ ਜ਼ਰੂਰ ਆਇਆ ਹੋਏਗਾ ਕਿ ਸਰ ਸਰਦਾਰ ਅਤਰ ਸਿੰਘ ਸਾਹਿਬ ਨੇ ਆਪਨੀ ਸਾਰੀ ਉਮਰ ਨੂੰ ਏਡੇ ਵੱਡੇ ਰਈਸ ਹੋਕੇ ਅੱਜ ਕੱਲ ਦੇ ਸਰਦਾਰਾਂ ਵਾਂਗ ਸ਼ਰਾਬ ਕਬਾਬ, ਵੇਸ਼ਿਆ ਅਤੇ ਕੁਤਿਆਂ ਦੇ ਪਾਲਨ ਵਿਚ ਖਰਚ ਨਹੀਂ ਕੀਤਾ ਸੀ ਕਿੰਤੂ ਇਸਤੇ ਬਿਨਾਂ ਵਿਦਿਆ ਦੇ ਹਾਸਲ ਕਰਨੇ,

ਸਰਕਾਰ ਨੂੰ ਸਮੇਂ ੨ ਪਰ ਮਦਦ ਦੇਨੇ ਅਤੇ ਹਰ ਇਕ ਦੇਸੀ ਸੋਭਨੀਕ ਕਮੇਟੀਆਂ ਦੇ ਮਿਤ੍ਰ ਹੋਨੇ ਅਤੇ ਖਾਲਸਾ ਕੌਮ ਦੀ ਭਲਾਈ ਵਿਚ ਖਰਚ ਕੀਤਾ ਸੀ ਜਿਸ ਤੇ ਇਨ੍ਹਾਂ ਦੀ ਇਜ਼ਤ ਖਾਲਸਾ ਕੌਮ ਅਤੇ ਸਰਕਾਰ ਦੇ ਦਿਲ ਵਿਚ ਅੱਛੀ ਤਰ੍ਹਾਂ ਹੋਇ ਰਹੀ ਸੀ।

ਪਰੰਤੂ ਮਹਾਂ ਸ਼ੋਕ ਇਹ ਹੈ ਕਿ ਉਸ ਸਮੇਂ ਜੋ ਅੰਤ ਸਮੇਂ ਕਹਾਂਦੇ ਸੱਦੀ ਦਾ ਹੈ ਅਰ ਜਿਸ ਤੇ ਕੋਈ ਭੀ ਨਹੀਂ ਬਚਿਆ ਸੋ ਅੰਤ ਨੂੰ ਅੰਤ ਦਾ ਦਿਨ ਇਨ੍ਹਾਂ ਪਰ ਭੀ ਆਇਆ ਜਿਸ ਪਰ ਕੁਝਕ ਰੂਪ ਦੀ ਸਹਾਇਤਾ ਹੋਗਈ ਅਰ ਦਿਲ ਵਿਚ ਆਇਆ ਕਿ ਗੰਗਾ ਜੀ ਵਲ ਕੁਝ ਦਿਨ ਜਾਕੇ ਆਬ ਹਵਾ ਬਦਲਨੀ ਚਾਹੀਏ ਜਿਸ ਪਰ ਓਥੇ ਜਾਕੇ ਕੁਛ ਦਿਨ ਮਗਰੋਂ ਕੁਨਖਲ ਵਿਚ ਸਰੀਰ ਥੋਂ ਪ੍ਰਾਣ ਜੁਦਾ ਹੋ ਗਏ ਅਰਥਾਤ ੧੦ ਜੂਨ ਸੰ: ੧੮੯੬ ਈ: ਨੂੰ ਇਸ ਅਸਾਰ ਸੰਸਾਰ ਤੋਂ ਸਦਾ ਦੇ ਲਈ ਕੂਚ ਕਰ ਗਏ। Death at Hardwar 10-6-1896

ਅੱਗੇ ਇਨ੍ਹਾਂ ਦੇ ਦੋ ਸਾਹਿਬ ਜ਼ਾਦੇ ਹਨ ਜਿਨ੍ਹਾਂ ਵਿਚੋਂ ਵਡੇ ਸਰਦਾਰ ਭਗਵੰਤ ਸਿੰਘ ਸਾਹਿਬ ਅਤੇ ਛੋਟੇ ਕੰਵਰ ਬਲਵੰਤ ਸਿੰਘ ਸਾਹਿਬ ਜੀ ਹਨ ਜਿਨ੍ਹਾਂ ਨੂੰ ਅਪਨੇ ਪਿਤਾ ਸਰਦਾਰ ਸਾਹਿਬ ਜੀਦੀ ਅਕਾਲ ਮ੍ਰਿਤੂ ਤੋਂ ਬਹੁਤ ਹੀ ਨੁਕਸਾਨ ਪਹੁੰਚਿਆ ਹੈ ਅਤੇ ਹੋਰ ਇਨ੍ਹਾਂ ਦੇ ਦੇਹ ਤਿਆਗ ਤੇ ਜੋ ਨੁਕਸਾਨ ਇਨ੍ਹਾਂ ਦੇ ਖਾਨਦਾਨ ਨੂੰ ਪਹੁੰਚਿਆ ਹੈ ਬੇਸ਼ਕ ਕਥਨ ਥੋਂ ਬਾਹਰ ਹੈ।

ਸਰਦਾਰ ਸਾਹਿਬ ਸੁਰਗਵਾਸੀ ਦੇ ਦੇਹ ਤਿਆਗ ਤੇ ਜੋ ਨੁਕਸਾਨ ਖਾਲਸਾ ਕੌਮ ਨੂੰ ਪਹੁੰਚਿਆ ਹੈ ਸੋ ਉਸਦਾ ਪੂਰਾ

ਹੋਣਾ ਤਾ ਬਹੁਤ ਮੁਸ਼ਕਲ ਪ੍ਰਤੀਤ ਹੁੰਦਾ ਹੈ ਜਿਸਦਾ ਸਬੂਤ ਇਹ ਹੈ ਕਿ ਸਿੱਖਾਂ ਵਿਚ ਅੱਗੇ ਕੋਈ ਅਜੇਹਾ ਸਰਦਾਰ- ਯਾ ਰਈਸ ਨਹੀਂ ਪੈਦਾ ਹੋਇਆ ਜਿਸਦੀ ਲਿਆਕਤ ਇਲਮੀਂ ਐਥੋਂ ਤਕ ਹੋਵੇ ਜਿਸਨੂੰ ਮਹਾਂਮਹੋ ਉਪਾਧਯਾਇ ਦੀ ਡਿਗਰੀ ਹਾਸਲ ਹੋਈ ਹੋ, ਅਤੇ ਅਸੀਂ ਇਹ ਭੀ ਨਹੀਂ ਕਹਿ ਸਕਦੇ ਕਿ ਕਦ ਇਹ ਗਲ ਅਸੀਂ ਸੁਨਾਂ ਗੇ ਕਿ ਫਲਾਨੇ ਰਈਸ ਨੇ ਮਹਾਂਮਹੋ ਉਪਾਧਯਾਇ ਦੀ ਡਿਗਰੀ ਹਾਸਲ ਕੀਤੀ ਹੈ।

ਦੂਸਰਾ ਸਿੱਖਾਂ ਵਿਚ ਸਰਕਾਰੀ ਅਲਾਸ ਵਿਚ ਰਹਿਕੇ ਕੇ-ਸੀ-ਆਈ-ਈ ਦਾ ਖਤਾਬ ਅਜ ਤਕ ਏਸੇ ਬਹਾਦਰ ਸਰਦਾਰ ਨੇ ਅਪਨੀ ਹਿੰਮਤ ਕਰਕੇ ਲਿਆ ਸੀ ਸੋ ਅਸੀਂ ਉਹ ਦਿਨ ਕਦੋਂ ਭਾਗੀ ਭਰਿਆ ਦੇਖੇਂਗੇ ਜਦ ਸਾਡੇ ਪੰਜਾਬ ਦੇ ਰਈਸ ਭੀ ਇਸ ਖਤਾਬ ਨੂੰ ਪਾਉਨ ਗੇ।

ਤੀਸਰਾ ਜੋ ਕੁਛ ਖਾਲਸਾ ਕੌਮ ਦੀ ਉੱਨਤੀ ਦੇ ਵਾਸਤੇ ਖਾਲਸਾ ਕਾਲਜ ਲਈ ਇਨ੍ਹਾਂ ਨੇ ਪੁਰਖਾਰਥ ਕੀਤੇ ਹਨ ਸੋ ਕੌਮ ਕਦੀ ਸਦੀਆਂ ਤਕ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ ਰਹੇ ਗੀ ਜਿਸਤੇ ਅਸੀਂ ਦੇਖਾਂ ਗੇ ਜੋ ਉਹ ਕੌਨ ਬਹਾਦਰ ਸਰਦਾਰ ਹੋਵੇਗਾ ਜੋ ਇਸ ਸਰ ਸਰਦਾਰ ਦਾ ਨਮੂਨਾ ਬਨਕੇ ਦਖਾਏਗਾ।

ਇਸ ਵਾਸਤੇ ਅਸੀਂ ਵੱਡੇ ਸ਼ੋਕ ਨਾਲ ਇਨ੍ਹਾਂ ਦੀ ਅਕਾਲ ਮ੍ਰਿਤੂ ਪਰ ਸ਼ੋਕ ਪ੍ਰਗਟ ਕਰਕੇ ਅਕਾਲ ਪੁਰਖ ਅਗੇ ਪ੍ਰਾਰਥਨਾ ਕਰਦੇ ਹਾਂ ਕਿ ਹੇ ਸਰਬ ਸ਼ਕਤੀਮਾਨ ਪਰਮਾਤਮਾ ਆਪ ਸਰ ਸ੍ਰਦਾਰ ਸ੍ਵਰਗਵਾਸੀ ਦੀ ਆਤਮਾ ਨੂੰ ਅਪਨੇ ਚਰਨਾਂ ਵਿਚ ਰੱਖਕਰ ਸੁਖ ਪ੍ਰਦਾਨ ਕਰੇ ਅਤੇ ਉਨ੍ਹਾਂ ਦੇ ਪ੍ਰਵਾਰ ਨੂੰ

ਸ਼ਾਂਤਿ ਅਤੇ ਧੀਰਜ ਦੇ, ਅਤੇ ਉਸ ਪ੍ਰਉਪਕਾਰੀ ਦੇ ਪ੍ਰਵਾਰ ਨੂੰ ਸਦਾ ਦੇ ਲਈ ਹਰਿਆ ਭਰਿਆ ਭਰਿਆ ਰੱਖ।

## ਡਾਕਟਰ ਜੈ ਸਿੰਘ ਜੀ—

ਡਾਕਟਰ ਜੈ ਸਿੰਘ ਦਾ ਜਨਮ ਫਗਣ ਦੀ ਸੰਗ੍ਰਾਂਦ ਸੰਮਤ ੧੯੨੨ ਬਿਕਰਮੀ (੧੮੫੬ ਈ: ਨੂੰ ਪਿੰਡ ਦਾਦਨ ਖਾਂ ਵਿਚ ਸ: ਸੰਤ ਸਿੰਘ ਆਹਲੂਵਾਲੀਏ ਦੇ ਘਰ ਹੋਇਆ। ੧੮੭੪ ਈ: ਵਿਚ ਉਹ ਡਾਕਟਰੀ ਦੀ ਵਿਦਿਆ ਪ੍ਰਾਪਤ ਕਰਕੇ ਅਸਿਸਟੈਂਟ ਸਰਜਨ ਦੇ ਤੌਰ ਪਰ ਸ੍ਰਕਾਰੀ ਨੌਕਰ ਹੋ ਗਏ। ੧੮੯੨ ਵਿਚ ਨੌਕਰੀ ਛਡ ਦਿਤੀ ਅਤੇ ਲਾਹੌਰ ਜਾਕੇ ਕੈਮਿਸਟ ਦੀ ਦੁਕਾਨ ਖੋਹਲ ਲੀਤੀ।

ਪਹਿਲਾਂ ਆਪ ਦੇ ਖਿਆਲਾਂ ਦਾ ਝੁਕਾ ਬ੍ਰਹਿਮੂ-ਸਮਾਜ ਵਲ ਸੀ, ਪ੍ਰੰਤੂ ਲਾਹੌਰ ਆਕੇ ਉਹ ਗਿਆਨੀ ਦਿਤ ਸਿੰਘ ਜੀ ਦੀ ਪ੍ਰੇਰਨਾਂ ਨਾਲ ਪੱਕੇ ਸਿੰਘ ਸਭੀਏ ਗੁਰਮੁਖ ਗੁਰ ਸਿਖ ਬਣ ਗਏ ਅਤੇ ਗਿਆਨੀ ਦਿਤ ਸਿੰਘ ਜੀ ਦੀ ਸੱਜੀ ਬਾਂਹ ਬਣਕੇ ਕੰਮ ਕਰਨ ਲਗੇ। ਇਨ੍ਹਾਂ ਨੇ ਸ਼ੁਧੀ ਲਈ ਬੜਾ ਵਧ ਚੜ੍ਹਕੇ ਕੰਮ ਕੀਤਾ ਅਤੇ ਇਸਤਰ੍ਹਾਂ ਸਿੰਘ ਸਭਾ ਲਹਿਰ ਵਿਚ ਨਵੀਂ ਰੂਹ ਭਰ ਦਿਤੀ, ਅੰਤ ੯ ਜੂਨ ੧੮੯੮ ਨੂੰ ਆਪ ਇਹ ਪੰਜ ਭੂਤਕ ਸਰੀਰ ਛਡਕੇ ਗੁਰਪੁਰੀ ਸੁਧਾਰੇ ਅਤੇ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਗਏ।

ਇਨ੍ਹਾਂ ਤੋਂ ਬਿਨਾਂ ਭਾਈ ਮੇਹਰ ਸਿੰਘ ਚਾਵਲਾ ਮੈਂਬਰ ਮਿਊਂਸੀਪਲ ਕਮੇਟੀ ਲਾਹੌਰ, ਭਾਈ ਮਈਆ ਸਿੰਘ ਅਤੇ ਭਾਈ ਨਿਕਾ ਸਿੰਘ ਭੀ ਆਪ ਦੇ ਸਰਗਰਮ ਸਾਥੀ ਸਨ।

ਭਾਈ ਕਾਹਨ ਸਿੰਘ ਨਾਭਾ ਨੇ ਭਾਂਵੇ ਸਿੰਘ ਸਭਾ ਲਹਿਰ ਦੇ ਅਰੰਭ ਵਿਚ ਬਹੁਤਾ ਹਿਸਾ ਨਹੀਂ ਲਿਆ; ਪ੍ਰੰਤੂ ਪ੍ਰੋਫੈਸਰ ਗੁਰਮੁਖ ਸਿੰਘ ਦੇ ਯਤਨਾਂ ਨਾਲ ਉਹ ਸਿੰਘ ਸਭਾ ਲਹਿਰ ਨਾਲ ਬਹੁਤ ਦਿਲਚਸਪੀ ਲੈਣ ਲਗੇ ਅਤੇ ਗਿਆਨੀ ਦਿਤ ਸਿੰਘ ਜੀ ਦੇ ਚੰਗੇ ਪ੍ਰੇਮੀਂ ਬਣ ਗਏ। ਉਨ੍ਹਾਂ ਦੀ ਹਿੰਮਤ ਹੀ ਸੀ ਕਿ ਮਹਾਰਾਜਾ ਹੀਰਾ ਸਿੰਘ ਨੇ ਗਿਆਨੀ ਜੀ ਨੂੰ ਮੁੜ ਅਖਬਾਰ ਅਤੇ ਪ੍ਰੈਸ ਜਾਰੀ ਕਰਨ ਲਈ ਮਾਇਕ ਸਹਾਇਤਾ ਦਿਤੀ, ਗਿਆਨੀ ਦਿਤ ਸਿੰਘ ਪ੍ਰੋਫੈਸਰ ਗੁਰਮੁਖ ਸਿੰਘ ਦੇ ਮਿਲਵੇਂ ਯਤਨਾਂ ਨਾਲ ਮਹਾਰਾਜਾ ਹੀਰਾ ਸਿੰਘ ਅਤੇ ਸ੍ਰਦਾਰ ਸਰ ਅਤਰ ਸਿੰਘ ਵਿਚਕਾਰ ਚਲ ਰਿਹਾ ਝਗੜਾ, ਖਤਮ ਹੋਇਆ ਅਤੇ ਦੋਹਾਂ ਦੀ ਸੁਲਾਹ ਹੋ ਗਈ ਇਸ ਨਾਲ ਖਾਲਸਾ ਕਾਲਜ ਬਣਾਉਣ ਦੇ ਕੰਮ ਵਿਚ ਭਾਰੀ ਸਹਾਇਤਾ ਮਿਲੀ ਅਤੇ ਇਹ ਸ਼ੁਭ ਕੰਮ ਛੇਤੀ ਹੀ ਸਿਰੇ ਚੜ੍ਹ ਗਿਆ।

ਨੌਜਵਾਨਾਂ ਵਿਚੋਂ ਸ੍ਰਦਾਰ ਸਰ ਸੁੰਦਰ ਸਿੰਘ ਜੀ ਮਜੀਠੀਆਂ ਸ੍ਰਦਾਰ ਹਰਬੰਸ ਸਿੰਘ ਅਟਾਰੀ, ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਆਦਿ ਆਪ ਦੇ ਬੜੇ ਸ਼ਰਧਾਲੂ ਸਨ। ਇਹਨਾਂ ਨੇ ਗਿਆਨੀ ਜੀ ਦੇ ਅਕਾਲ ਚਲਾਨੇ ਤੋਂ ਪਿਛੋਂ ਗਿਆਨੀ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਠੋਸ ਕੰਮ ਕੀਤਾ ਪੰਥ ਨੂੰ ਵਿਦਵਾਨ ਤੇ ਭਾਈਚਾਰਕ ਉਨਤੀ ਵਲ ਅਗੇ ਲੈ ਗਏ ਅਤੇ ਪੰਥ ਵਿਚੋਂ ਊਚ ਨੀਚ ਤੇ ਛੂਤ ਛਾਤ ਦੇ ਖਿਆਲਾਂ ਨੂੰ ਕਾਫੀ ਹਦ ਤਕ ਕੱਢਣ ਵਿਚ ਸਫਲ ਹੋਏ।

ਮਾ: ਬੀਰ ਸਿੰਘ ਭਾ: ਤਖਤ ਸਿੰਘ ਫੀਰੋਜ਼ਪੁਰ ਵਾਲੇ, ਸ: ਲਾਲ ਸਿੰਘ ਉਪਦਸ਼ੇਕ ਗੁਜਰਾਂਵਾਲੇ ਭੀ ਗਿਆਨੀ ਜੀ ਦੇ

ਸਰਧਾਲੂ ਸਨ ਜੋ ਕਿ ਗਿਆਨੀ ਜੀ ਦੀ ਪ੍ਰੇਰਨਾਂ ਨਾਲ ਸਿਖੀ ਪ੍ਰਚਾਰ ਲਈ ਮੈਦਾਨ ਵਿਚ ਨਿਤਰੇ ਸਨ।

ਇਨ੍ਹਾਂ ਤੋਂ ਬਿਨਾਂ ਗਿਆਨੀ ਜੀ ਦੇ ਹੋਰ ਭੀ ਬਹੁਤ ਸਾਰੇ ਸਾਥੀ ਸਨ। ਭਾਈ ਮਤਾਬ ਸਿੰਘ ਜੀ 'ਬੀਰ' ਨੇ ਅਛੂਤ ਉਧਾਰ ਦੇ ਲਈ ਬੜੀ ਘਾਲਣਾ ਘਾਲੀ। ਆਪ ਦੇ ਪ੍ਰਚਾਰ ਤੇ ਕੰਮ ਕਰਨ ਦੇ ਤਰੀਕੇ ਨੇ ਕਈ ਜਾਤ ਅਭਿਮਾਨੀਆਂ ਨੂੰ ਭੀ ਅਛੂਤ ਉਧਾਰ ਦੇ ਹਾਮੀ ਬਣਾ ਦਿਤਾ ਤੇ ਹਜ਼ਾਰਾਂ ਹੀ ਅਛੂਤ ਅੰਮ੍ਰਿਤ ਪਾਨ ਕਰ ਕੇ ਸਿਖੀ ਦੇ ਝੰਡੇ ਹੇਠ ਆ ਗਏ। ਇਸੇ ਤਰਾਂ ਹੋਰ ਭੀ ਬਹੁਤ ਸਾਰੇ ਪ੍ਰੇਮੀ ਹਨ ਜਿਨ੍ਹਾਂ ਦਾ ਹਾਲ 'ਖਾਲਸਾ ਬ੍ਰਾਦਰੀ ਇਤਹਾਸ" ਨਾਮੀ ਗ੍ਰੰਥ ਵਿਚ ਵਿਸਥਾਰ ਨਾਲ ਛਾਪਿਆ ਜਾਵੇਗਾ।

# ਵਿਆਹ ਤੇ ਸੰਤਾਨ

ਗਿਆਨੀ ਦਿਤ ਸਿੰਘ ਜੀ ਨੇ ਜਦ ਲਾਹੌਰ ਆਕੇ ਸਾਧੂਆਂ ਦਾ ਬਾਣਾ ਉਤਾਰ ਕੇ ਗੁਰਸਿਖੀ ਵਿਚ ਪ੍ਰਵੇਸ਼ ਕੀਤਾ ਤਦ ੧੯੮੦ ਈਸਵੀ ਵਿਚ ਉਨ੍ਹਾਂ ਦਾ ਵਿਆਹ ਲਾਹੌਰ ਵਿਚ ਹੀ ਸ੍ਰੀ ਮਤੀ ਬਿਸ਼ਨ ਕੌਰ ਨਾਲ ਪੂਰਨ ਗੁਰਮਤ ਅਨੁਸਾਰ ਹੋਇਆ। ਗਿਆਨੀ ਜੀ ਦਾ ਗ੍ਰਿਹਸਤੀ ਜੀਵਨ ਬੜਾ ਸੁਖ ਦਾ ਸੀ। ਦੰਪਤੀ ਵਿਚ ਅਥਾਹ ਪਿਆਰ ਸੀ। ੧੯੮੬ ਵਿਚ ਆਪ ਦੇ ਗ੍ਰਹਿ ਵਿਖੇ ਇਕ ਪੁਤ੍ਰ ੧੮੯੦ ਵਿਚ ਇਕ ਸਪੁਤ੍ਰੀ ਨੇ ਜਨਮ ਲਿਆ। ਪੁਤਰ ਦਾ ਨਾਮ ਬਲਦੇਵ ਸਿੰਘ ਅਤੇ ਪੁਤ੍ਰੀ ਦਾ ਨਾਂ ਵਿਦਯਾ ਵੰਤ ਕੌਰ ਰਖਿਆ ਗਿਆ। ਦੋਵੇਂ ਬਚੇ ਬਹੁਤ ਹੀ ਸੁੰਦਰ ਤੇ ਹੋਨਹਾਰ ਸਨ ਇਸ ਨਾਲ ਗਿਆਨੀ ਜੀ ਦੇ ਗ੍ਰਿਹਸਤੀ ਜੀਵਨ ਵਿਚ ਹੋਰ ਭੀ ਖੇੜਾ ਆ ਗਿਆ। ਅਤੇ ਉਨ੍ਹਾਂ ਦੇ ਦਿਨ ਬੜੇ ਸੁਖ ਦੇ ਗੁਜਰਨ ਲਗੇ। ਸਪੁਤ੍ਰ ਮੁਡਲੀ ਵਿਦਿਆ ਪੜ੍ਹ ਕੇ ਮੈਡੀਕਲ ਕਾਲਜ ਵਿਚ ਦਾਖਲ ਹੋ ਗਿਆ। ਅਤੇ ਉਸ ਦੀ ਤੀਖਣ ਬੁਧੀ ਦੀ ਸਾਰੇ ਪ੍ਰਸੰਸਾ ਕਰਨ ਲਗੇ। ਸਪੁਤ੍ਰੀ ਇਤਨੀ ਸੁੰਦਰ ਤੇ ਸੁਸ਼ੀਲ ਸੀ ਕਿ ਉਸਦੀ ਸਾਰੇ ਪ੍ਰਸੰਸਾ ਕਰਦੇ ਸਨ। ਉਸਨੇ ਵਿਦਿਆ ਗਿਆਨੀ ਜੀ ਪਾਸੋਂ ਘਰ ਵਿਚ ਹੀ ਪ੍ਰਾਪਤ ਕੀਤੀ ਅਤੇ ਦਸ ਗਿਆਰਾਂ ਵਰ੍ਹੇ ਦੀ ਉਮਰ ਵਿਚ ਇਨ੍ਹਾਂ ਕੁਝ ਪੜ੍ਹ

ਗਈ ਕਿ ਗਿਆਨੀ ਜੀ ਆਪਣੀ ਬਚੀ ਪਰ ਫਖਰ ਕਰਦੇ ਫੁਲੇ ਨਹੀਂ ਸਨ ਸਮਾਉਂਦੇ। ਉਹ ਸੰਸਾਰ ਵਿਚ ਸਭ ਤੋਂ ਵਧੇਰੇ ਪਿਆਰ ਆਪਣੀ ਇਸ ਹੋਨਹਾਰ ਬਚੀ ਨਾਲ ਹੀ ਕੀਤਾ ਕਰਦੇ ਸਨ। ਅਤੇ ਉਨ੍ਹਾਂ ਦੀ ਮੌਤ ਦਾ ਕਾਰਨ ਭੀ ਇਹ ਬਚੀ ਹੀ ਬਣੀ। ਉਹ ਕਲੀ ਅਜੇ ਖਿੜ ਭੀ ਨਾ ਪਾਈ ਸੀ ਜੋ ਮੌਤ ਦੇ ਜ਼ਾਲਮ ਹਥਾਂ ਨੇ ਝਪਟਾ ਮਾਰ ਕੇ ਉਸ ਫੁਲ ਨੂੰ ਪਿਤਾ ਦੀ ਸਧਰਾਂ ਦੀ ਡਾਲੀ ਨਾਲੋਂ ਤੋੜ ਲਿਆ ਇਸ ਮੌਤ ਨੇ ਗਿਆਨੀ ਦਿਤ ਸਿੰਘ ਜੀ ਦਾ ਦਿਲ ਤੋੜ ਦਿਤਾ।

ਉਨ੍ਹਾਂ ਦੇ ਗ੍ਰਿਹਸਤੀ ਸੁਖ ਪਰ ਪਾਣੀ ਫੇਰਿਆ ਅਤੇ ਉਨ੍ਹਾ ਨੂੰ ਉਹ ਰੋਗ ਲਗਾ ਜੋ ਆਖਰਕਾਰ ਉਨ੍ਹਾਂ ਨੂੰ ਨਾਲ ਹੀ ਲੈ ਗਿਆ। ਇਸ ਤਰ੍ਹਾਂ ਗਿਆਨੀ ਜੀ ਦਾ ਖੇੜੇ ਦਾ ਗ੍ਰਿਹਸਤੀ ਜੀਵਨ ਖਿਜ਼ਾਂ ਬਣਕੇ ਰਹਿ ਗਿਆ।

# ਅਕਾਲ ਚਲਾਣਾ

ਦੁਨੀਆਂ ਤੇ ਜੀਵਨ ਸਾਥੀਆਂ ਨਾਲ ਹੀ ਹੈ। ਸਜਨਾਂ ਦੇ ਵਿਛੋੜੇ ਪਿਛੋਂ ਜੀਵਨ ਵਿਚ ਕੋਈ ਖੇੜਾ ਬਾਕੀ ਨਹੀਂ ਰਹਿ ਜਾਂਦਾ। ਦਿਲ ਟੁਟ ਜਾਂਦਾ ਹੈ ਅਤੇ ਆਦਮੀ ਮੌਤ ਦੇ ਦਿਨ ਗਿਨਣੇ ਸ਼ੁਰੂ ਕਰ ਦਿੰਦਾ ਹੈ। ਗਿਆਨੀ ਦਿਤ ਸਿੰਘ ਜੀ ਦੇ ਜੀਵਨ ਬੜਾ ਵਿਚ ਜੋਸ਼ ਤੇ ਉਤਸ਼ਾਹ ਸੀ ਪਰੰਤੂ ਸਜਨਾਂ ਦੇ ਵਿਛੋੜੇ ਨੇ ਉਹ ਉਤਸ਼ਾਹ ਮੱਠਾ ਕਰਨਾ ਸ਼ੁਰੂ ਕਰ ਦਿਤਾ।

ਸਭ ਤੋਂ ਪਹਿਲਾਂ ੧੮੮੭ ਵਿਚ ਕੰਵਰ ਬਿਕਰਮ ਸਿੰਘ ਜੀ ਇਸ ਸੰਸਾਰ ਨੂੰ ਛਡ ਗਏ। ਆਪ ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਦੇ ਸਰਪ੍ਰਸਤ ਸਮਝੇ ਜਾਂਦੇ ਸਨ। ਅਤੇ ਉਨ੍ਹਾਂ ਦੇ ਬੈਠਿਆਂ, ਇਨ੍ਹਾਂ ਨੂੰ ਕੋਈ ਫਿਕਰ ਨਹੀਂ ਸੀ ਹੁੰਦਾ ਕੰਵਰ ਸਾਹਿਬ ਦੀ ਮੌਤ ਦੇ ਪਿਛੋਂ ਇਹ ਦੋਵੇਂ ਇਉਂ ਸਮਝ ਰਹੇ ਸਨ ਕਿ ਜਿਸਤਰਾਂ ਯਤੀਮ ਹੋ ਗਏ ਹੋਣ। ਇਸ ਦੇ ਪਿਛੋਂ ੧੮੮੯ ਈ: ਵਿਚ ਜਦ ਸ੍ਰਦਾਰ ਸਰ ਅਤਰ ਸਿੰਘ ਜੀ ਭਦੌੜ ਲਾਹੌਰ ਖਾਲਸਾ ਦੀਵਾਨ ਦੇ ਪ੍ਰਧਾਨ ਬਣੇ ਤਾਂ ਇਨ੍ਹਾਂ ਨੂੰ ਕੰਵਰ ਬਿਕਰਮ ਸਿੰਘ ਦੇ ਵਿਛੋੜੇ ਦਾ ਘਾਟਾ ਕੁਝ ਹਦ ਤਕ ਪੂਰਾ ਹੁੰਦਾ ਵਿਖਾਈ ਦੇਣ ਲਗਾ। ਸਰਦਾਰ ਸਰ ਅਤਰ ਸਿੰਘ ਸਚੇ ਗੁਰਸਿਖ ਅਤੇ ਭਾਰੀ ਰਈਸ ਸਨ। ਉਨ੍ਹਾਂ ਨੇ ਇਨ੍ਹਾਂ ਦੀ ਸਰਪ੍ਰਸਤੀ ਪ੍ਰਵਾਨ

ਕੀਤੀ ਤਾਂ ਇਨ੍ਹਾਂ ਦਾ ਸੁਤਾ ਹੋਇਆ ਉਤਸ਼ਾਹ ਜਾਗ ਪਿਆ। ਖਾਲਸਾ ਕਾਲਜ ਬਨਾਉਣ ਲਈ ਸਰਗਰਮੀ ਨਾਲ ਕੰਮ ਕਰਨ ਲਗੇ ਅਤੇ ਉਨ੍ਹਾਂ ਦੇ ਉਤਸ਼ਾਹ ਨਾਲ ਖਾਲਸਾ ਅਖ਼ਬਾਰ ਤੇ ਖਾਲਸਾ ਪ੍ਰੈਸ ਫੇਰ ਜਾਰੀ ਹੋ ਗਏ। ੧੮੯੫ ਵਿਚ ਗਿਆਨੀ ਜੀ ਤੇ ਪ੍ਰੋਫੈਸਰ ਹੁਰੀਂ ਫੇਰ ਪੂਰੀ ਤਾਕਤ ਨਾਲ ਕੰਮ ਕਰਨ ਲਗੇ ਪਰੰਤੂ ਇਸ ਤੋਂ ਅਗਲੇ ਹੀ ਸਾਲ ੧੮੯੬ ਵਿਚ ਸਰ ਅਤਰ ਸਿੰਘ ਜੀ ਇਸ ਦੁਨੀਆਂ ਨੂੰ ਛਡ ਕੇ ਇਨ੍ਹਾਂ ਨੂੰ ਫੇਰ ਡਾਵਾਂ ਡੋਲ ਕਰ ਗਏ।

ਪ੍ਰੋ: ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਲਈ ਵਡਾ ਭਾਰੀ ਸਦਮਾ ਸੀ। ਪਰੰਤੂ ਫੇਰ ਭੀ ਉਨ੍ਹਾਂ ਦਿਲ ਨ ਛਡਿਆ। ਇਸ ਦਾ ਕਾਰਨ ਇਹ ਸੀ ਕਿ ਦੋਹਾਂ ਵਿਚ ਬੇਹਦ ਪਿਆਰ ਸੀ। ਇਉਂ ਮਲੂਮ ਹੁੰਦਾ ਸੀ ਕਿ ਦੋ ਸਰੀਰਾਂ ਵਿਚ ਇਕ ਹੀ ਆਤਮਾ ਦਾ ਪ੍ਰਵੇਸ਼ ਹੈ ਅਤੇ ਉਹ ਆਤਮਾ ਇਤਨੀ ਸ਼ਕਤੀ ਸ਼ਾਲੀ ਤੇ ਉਤਸ਼ਾਹੀ ਹੈ ਕਿ ਕੋਈ ਰੋਕ ਉਸ ਦਾ ਰਾਹ ਨਹੀਂ ਰੋਕ ਸਕਦੀ। ਦੋਵੇਂ ਸਾਥੀ ਮੋਢੇ ਨਾਲ ਮੋਢਾ ਜੋੜੀ ਅਪਣੀ ਪੰਥ ਸੇਵਾ ਦੇ ਨਿਸ਼ਾਨੇ ਵਲ ਵਧਦੇ ਹੋਏ ਵਿਖਾਈ ਦਿੰਦੇ ਸਨ।

ਦੋ ਸਾਲ ਪਿਛੋਂ ਗਿਆਨੀ ਦਿਤ ਸਿੰਘ ਜੀ ਨੂੰ ਅਜੇਹੀ ਸਟ ਲਗੀ ਕਿ ਜਿਸ ਨੂੰ ਸਹਾਰਨਾ ਉਨ੍ਹਾਂ ਲਈ ਅਸਹਿ ਸੀ। ਉਹ ਪ੍ਰੋਫੈਸਰ ਗੁਰਮੁਖ ਸਿੰਘ ਜੋ ਹਰ ਹਨੇਰੇ ਵਿਚ ਚਾਨਣ ਬਣ ਕੇ ਉਸ ਦੇ ਸਾਹਮਣੇ ਆ ਜਾਂਦਾ ਸੀ, ਇਸ ਦੁਨੀਆਂ ਵਿਚ ਨ ਰਿਹਾ। ੨੪ ਸਤੰਬਰ ੧੮੯੮ ਈ: ਦੇ ਅਭਾਗੇ ਦਿਨ ਕੰਡਾ ਘਾਟ ਵਿਚ ਕੁਝ ਦਿਨ ਬੀਮਾਰ ਰਹਿ ਕੇ ਉਹ ਭੀ

ਇਸ ਦਨੀਆਂ ਤੋਂ ਕੂਚ ਕਰ ਗਏ। ਹੁਣ ਗਿਆਨੀ ਦਿਤ ਸਿੰਘ ਜੀ ਇਸ ਵਿਸ਼ਾਲ ਸੰਸਾਰ ਵਿਚ ਇਕਲੇ ਰਹਿ ਗਏ। ਹੁਣ ਗਿਆਨੀ ਦਿਤ ਸਿੰਘ ਜੀ ਇਸ ਵਿਸ਼ਾਲ ਸੰਸਾਰ ਵਿਚ ਪੰਥ ਸੇਵਾ ਲਈ ਆਪਣੇ ਆਪ ਨੂੰ ਇਕੱਲਾ ਹੀ ਅਨਭਵ ਕਰਨ ਲਗੇ। ਪਰੰਤੂ ਉਨ੍ਹਾਂ ਦੀ ਸੁਸ਼ੀਲ ਤੇ ਸੁੰਦਰ ਸਪੁਤਰੀ ਵਿਦਆ ਵੰਤ ਕੌਰ ਉਨ੍ਹਾਂ ਦੀਆਂ ਦਿਲਚਸਪੀਆਂ ਅਤੇ ਪਿਆਰ ਦਾ ਕੇਂਦਰ ਬਣੀ ਰਹੀ ਅਤੇ ਇਸ ਪਿਆਰ ਦੇ ਆਸਰੇ ਉਹ ਜਿਉਂ ਤਿਉਂ ਕਰਕੇ ਆਪਣੇ ਦਿਲ ਨੂੰ ਸੰਭਾਲੀ ਬੈਠੇ ਰਹੇ ਪਰ ਕੁਦਰਤ ਨੂੰ ਇਹ ਭੀ ਮਨਜ਼ੂਰ ਨਹੀਂ ਸੀ।

੧੯੦੧ ਈਸਵੀ ਦੇ ਜੂਨ ਮਹੀਨੇ ਦੀ ੧੭ ਵੀ ਤਾਰੀਖ ਆਈ, ਮੌਤ ਦਾ ਜ਼ਾਲਮ ਹੱਥ ਉਠਿਆ ਅਤੇ ਉਨ੍ਹਾਂ ਦੀ ਪਿਆਰੀ ਵਿਦਿਆ-ਵੰਤ ਨੂੰ ਚੁਕ ਕੇ ਗਿਆਨੀ ਦੀ ਦੁਨੀਆਂ ਉਜਾੜ ਗਿਆ। ਇਹ ਸਦਮਾਂ ਅਜੇਹਾ ਨਹੀਂ ਸੀ, ਜੋ ਉਹ ਸਹਾਰ ਸਕਦੇ। ਬੱਚੀ ਦਾ ਸਦੀਵੀ ਵਿਛੋੜੇ ਨਾਲ ਉਨ੍ਹਾਂ ਦੇ ਹਿਰਦੇ ਪਰ ਦੁਖ ਦਾ ਉਹ ਵਦਾਣ ਪਿਆ ਕਿ ਉਹ ਢਹਿ ਢੇਰੀ ਹੋਏ। ਬੱਚੀ ਦੇ ਮ੍ਰਿਤਕ ਸਰੀਰ ਨੂੰ ਜਿਸ ਸਮੇਂ ਉਹ ਅੱਗ ਦੇ ਹਵਾਲੇ ਕਰ ਰਹੇ ਸਨ ਤਾਂ ਇਉਂ ਮਲੂਮ ਹੁੰਦਾ ਸੀ ਕਿ ਉਨ੍ਹਾਂ ਦੀ ਆਤਮਾ ਪੁਤਰੀ ਦੇ ਪਿਛੇ ਜਾਣ ਲਈ ਉਤਾਵਲੀ ਹੋ ਚੁਕੀ ਹੈ। ਪੁਤਰੀ ਦੇ ਅੰਤਮ ਸੰਸਕਾਰਾਂ ਤੋਂ ਵੇਹਲੇ ਹੁੰਦੇ ਹੀ ਉਹ ਮੌਤ ਦੇ ਬਿਸਤਰੇ ਪਰ ਚਲੇ ਗਏ।

ਗਿਆਨੀ ਦਿਤ ਸਿੰਘ ਜੀ ਦੇ ਬੀਮਾਰੀ ਦੇ ਦਿਨ ਬੜੇ ਦੁਖ ਦਾਈ ਸਨ। ਆਹ, ਬੇਕਦਰ ਸਿਖ ਪੰਥ। ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ ਪਰ ਪਿਆ ਸੀ। ਇਲਾਜ

ਲਈ ਉਸ ਪਾਸ ਪੈਸਾ ਕੋਈ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸਦੀ ਸਾਰ ਲੈਂਦਾ, ਪਰੰਤੂ ਤੂੰ ਉਸ ਵਲ ਅੱਖ ਚੁਕਕੇ ਭੀ ਵੇਖਣ ਦੀ ਲੋੜ ਨਹੀਂ ਸਮਝੀ, ਇਸ ਤੋਂ ਬੇਕਦਰੀ ਭਲਾ ਹੋਰ ਕੀ ਹੋ ਸਕਦੀ ਹੈ। ਜੇਕਰ ਅਜੇਹਾ ਮਹਾਨ ਪੰਡਤ ਕਿਸੇ ਹੋਰ ਮਜ਼ਬ ਵਿਚ ਹੁੰਦਾ ਤਦ ਉਸਨੂੰ ਅੰਤ ਸਮੇਂ ਇਹ ਦੁਖ ਕਦੇ ਨਾ ਵੇਖਣਾਂ ਪੈਂਦਾ।

ਗਿਆਨੀ ਜੀ ਆਪਣੇ ਲਾਹੌਰ ਦੇ ਨਿਵਾਸ ਅਸਥਾਨ ਪਰ ਬੀਮਾਰ ਪਏ ਸਨ। ਪੰਥ ਦਾ ਕੋਈ ਮੁਦੱਈ ਉਨ੍ਹਾਂ ਦੀ ਸਾਰ ਲੈਣ ਨਹੀਂ ਸੀ ਗਿਆ ਕਿਸੇ ਦਵਾ ਦਾਰੂ ਦਾ ਪ੍ਰਬੰਧ ਨਹੀਂ ਕੀਤਾ; ਪਰੰਤੂ ਫੇਰ ਭੀ ਉਨ੍ਹਾਂ ਦੇ ਮਥੇ ਪਰ ਵੱਟ ਨਹੀਂ ਪਿਆ, ਆਪਣੀ ਪਿਆਰੀ ਸਿਖੀ ਨਾਲ ਉਨ੍ਹਾਂ ਪਹਿਲਾਂ ਤੋਂ ਭੀ ਘੁਟਕੇ ਸਾਂਝ ਪਾ ਰਖੀ। ਕਿਸੇ ਪਰ ਗਿਲਾ ਨਹੀਂ ਕੀਤਾ, ਕਿਸੇ ਨੂੰ ਸਹਾਇਤਾ ਲਈ ਸੁਨੇਹਾ ਨਹੀਂ ਭੇਜਿਆ। ਸਦਾ ਵਾਹਿਗੁਰੂ ਦੇ ਚਰਨਾਂ ਵਿਚ ਧਿਆਨ ਲਗਾਈ ਰਖਦੇ ਸਨ। ਆਖਰੀ ਦਿਨਾਂ ਵਿਚ ਦੋ ਸਜਣ ਗਿਆਨੀ ਪ੍ਰਤਾਪ ਸਿੰਘ ਰਾਜ ਪੁਰਾ ਅਤੇ ਭਾਈ ਗੁਜਰ ਸਿੰਘ ਜੀ ਘੁੰਮਨ (ਜ਼ਿਲਾ ਲਾਹੌਰ) ਆਪ ਦੇ ਪਾਸ ਸਨ, ਜੋ ਆਪਣੇ ਵਿਤ ਅਨੁਸਾਰ ਉਨ੍ਹਾਂ ਦੀ ਸੇਵਾ ਟਹਿਲ ਕਰਦੇ ਰਹੇ।

ਇਸ ਤੋਂ ਵੱਡਾ ਨਾਸ਼ੁਕਰਾਪਨ ਕੀ ਹੋ ਸਕਦਾ ਹੈ ਕਿ ਜਿਸ ਸਿਖ ਪੰਥ ਲਈ ਉਨ੍ਹਾਂ ਨੇ ਆਪਣਾ ਜੀਵਨ ਦੇ ਰਖਿਆ ਸੀ, ਉਸ ਪੰਥ ਵਿਚੋਂ ਕਿਸੇ ਡਾਕਟਰ ਨੇ ਉਨ੍ਹਾਂ ਨੂੰ ਦਵਾਈ ਦੀ ਪੁੜੀ ਦੇਣ ਦੀ ਭੀ ਲੋੜ ਨਹੀਂ ਸਮਝੀ। ਕਿਸੇ ਹਿੰਦੂ ਡਾਕਟਰ ਨੇ ਭੀ ਇਸ ਪਾਸੇ ਵਲ ਧਿਆਨ ਨਹੀਂ ਦਿਤਾ;

ਪ੍ਰੰਤੂ ਸੰਸਾਰ ਤੋਂ ਇਨਸਾਨੀਅਤ ਦਾ ਖਾਤਮਾਂ ਨਹੀਂ ਹੋਇਆ। ਵਾਹਿਗੁਰੂ ਨੇ ਮਨੁਖ ਦੇ ਹਿਰਦੇ ਵਿਚ ਮਨੁਖ ਪ੍ਰਤੀ ਫਰਜ਼ਾਂ ਦਾ ਜੋ ਮਾਦਾ ਭਰਿਆ ਹੈ, ਉਹ ਕਿਸੇ ਨਾ ਕਿਸੇ ਹਿਰਦੇ ਵਿਚੋਂ ਜ਼ਰੂਰ ਚਮਕ ਉਠਦਾ ਹੈ ਅਤੇ ਚਮਕਦਾ ਭੀ ਹੈ ਨਿਰੋਲ ਇਨਸਾਨੀ ਰੂਪ ਵਿਚ, ਸੰਸਾਰਕ ਵੱਟ ਬੰਨ ਕੇ ਤੋੜਕੇ।

ਲਾਹੌਰ ਵਿਚ ਉਨ੍ਹੀ ਦਿਨੀ ਇਕ ਮੁਸਲਮਾਨ ਡਾਕਟਰ ਰਹੀਮ ਖਾਂ ਰਿਹਾ ਕਰਦਾ ਸੀ। ਉਸਨੂੰ ਜਦ ਪਤਾ ਲਗਾ ਜੋ ਉਸ ਦੇ ਦੇਸ ਦਾ ਇਕ ਮਹਾਂ ਪੁਰਖ ਇਕ ਮਹਾਨ ਪੰਡਤ, ਮਹਾਨ ਲਿਖਾਰੀ, ਮਹਾਨ ਕਵੀ ਅਤੇ ਸੱਚ ਦਾ ਝੰਡਾ ਉਚਾ ਕਰਨ ਵਾਲਾ ਵਾਹਿਗੁਰੂ ਦਾ ਪਿਆਰਾ ਬੇਵੱਸੀ ਦੀ ਹਾਲਤ ਵਿਚ ਅੰਤਮ ਦਿਨ ਕੱਟ ਰਿਹਾ ਹੈ ਤਦ ਉਸ ਬਗੈਰ ਕਿਸੇ ਲਾਲਚ ਆਪਣੀਆਂ ਦਵਾਈਆਂ ਦਾ ਬਕਸ ਅਤੇ ਡਾਕਟਰੀ ਦਾ ਦੂਸਰਾ ਸਮਾਨ ਚੁਕਿਆ ਅਤੇ ਗਿਆਨੀ ਜੀ ਦੇ ਨਿਵਾਸ ਅਸਥਾਨ ਪਰ ਪੁਜ ਕੇ ਇਲਾਜ ਸ਼ੁਰੂ ਕਰ ਦਿਤਾ। ਅਸੀਂ ਸਮਝਦੇ ਹਾਂ ਕਿ ਉਹ ਡਾਕਟਰ ਸਹੀ ਅਰਥਾਂ ਵਿਚ ਪੁਜੜ ਮਨੁਖ ਸੀ। ਜਿਸ ਨੇ ਦਿਨ ਰਾਤ ਇਕ ਕਰ ਕੇ ਬਗੈਰ ਕਿਸੇ ਲਾਲਚ ਦੇ ਅਪਣੇ ਦੇਸ਼ ਅਤੇ ਅਪਣੇ ਸ਼ਹਿਰ ਦੇ ਇਕ ਮਹਾਤਮਾ ਨੂੰ ਬਚਾਉਣ ਲਈ ਆਪਣਾ ਸਾਰਾ ਟਿਲ ਲਾਇਆ ਅਤੇ ਲੋੜ ਅਨੁਸਾਰ ਆਪਣੀ ਜੇਬ ਵਿਚੋਂ ਮਾਇਆ ਭੀ ਖਰਚ ਕੀਤੀ। ਪਰੰਤੂ ਗਿਆਨੀ ਜੀ ਦੀ ਬੀਮਾਰੀ ਅਜੇਹੀ ਨਹੀਂ ਸੀ ਕਿ ਜੋ ਉਨ੍ਹਾਂ ਨੂੰ ਛਡ ਕੇ ਚਲੀ ਜਾਂਦੀ ਉਹ ਤਾਂ ਆਈ ਹੀ ਉਨ੍ਹਾਂ ਨੂੰ ਲੈਣ ਸੀ ਅਤੇ ਲੈ ਕੇ

ਹੀ ਗਈ । ਮਹਾਂ ਪੁਰਖਾਂ ਵਾਂਗ ਗਿਆਨੀ ਜੀ ਅੰਤਮ ਸਮੇਂ ਤਕ ਪੂਰੀ ਹੋਸ਼ ਵਿਚ ਰਹੇ। ਉਨ੍ਹਾਂ ਦੇ ਚੇਹਰੇ ਪਰ ਇਲਾਹੀ ਨੂਰ ਤੇ ਸ਼ਾਂਤੀ ਝਲਕ ਰਹੀ ਸੀ। ਸਤਿ ਨਾਮ ਵਾਹਿਗੁਰੂ ਅਤੇ ਗੁਰੂ ਨਾਨਕ ਦੀ ਪਿਆਰੀ ਬਾਣੀ ਅੰਤ ਸਮੇਂ ਤਕ ਉਨ੍ਹਾਂ ਦੀ ਜ਼ਬਾਨ ਤੇ ਸੀ। ਉਨ੍ਹਾਂ ਦੇ ਜੀਵਨ ਦਾ ਅੰਤਲਾ ਸੂਰਜ ਚੜ੍ਹਿਆ। ੬ ਸਤੰਬਰ ੧੯੦੧ ਦੀ ਸਵੇਰ ਨੂੰ ਗਿਆਨੀ ਜੀ ਨੇ ਅਪਣੇ ਸਜਨਾਂ ਨੂੰ ਕਿਹਾ ਕਿ ਵੀਰੋ ਹੁਣ ਛੁਟੀਆਂ ਬਖਸ਼ੋ। ਡਾਕਟਰ ਆਇਆ ਤਦ ਉਨ੍ਹਾਂ ਨੇ ਉਸ ਦਾ ਧੰਨਵਾਦ ਕਰਦੇ ਹੋਏ ਆਖਿਆ 'ਸਜਣਾਂ ਹੁਣ ਦਵਾਈ ਦੀ ਲੋੜ ਨਹੀਂ' ਰਹੀ। ਇਸ ਦੇ ਪਿਛੋਂ ਵਾਹਿਗੁਰੂ ਨਾਮ ਜਪਣ ਵਿਚ ਲੀਨ ਹੋ ਗਏ ਅਤੇ ਸਾਢੇ ਦਸ ਬਜੇ ਦੇ ਲਗ ਪਗ ਵਾਹਿਗੁਰੂ ਨਾਮ ਦਾ ਉਚਾਰਨ ਕਰਦੇ ਹੋਏ ਹਮੇਸ਼ਾਂ ਲਈ ਅਖਾਂ ਮੀਟ ਗਏ।

ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾ ਗਏ ਅਤੇ ਆਪਣਾ ਇਕਲੋਤਾ ਪੁਤਰ ਪੰਥ ਦੇ ਆਸਰੇ ਛਡ ਗਏ।

Death — 6.9.1901.

— 17.6.1901

## ਵਿਛੋੜੇ ਦਾ ਸੱਲ ਤੇ ਯਾਦਗਾਰਾਂ

ਭਾਵੇਂ ਗਿਆਨੀ ਜੀ ਦੀ ਬੀਮਾਰੀ ਦੇ ਦਿਨਾਂ ਵਿਚ ਸਿਖ ਪੰਥ ਨੇ ਮੁਜਰਮਾਨਾਂ ਬੇ-ਪ੍ਰਵਾਹੀ ਕੀਤੀ ਸੀ; ਪਰੰਤੂ ਉਨ੍ਹਾਂ ਦੀ ਮੌਤ ਦੀ ਖਬਰ ਨਾਲ ਸਾਰਾ ਸਿਖ ਪੰਥ ਰੋ ਉਠਿਆ। ਅਖਬਾਰਾਂ ਨੇ ਕਾਲੀਆਂ ਵੇਲਾਂ ਲਾਕੇ ਇਸ ਵਿਛੋੜੇ ਪਰ ਦੁਖ ਪ੍ਰਗਟ ਕੀਤਾ, ਕਵੀਆਂ ਨੇ ਕੀਰਨੇ ਪਾਏ, ਸਭਾ ਸੁਸਾਇਟੀਆਂ ਨੇ ਸ਼ੋਕ ਦੇ ਮਤੇ ਪਾਸ ਕੀਤੇ ਅਤੇ ਲੀਡਰਾਂ ਨੇ ਇਕੱਠੇ ਹੋਕੇ ਉਨ੍ਹਾਂ ਦੀ ਸੇਵਾ ਦੀ ਯਾਦਗਾਰ ਕਾਇਮ ਕਰਨ ਲਈ ਵਿਚਾਰਾਂ ਕੀਤੀਆਂ।

ਇਸ ਮੌਤ ਨੂੰ ਕਵੀ-ਹਿਰਦਿਆਂ ਨੇ ਜਿਸ ਤਰ੍ਹਾਂ ਮਹਸੂਸ ਕੀਤਾ, ਉਸਦੀ ਮਿਸਾਲ ਵਜੋ ਹੇਠਾਂ ਉਸ ਸਮੇ ਦੀ ਇਕ ਮਾਤਮੀ-ਕਵਿਤਾ ਦਿੰਦੇ ਹਾਂ:-

ਦੋਹਿਰਾ

ਹੇ ! ਕਵਿਰਾਜ ਸੁਣਾ ਮੁਝੇ, ਕਿਆ ਗੁਰਪੁਰੀ ਮਾਂਹਿ ॥
ਅਨਮਤ ਦਾ ਅਤ ਜੋਰ ਸੀ, ਗਿਉ ਤੁਰਤ ਚਲ ਤਾਂਹਿ ॥

ਦਵੈਯਾ

ਕਿਆ ਜਲਸਾ ਸੀ ਧਰਮੀ ਵਹਾਂ ਪਰ, ਕੈ ਅਨ ਮਤੀਅਨ ਰੌਲਾ।
ਕੈ ਹੈ ਜ਼ੋਰ ਪਿਪਲ ਬੁਤ ਪੂਜਾ, ਕੈ ਜੜ੍ਹ ਮੰਨਦੇ ਮੌਲਾ।

ਕਿਆ ਉਥੇ ਸੈ ਸਿੰਘ ਸਜਾਣੇ, ਯਾ ਪਖੰਡ ਉਡਾਣਾਂ।
ਹਾਲਾਂ ਏਥੇ ਸੀ ਲੋੜ ਤੁਹਾਡੀ, ਇਹ ਕੰਮ ਸੀ ਕਰ ਜਾਣਾਂ।
ਜਦੋਂ ਦੇਵਤੇ ਸਿੰਘ ਸਜਣੇ, ਸਨ ਤੈ ਗਰ ਉਤਵਲ ਭੀ।
ਇਸ ਕਾਰਜ ਨੂੰ ਐ ਕਵਿਰਾਜਾ, ਕਰ ਜਾਂਦੋਂ ਅਜ ਕਲ ਹੀ।
ਏਸ ਦਿਸ਼ਾ ਅਰ ਫੇਰ ਅਚਾਨਕ, ਨਹੀਂ ਜਾਣਾਂ ਸੀ ਭਾਈ।
ਦਿਤ ਸਿੰਘ ਕਵਿ-ਰਾਜ ਗਿਆਨੀ, ਇਹ ਤੈਂ ਕੀ ਗਰਕੀ ਪਾਈ।
ਤੁਮ ਤੋਂ ਬੈਠ ਗੁਰਮਤੇ ਕਰਕੇ ਕਰਦੇ ਸੇਂ ਸਭ ਕਾਜੰ।
ਕਿਸ ਸੰਗ ਬੈਠ ਗੁਰਮਤਾ ਕੀਨਾ, ਉਠ ਸੁਧਾਰੇ ਆਜੰ।
ਵਾਹ ਕਵਿਰਾਜ ਨਹੀਂ ਸਾ ਕਰਨਾ, ਇਹ ਤੁਮ ਹਮ ਸੰਗ ਧੋਖਾ।
ਪੀਂਘ ਉਲਾਰਿਓ ਟੁਟ ਗਈ ਸਾਡੀ, ਪੰਥ ਜੀਵਨਾ ਔਖਾ।
ਦੇ ਵਿਛੋੜਾ ਇਤਨੀ ਜਲਦੀ, ਗਰ ਸੀ ਤੈਂ ਟੁਰ ਜਾਣਾਂ।
*ਜ਼ੋਰ ਕਲਮ ਅਰ ਗੁਣ ਨਹੀਂ ਆਪਣਾ ਹਰਗਿਜ਼ ਸੀ ਦਿਖਲਾਣਾਂ।

ਏਸ ਪ੍ਰਕਾਰ ਦੀਆਂ ਕਵਿਤਾਵਾਂ ਉਸ ਸਮੇਂ ਦੇ ਬਹੁਤ ਸਾਰੇ ਪੰਥ ਦਰਦੀ ਕਵੀਆਂ ਨੇ ਲਿਖੀਆਂ। ਇਸ ਵਿਛੋੜੇ ਨੂੰ ਬੁਰੀ ਤਰ੍ਹਾਂ ਮਹਸੂਸ ਕਰਕੇ ਥਾਂ ਪਰ ਥਾਂ ਸਿੰਘ ਸਭਾਵਾਂ ਨੇ ਗੁਰਮਤੇ ਪਾਸ ਕੀਤੇ ਕਿ ਇਸ ਵਡੇ ਪੰਥਕ ਸੇਵਕ ਦੀ ਕੋਈ ਨਾਂ ਕੋਈ ਯਾਦਗਾਰ ਕਾਇਮ ਕੀਤੀ ਜਾਵੇ, ਆਖਰ ਲਾਹੌਰ ਵਿਚ ਇਸ ਸਬੰਧ ਵਿਚ ਸਿਰਕਰਦਾ ਸਿਖਾਂ ਦੀ ਇਕ ਇਕੱਤਰਤਾ ਹੋਈ ਅਤੇ ਸਰਬ ਸੰਮਤੀ ਨਾਲ ਗਿਆਨੀ ਜੀਦੀ ਯਾਦਗਾਰ ਬਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ

---

* {ਧੰਨਵਾਦ ਸਹਿਤ ਪੁਸਤਕ 'ਸਿੰਘ ਸਭਾ ਲਹਿਰ' ਲਿਖਤ ਡਾ: ਜਗਜੀਤ ਸਿੰਘ ਵਿਚੋਂ}

ਕੰਮ ਲਈ ੧੫ ਸਿਰਕਰਦਾ ਸੱਜਣਾਂ ਦੀ ਇਕ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ, ਸ੍ਰਦਾਰ ਮੇਹਰ ਸਿੰਘ ਚਾਵਲਾ ਲਾਹੌਰ ਅਤੇ ਸਰ ਸੁੰਦਰ ਸਿੰਘ ਜੀ ਮਜੀਠੀਆ ਭੀ ਸਨ। ਕਮੇਟੀ ਦਾ ਨਾਮ—ਭਾਈ ਦਿਤ ਸਿੰਘ ਜੀ ਮਮੋਰੀਅਲ ਫੰਡ ਕਮੇਟੀ ਲਾਹੌਰ ਰਖਿਆ ਗਿਆ। ਫੈਸਲਾ ਹੋਇਆ ਕਿ ਮਾਇਆ ਇਕੱਤਰ ਕਰਕੇ ਲਾਹੌਰ ਵਿਚ ਸਿਖ ਵਿਦਿਆਰਥੀਆਂ ਲਈ 'ਗਿਆਨੀ ਦਿਤ ਸਿੰਘ ਖਾਲਸਾ ਬੋਰਡਿੰਗ ਹਾਊਸ' ਖੋਹਲਿਆ ਜਾਵੇ ਅਤੇ ਨਾਲ ਹੀ ਗਿਆਨੀ ਜੀ ਦੇ ਸਪੁਤਰ ਬਲਦੇਵ ਸਿੰਘ ਜੀ ਦੀ ਅਧੂਰੀ ਵਿਦਿਆ ਨੂੰ ਸੰਪੂਰਨ ਕਰਨ ਲਈ ਖਰਚ ਦਿਤਾ ਜਾਵੇ। ਇਸ ਫੰਡ ਵਿਚ ਕਾਫੀ ਮਾਇਆ ਇਕੱਤਰ ਹੋ ਗਈ, ਜਿਸ ਵਿਚੋਂ ਸ: ਬਲਦੇਵ ਸਿੰਘ ਜੀ ਨੂੰ ਖਰਚ ਮਿਲਦਾ ਰਿਹਾ ਤੇ ਉਹਨਾਂ ਡਾਕਟਰੀ ਦਾ ਇਮਤਿਹਾਨ ਪਾਸ ਕਰ ਲੀਤਾ; ਪ੍ਰੰਤੂ ਬੋਰਡਿੰਗ ਬਨਾਉਣ ਦਾ ਕੰਮ ਹਮੇਸ਼ਾਂ ਪਿਛੇ ਹੀ ਪੈਂਦਾ ਗਿਆ ਅਤੇ ਅੰਤ ਵਿਚੇ ਹੀ ਰਹਿ ਗਿਆ।

ਇਸ ਕਮੇਟੀ ਵਲੋਂ ਕੋਈ ਯਾਦਗਾਰ ਨਾਂ ਬਣਦੀ ਵੇਖਕੇ ਗਿਆਨੀ ਜੀ ਦੇ ਕੁਝ ਸਰਧਾਲੂ ਮੈਦਾਨ ਵਿਚ ਨਿਤਰੇ ਅਤੇ ਉਨ੍ਹਾਂ ਨੇ ਆਪਣੀ ਵਿਤ ਅਨੁਸਾਰ ਹੇਠ ਲਿਖੀਆਂ ਯਾਦਗਾਰਾਂ ਕਾਇਮ ਕਰਨ ਦਾ ਯਤਨ ਕੀਤਾ।

---

(੧) ਗਿਆਨੀ ਜੀ ਦੇ ਨਿਕਟ-ਵਰਤੀ ਮਿਤਰ ਤੇ ਸ਼ਾਗਿਰਦ ਭਾਈ ਤਖਤ ਸਿੰਘ ਜੀ ਨੇ ਫਿਰੋਜ਼ਪੁਰ ਵਿਚ

ਆਪਣੇ ਕੰਨਿਆਂ ਮਹਾਂ ਵਿਦਿਆਲਾ ਵਿਚ ਭਾਈ ਦਿਤ ਸਿੰਘ ਲਾਇਬ੍ਰੇਰੀ ਖੋਲ ਦਿਤੀ, ਜੋ ਅਜ ਤਕ ਕਾਇਮ ਹੈ ਅਤੇ ਇਸ ਵਿਚ ਪੰਜ ਹਜ਼ਾਰ ਦੇ ਲਗ ਪਗ ਇਤਿਹਾਸ ਤੇ ਧਰਮ ਸਬੰਧੀ ਪੁਸਤਕਾਂ ਹਨ।

(੨) ਭਾਈ ਦਿਤ ਸਿੰਘ ਮੈਗਜ਼ੀਨ ਰੋਪੜ-ਗਿਆਨੀ ਜੀ ਦੀ ਯਾਦਗਾਰ ਵਜੋ ਇਹ ਰਿਸਾਲਾ ਜਨਵਰੀ ੧੯੧੦ ਵਿਚ ਸ: ਗੁਰਬਖਸ਼ ਸਿੰਘ ਕੇਸਰੀ ਵਲੋਂ ਜਾਰੀ ਕੀਤਾ ਗਿਆ; ਪ੍ਰੰਤੂ ਇਕ ਸਾਲ ਚਲਕੇ ਹੀ ਬੰਦ ਹੋ ਗਿਆ।

(੩) ਗਿਆਨੀ ਦਿਤ ਸਿੰਘ ਕੰਨਿਆ ਪਾਠਸਾਲਾ ਰੋਪੜ ਜੋ ਸ: ਗੁਰਬਖਸ ਸਿੰਘ ਕੇਸਰੀ ਨੇ ਹੀ ਚਲਾਈ ਸੀ ਤੇ ਰਿਸਾਲੇ ਦੇ ਨਾਲ ਬੰਦ ਹੋ ਗਈ।

੪ ਗਿਆਨੀ ਦਿਤ ਸਿੰਘ ਪ੍ਰਾਈਜ਼, ਖਾਲਸਾ ਕਾਲਜ ਅੰਮ੍ਰਿਤਸਰ। ਇਹ ਕਿਸੇ ਪ੍ਰੇਮੀ ਸੱਜਣ ਨੇ ਦਾਨ ਦੇਕੇ ਸ਼ੁਰੂ ਕਰਵਾਇਆ ਹੈ।

(੫) ਗਿਆਨੀ ਦਿਤ ਸਿੰਘ ਸਕੂਲ ਕਲੌੜ, ਜੋ ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਨਗਰ ਨਿਵਾਸੀਆਂ ਵਲੋਂ ਚਲ ਰਿਹਾ ਹੈ।

ਇਹ ਸਾਧਾਰਨ ਜਿਹੀਆਂ ਯਾਦਗਾਰਾਂ ਹਨ: ਪ੍ਰੰਤੂ ਪੰਥ ਵਲੋਂ ਕੋਈ ਠੋਸ ਯਾਦਗਾਰ ਨਹੀਂ ਬਣਾਈ ਗਈ, ਜਿਸ ਦੀ ਕਿ ਲੋੜ ਹੈ।

ਇਥੇ ਅਸੀਂ ਪੰਥਕ ਲੀਡਰਾਂ, ਸਰਦਾਰਾਂ ਅਤੇ ਰਾਜਿਆਂ ਮਹਾਰਾਜਿਆਂ ਪਰ ਇਹ ਗਿਲਾ ਪ੍ਰਗਟ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਜਦ ਕੋਈ ਵਿਦਵਾਨ ਸੱਚ-ਖੰਡ ਨਿਵਾਸ ਕਰਦਾ ਹੈ ਤਾਂ ਸਿਖ ਸੰਗਤਾਂ ਦੀ ਮੰਗ ਪਰ ਉਸਦੀ ਯਾਦਗਾਰ ਕਾਇਮ ਕਰਨ ਦਾ ਭਰੋਸਾ ਦਿਵਾਉਂਦੇ ਹਨ; ਪ੍ਰੰਤੂ ਇਸ ਪਾਸੇ ਵਲ ਪਿਛੋਂ ਕੋਈ ਧਿਆਨ ਨਹੀਂ ਦਿੰਦੇ। ਗਿਆਨੀ ਦਿਤ ਸਿੰਘ ਜੀ ਦੀ ਯਾਦਗਾਰ ਬਨਾਉਣ ਤੇ ਲਾਪ੍ਰਵਾਹੀ ਇਕ ਮੁਜਰਮਾਨਾਂ ਗਫ਼ਲਤ ਹੈ।

ਹੋਰਨਾਂ ਤੇ ਤਾਂ ਸਾਡਾ ਗਿਲਾ ਕੀ ਅਰਥ ਰਖਦਾ ਹੈ ਜਦ ਕਿ ਪਿਛੇ ਰਖੀਆਂ ਸ਼੍ਰੇਣੀਆਂ ਨੇ ਭੀ ਉਨ੍ਹਾਂ ਦੀ ਯਾਦਗਾਰ ਬਨਾਣ ਲਈ ਕੋਈ ਕਦਮ ਹੁਣ ਤਕ ਨਹੀਂ ਚੁਕਿਆ ਜਿਨ੍ਹਾਂ ਅਛੂਤਾਂ ਵਿਚੋਂ ਸਜੇ ਸਿੰਘਾਂ ਦੀ ਧਾਰਮਕ, ਰਾਜਸੀ ਤੇ ਸ਼ੋਸ਼ਲ ਉਨਤੀ ਲਈ ਉਨ੍ਹਾਂ ਨੇ ਅਪਣਾ ਸਾਰਾ ਜੀਵਨ ਤੇ ਤਾਣ ਲਾ ਦਿਤਾ, ਉਨ੍ਹਾਂ ਵਲੋਂ ਇਨੀ ਬੇਪ੍ਰਵਾਹੀ ਅਕਿਰਤਘਣਤਾ ਨਹੀਂ ਤਾਂ ਹੋਰ ਕੀ ਹੋ ਸਕਦੀ ਹੈ। ਸੋ ਅਜੇ ਭੀ ਡੁਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੇ ਸਾਰਿਆਂ ਨੂੰ ਮਿਲਕੇ ਗਿਆਨੀ ਜੀ ਦੀ ਯਾਦਗਾਰ ਕਾਇਮ ਕਰਨੀ ਚਾਹੀਦੀ ਹੈ। ॥

# ਅੰਤਕਾ

## ਗਿਆਨੀ ਜੀ ਤੋਂ ਪਿਛੋਂ

ਗਿਆਨੀ ਦਿਤ ਸਿੰਘ ਜੀ ਨੇ ਆਪਣੇ ਲੇਖਾਂ ਅਤੇ ਲੈਕਚਰਾਂ ਦੁਵਾਰਾ ਕੌਮ ਵਿਚ ਜੋ ਨਵੀਂ ਰੂਹ ਭਰੀ ਸੀ, ਉਸਨੇ ਉਨ੍ਹਾਂ ਦੇ ਜੀਵਨ ਵਿਚ ਹੀ ਪੰਥ ਨੂੰ ਚੜਦੀਆਂ ਕਲਾਂ ਵਿਚ ਲਿਆਉਣਾਂ ਸ਼ੁਰੂ ਕਰ ਦਿਤਾ ਸੀ। ਗੁਰੂ ਡਮ; ਮੂਰਤੀ ਤੇ ਬੁਤ ਪੂਜਾ ਆਪਦੇ ਜੀਵਨ ਵਿਚ ਸਿਖਾਂ ਵਿਚੋਂ ਖਤਮ ਹੋ ਗਈ ਸੀ। ਸੋਢੀਆਂ ਅਤੇ ਬੇਦੀਆਂ ਦਾ ਜ਼ੋਰ ਘਟ ਹੋ ਗਿਆ ਸੀ ਅਤੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਨੇ ਆਪਣੇ ਪੈਰਾਂ ਪਰ ਖੜੇ ਹੋਣ ਲਈ ਯਤਨ ਸ਼ੁਰੂ ਕਰ ਦਿਤਾ ਸੀ। ਗਿਆਨੀ ਜੀ ਦੇ ਪ੍ਰਚਾਰ ਨੇ ਸਿਖ ਪੰਥ ਦੇ ਰਈਸਾਂ ਵਿਚ ਭੀ ਅਜੇਹਾ ਅਨਸਰ ਪੈਦਾ ਕਰ ਦਿਤਾ ਸੀ ਜੋ ਪੰਥ ਨੂੰ ਖਾਲਸਾ ਬਨਾਉਣ ਅਤੇ ਇਸ ਵਿਚੋਂ ਊਚ ਨੀਚ ਅਤੇ ਛੂਤ ਛਾਤ ਦੂਰ ਕਰਨ ਦਾ ਹਾਮੀ ਸੀ। ਸਰ ਸੁੰਦਰ ਸਿੰਘ ਜੀ ਮਜੀਠੀਆ ਇਨ੍ਹਾਂ ਖਿਆਲਾਂ ਦੇ ਰਈਸਾਂ ਵਿਚੋਂ ਅੱਗੇ ਵਧਦੇ ਹੋਏ ਵਿਖਾਈ ਦੇ ਰਹੇ ਸਨ। ਸਰਦਾਰ ਸਰ ਅਤਰ ਸਿੰਘ ਭਦੌੜ ਦੇ ਘਰ ਵਿਆਹ ਹੋਣ ਕਰਕੇ ਉਨ੍ਹਾਂ ਦੀ ਤਾਕਤ ਤੇ ਅਸਰ ਰਸੂਖ

ਬਹੁਤ ਵਧ ਚੁਕਿਆ ਸੀ।

ਗਿਆਨੀ ਦਿਤ ਸਿੰਘ ਦੀ ਮੌਤ ਦੇ ਪਿਛੋਂ ਖਾਲਸਾ ਦੀਵਾਨ ਲਾਹੌਰ ਦੀ ਤਾਕਤ ਖਤਮ ਹੋ ਗਈ। ਅੰਮ੍ਰਿਤਸਰ ਖਾਲਸਾ ਦੀਵਾਨ ਦੀ ਤਾਕਤ ਪਹਿਲਾਂ ਹੀ ਖਤਮ ਹੋ ਚੁਕੀ ਸੀ।

## ਚੀਫ ਖਾਲਸਾ ਦੀਵਾਨ:—

ਇਸ ਹਾਲਤ ਵਿਚ ਇਕ ਅਜੇਹੀ ਜਥੇਬੰਦੀ ਦੀ ਲੋੜ ਨੂੰ ਬਹੁਤ ਜ਼ਰੂਰੀ ਅਨਭਵ ਕੀਤਾ ਜਾਣ ਲਗਾ ਕਿ ਜੋ ਸਾਰੇ ਸਿਖ ਪੰਥ ਦੀ ਪ੍ਰਤੀਨਿਧਤਾ ਕਰੇ ਅਤੇ ਪੰਥ ਦਾ ਪੂਰਾ ਪੂਰਾ ਭਰੋਸਾ ਉਸਨੂੰ ਪ੍ਰਾਪਤ ਹੋਵੇ। ਇਸ ਲੋੜ ਨੂੰ ਅਨਭਵ ਕਰਕੇ ਵੈਸਾਖੀ ਸੰਮਤ ੪੩੨ ਨਾਨਕਸ਼ਾਹੀ (੧੯੦੧ ਈਸਵੀ) ਨੂੰ ਮਲਵਈ ਬੁੰਗੇ ਵਿਚ ਇਕ ਪ੍ਰਤੀਨਿਧ ਸਭਾ ਸੱਦੀ ਗਈ ਜਿਸ ਵਿਚ ਸਰਬ ਸੰਮਤੀ ਨਾਲ ਇਕ ਗੁਰ ਮਤਾ ਸੋਧਕੇ ਸਾਰੇ ਸਿਖ ਪੰਥ ਦੀ ਇਕ ਸਰਬ ਸਾਂਝੀ ਜਥ ਬੰਦੀ ਬਨਾਉਣ ਦਾ ਫੈਸਲਾ ਕੀਤਾ ਗਿਆ। ਨਿਯਮ ਉਪਨਿਯਮ ਬਨਾਉਣ ਲਈ ੨੨ ਸੱਜਣਾਂ ਦੀ ਇਕ ਸਬ ਕਮੇਟੀ ਬਣਾਈ ਗਈ ਅਤੇ ਅਮ੍ਰਿਤਸਰ ਦੇ ਗਿਆਨੀ ਗੁਰਬਖਸ਼ ਸਿੰਘ ਜੀ ਬਰਿਸ-ਟਰ ਉਸਦੇ ਸਕੱਤ੍ਰ ਨਿਯਤ ਹੋਏ। ਅਰਦਾਸਾ ਬਾਬੂ ਤੇਜਾ ਸਿੰਘ ਜੀ ਭਸੌੜ ਵਾਲਿਆਂ ਨੇ ਸੋਧਿਆ।

ਨਿਯਮ ਉਪਨਿਯਮ ਬਨਣ ਪਿਛੋਂ ਉਪ੍ਰੰਤ ਉਨ੍ਹਾਂ ਪਰ ਵਿਚਾਰ ਲਈ ੯ ਨਵੰਬਰ ੧੯੦੧ ਨੂੰ ਗਿਆਨੀਆਂ ਦੇ ਬੁਰਜ ਵਿਚ ਇਕ ਇਕੱਤਰਤਾ ਹੋਈ। ਅਗਲੇ ਦਿਨ ਮਾਲਵੇ ਦੇ ਸਿੰਘਾਂ ਵਲੋਂ ਪੰਥਕ ਜਥੇਬੰਦੀ ਬਨਾਉਣ ਲਈ ਇਕ

ਇਕੱਤਰਤਾ ਰਾਮਗੜੀਆਂ ਦੇ ਬੁੰਗੇ ਰਖੀ ਗਈ ਸੀ। ਗਿਆਨੀਆਂ ਦੇ ਬੁਰਜ ਦੀ ਇਕੱਤਰਤਾ ਵਿਚ ਇਸ ਗੱਲ ਦਾ ਪਤਾ ਲਗਾ ਤਾਂ ਦੂਜੀ ਇਕੱਤਰਤਾ ਬਲਾਉਣ ਵਾਲੇ ਸੱਜਣਾਂ ਨਾਲ ਗਲ ਬਾਤ ਕੀਤੀ ਗਈ ਅਤੇ ਨਿਸ਼ਾਨਾ ਇਕ ਹੋਣ ਪਰ ਦੋਹਾਂ ਪਸਿਆਂ ਦੇ ੩੩ ਮੁਖੀਆਂ ਦੀ ਸਬ ਕਮੇਟੀ ਬਨਾਈ ਗਈ। ਜਿਸਨੇ ਨਿਯਮ ਉਪਨਿਯਮ ਬਣਾਏ ਅਤੇ ਸਾਰੀਆਂ ਸਿਖ ਜਥੇਬੰਦੀਆਂ ਦੇ ਪ੍ਰਤੀਨਿਧ ਨਵੀਂ ਜਥੇਬੰਦੀ ਵਿਚ ਰਖਣ ਦਾ ਫੈਸਲਾ ਕੀਤਾ ਗਿਆ। ਖਾਲਸਾ ਜੀ ਦੀ ਸ਼੍ਰੋਮਣੀ ਜਥੇਬੰਦੀ ਬਨਾਉਣ ਲਈ 'ਚੀਫ ਖਾਲਸਾ ਦੀਵਾਨ ਪ੍ਰਬੰਧਕ ਕਮੇਟੀ' ਨਾਮ ਦੀ ਇਕ ਸੂਬ ਕਮੇਟੀ ਬਣਾਈ ਗਈ, ਜਿਸ ਦੇ ਯਤਨਾਂ ਨਾਲ ੨੧ ਸਤੰਬਰ ੧੯੦੨ ਨੂੰ ਭਾਰੀ ਸੋਚ ਵਿਚਾਰ ਦੇ ਪਿਛੋਂ ਸਿਖਾਂ ਦੀ ਸ਼੍ਰੋਮਣੀ ਜਥੇਬੰਦੀ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਅਤੇ ਉਸਦਾ ਨਾਮ 'ਚੀਫ (ਸ਼੍ਰੋਮਣੀ) ਖਾਲਸਾ ਦੀਵਾਨ ਰਖਿਆ। ੩੦ ਅਕਤੂਬਰ ੧੯੦੨ ਨੂੰ ਚੀਫ ਖਾਲਸਾ ਦੀਵਾਨ ਦੀ ਜਨਰਲ ਕਮੇਟੀ ਦਾ ਪਹਿਲਾਂ ਇਜਲਾਸ ਮਲਵਈ ਬੁੰਗੇ ਵਿਚ ਹੋਇਆ। ਇਸ ਇਜਲਾਸ ਵਿਚ ਸਬੰਧਤ ਹੋਈਆਂ ੨੯ ਸਿੰਘ ਸਭਾਵਾਂ ਦੇ ਪ੍ਰਤੀਨਿਧ ਅਤੇ ੪੭ ਹੋਰ ਮੈਂਬਰ ਸ਼ਾਮਲ ਹੋਏ। ਸਰਬ ਸੰਮਤੀ ਨਾਲ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆ ਪ੍ਰਧਾਨ ਅਤੇ ਨੌਜਵਾਨ ਸ੍ਰਦਾਰ ਸਰ ਸੁੰਦਰ ਸਿੰਘ ਜੀ ਮਜੀਠੀਆ ਸਕੱਤ੍ਰ ਚੁਣੇ ਗਏ। ਅਸਿਸਟੈਂਟ ਸਕੱਤ੍ਰ ਸੋਢੀ ਸੁਜਾਨ ਸਿੰਘ ਜੀ ਬੀ. ਏ. ਚੁਣੇ ਗਏ ਅਤੇ ੧੯ ਹੋਰ ਮੈਂਬਰਾਂ ਦੀ ਚੋਣ ਕਰਕੇ ੨੧ ਮੈਂਬਰਾਂ ਦੀ, ਸਮੇਤ ਔਹਦੇਦਾਰਾਂ

ਦੇ ਵਰਕਿੰਗ ਕਮੇਟੀ ਬਣਾ ਦਿਤੀ ਗਈ।

ਲਾਹੌਰ ਦੀਵਾਨ ਚੀਫ ਖਾਲਸਾ ਦੀਵਾਨ ਵਿਚ ਸ਼ਾਮਲ ਨਹੀਂ ਹੋਇਆ ਅਤੇ ਉਸਦੇ ਸੇਵਕ ਗਿਆਨੀ ਦਿਤ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਪਰ ਚਲਕੇ ਸੇਵਾ ਕਰਦੇ ਰਹੇ। ਖਾਲਸਾ ਅਖਬਾਰ, ਜੋ ਗਿਆਨੀ ਦਿਤ ਸਿੰਘ ਜੀ ਦੀ ਯਾਦਗਾਰ ਸੀ, ਭੀ ਜਾਰੀ ਰਖਿਆ, ਪਰੰਤੂ ੧੯੦੪ ਵਿਚ ਦੀਵਾਨ ਖਤਮ ਹੋਇਆ ਤੇ ੧੯੦੬ ਵਿਚ ਅਖਬਾਰ ਬੰਦ ਹੋ ਗਈ। ਇਸਦੇ ਨਾਲ ਹੀ ਚੀਫ ਖਾਲਸਾ ਦੀਵਾਨ ਸਿਖ ਕੌਮ ਦੀ ਵੱਡੀ ਜਥੇਬੰਦੀ ਬਣ ਗਈ ਅਤੇ ਅਕਾਲੀ ਲਹਿਰ ਤਕ ਬਣੀ ਰਹੀ।

ਚੀਫ ਖਾਲਸਾ ਦੀਵਾਨ ਵਲੋਂ ੧੯੦੮ ਵਿਚ ਪਹਿਲੀ ਐਜੂਕੇਸ਼ਨਲ ਕਾਨਫਰੰਸ ਹੋਈ ਅਤੇ ਐਜੂਕੇਸ਼ਨਲ ਕਮੇਟੀ ਬਣਾਕੇ ਪੰਥ ਦੀ ਵਿਦਿਅਕ ਹਾਲਤ ਨੂੰ ਉਚਾ ਕਰਨ ਲਈ ਠੋਸ ਯਤਨ ਅਰੰਭ ਕੀਤਾ ਗਿਆ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਨੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੀ ਵਿਦਿਅਕ ਉਨਤੀ ਵਲ ਖਾਸ ਧਿਆਨ ਦਿਤਾ। ਉਸਨੇ ਮੁਢਲੀ ਵਿਦਿਆ ਦੇ ਸਕੂਲ ਜਾਰੀ ਕੀਤੇ ਅਤੇ ਇਸਦੇ ਨਾਲ ਹੀ ਖਾਲਸਾ ਪੰਥ ਨੂੰ ਖਾਲਸ ਬਨਾਉਣ ਅਤੇ ਅਖੌਤੀ ਛੂਤ-ਛਾਤ ਨੂੰ ਖਤਮ ਕਰਨ ਲਈ ਭੀ ਜ਼ੋਰ ਸ਼ੋਰ ਨਾਲ ਪ੍ਰਚਾਰ ਜਾਰੀ ਰਖਿਆ। ਦੀਵਾਨ ਅਤੇ ਸ਼ਬੰਧਤ ਸਿੰਘ ਸਭਾਵਾਂ ਨੇ ਦੇਸ ਦੇ ਸਾਰੇ ਹਿਸਿਆਂ ਵਿਚ ਪ੍ਰਚਾਰਕ ਭੇਜਕੇ ਉਸ ਲਹਿਰ ਨੂੰ ਜਾਰੀ ਰਖਿਆ ਕਿ ਜੋ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਨੇ ਚਲਾਈ ਸੀ। ਇਸਦਾ ਨਤੀਜਾ ਇਹ

ਹੋਇਆ ਕਿ ਪੰਥ ਵਿਚ ਖਾਸੀ ਜਾਗਰਤ ਆ ਗਈ ਅਤੇ ੧੮੯੧ ਤੋਂ ਸਿਖਾਂ ਦੀ ਗਿਣਤੀ ਵਿਚ ਜੋ ਵਾਧਾ ਹੋਇਆ ਸੀ। ਉਹ ਬਰਾਬਰ ਜਾਰੀ ਰਿਹਾ।* ਇਹ ਵਾਧੇ ਦਾ ਇਕ ਪਹਿਲੂ ਪਿਛੇ ਰਹੀਆਂ ਸਿਖ ਸ੍ਰੇਣੀਆਂ ਵਿਚ ਜਾਗਰਤ ਲਿਆਉਣਾ ਭੀ ਹੈ, ਕਿਉਂਕਿ ਆਰੀਆ ਸਮਾਜੀਆਂ ਅਤੇ ਈਸਾਈ ਪ੍ਰਚਾਰਕਾਂ ਦੀ ਕੈਂਚੀ ਦੀ ਮਾਰ ਹਮੇਸ਼ਾਂ ਇਨ੍ਹਾਂ ਪਰ ਹੀ ਹੁੰਦੀ ਰਹੀ ਹੈ ਅਤੇ ਇਸ ਨੂੰ ਰੋਕਣ ਲਈ ਜ਼ਰੂਰੀ ਸੀ ਜੋ ਸਿਖ ਪੰਥ ਵਿਚ ਇਨ੍ਹਾਂ ਨੂੰ ਬਰਾਬਰੀ ਦਾ ਅਹਿਸਾਸ ਕਰਾਇਆ ਜਾਂਦਾ ਅਤੇ ਉਨ੍ਹਾਂ ਦੀ ਵਿਦਿਅਕ, ਭਾਈਚਾਰਕ

---

*ਹਿੰਦੁਸਤਾਨ ਵਿਚ ਸਿਖਾਂ ਦੀ ਗਿਣਤੀ ੧੮੮੧ ਤੋਂ ਪਿਛੋਂ ਇਸ ਪ੍ਰਕਾਰ ਵਧੀ ਹੈ:-

੧੮੮੧ ਵਿਚ ਸਿਖ ਰਾਜ ਪਿਛੋਂ ਇਕ ਕ੍ਰੋੜ ਤੋਂ ਘਟਕੇ ੧੮੫੩੪੨੯ ਰਹੀ। 1881 1853429

੧੮੯੧ ਨੂੰ ੧੯੦੭੮੩੩ ਹੋਈ।
੧੯੦੧ ,, ੨੧੯੫੩੩੯ ਹੋਈ।
੧੯੧੧ ,, ੩੦੧੪੪੬੬ ਹੋਈ।
੧੯੨੧ ,, ੩੨੩੮੮੦੩ ਹੋਈ।
੧੯੩੧ ,, ੪੩੩੫੭੭੧ ਹੋਈ। ਅਤੇ
੧੯੪੧ ਨੂੰ ੫੬ ਲੱਖ ੯੧ ਹਜ਼ਾਰ ੪ ਸੌ ੪੭ ਹੋਈ।

ਆਸ ਹੈ ੧੯੫੧ ਦੀ ਮਰਦਮ ਸ਼ੁਮਾਰੀ ਵਿਚ ਵਧਕੇ ੭੦ ਲੱਖ ਤਕ ਹੋ ਜਾਵੇਗੀ।

ਅਤੇ ਆਰਥਕ ਉੱਨਤੀ ਦੇ ਯਤਨ ਕਰਕੇ ਉਨ੍ਹਾਂ ਨੂੰ ਪੰਥ ਦਾ ਨਰੋਆ ਅੰਗ ਬਣਾਇਆ ਜਾਂਦਾ। ਭਾਵੇਂ ਚੀਫ ਖਾਲਸਾ ਦੀਵਾਨ ਇਸ ਪਾਸੇ ਵਲ ਕੋਈ ਬਹੁਤ ਕੰਮ ਕਰ ਤਾਂ ਨਹੀਂ ਸਕਿਆ; ਪਰੰਤੂ ਉਸਨੇ ਇਸ ਕੰਮ ਨੂੰ ਸ਼ੁਰੂ ਜ਼ਰੂਰ ਕਰ ਦਿਤਾ। ਅਸਲੀ ਕੰਮ ਤਾਂ ਅਕਾਲੀ ਲਹਿਰ ਅਤੇ ਉਸਦੇ ਪਿਛੋਂ ਹੀ ਹੋਇਆ।

after the Akali Movement beginning.

# ਅਕਾਲੀ ਲਹਿਰ ਦਾ ਮੁੱਢ

ਸਿਖ ਰਾਜ ਦੇ ਸਮੇਂ ਤੋਂ ਲੈਕੇ ਗੁਰਦੁਵਾਰਿਆਂ ਪਰ ਮਹੰਤਾਂ ਤੇ ਪੁਜਾਰੀਆਂ ਦਾ ਕਬਜ਼ਾ ਸੀ। ਇਹ ਮਹੰਤ ਤੇ ਪੁਜਾਰੀ ਸੋਢੀਆਂ ਤੇ ਬੇਦੀਆਂ ਦਾ ਹੱਥ ਠੋਕਾ ਬਣਕੇ ਕੰਮ ਕਰਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਪਰ ਹਿੰਦੂ ਤਵ ਦਾ ਅਸਰ ਭੀ ਕਾਫੀ ਸੀ। ਇਸ ਲਈ ਉਨ੍ਹਾਂ ਨੇ ਗੁਰਮਤ ਤੋਂ ਬਿਲਕੁਲ ਉਲਟ ਗੁਰੂ ਦੇ ਘਰ ਵਿਚ ਭੀ, ਜੋ ਸੰਸਾਰ ਦੇ ਸਾਰੇ ਪ੍ਰਾਣੀਆਂ ਲਈ ਖੁਲਾ ਹੈ, ਛੂਤ-ਛਾਤ ਦੇ ਭੂਤ ਨੂੰ ਥਾਂ ਦੇ ਰਖੀ ਸੀ। ਹੋਰ ਤਾਂ ਹੋਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਭੀ ਉਹ ਹਰ ਵੇਲੇ ਦਰਸ਼ਨ ਕਰਨ ਲਈ ਨਹੀਂ ਸਨ ਜਾ ਸਕਦੇ। ਉਹਨਾਂ ਲਈ ਸ੍ਰੀ ਦਰਬਾਰ ਸਾਹਿਬ ਕੇਵਲ ੧੦ ਵਜੇ ਦੁਪੈਹਰ ਤੋਂ ਲੈਕੇ ਦੋ ਵਜੇ ਤਕ ਖੁਲਾ ਹੁੰਦਾ ਸੀ, ਇਸ ਲਈ ਕਿ ਇਸ ਵੇਲੇ ਅਖੌਤੀ ਉਚ-ਜਾਤਾਂ ਦੇ ਸਿਖ ਤੇ ਹਿੰਦੂ ਘਟ ਆਉਂਦੇ ਸਨ ਅਤੇ ਪ੍ਰਬੰਧਕ ਇਹ ਨਹੀਂ ਸਨ ਚਾਹੁੰਦੇ ਕਿ ਪਿਛੇ ਰਹੀਆਂ ਸ੍ਰੇਣੀਆਂ ਦੇ ਪ੍ਰਛਾਵੇਂ ਉਨ੍ਹਾਂ ਦੀ ਉਚਤਾ ਪਰ ਪੈਣ। 10 a.m. to 2 p.m.

ਇਨ੍ਹਾਂ ਮਹੰਤਾਂ ਤੇ ਪੁਜਾਰੀਆਂ ਨੇ ਗੁਰੂ-ਘਰ ਦੀ ਗੋਲਕ ਦੇ ਆਸਰੇ ਗੁਰੂ ਘਰ ਵਿਚ ਹੀ ਤਰ੍ਹਾਂ ਤਰ੍ਹਾਂ ਦੀਆਂ ਕੁਰੀਤੀਆਂ ਸ਼ੁਰੂ ਕਰ ਰਖੀਆਂ ਸਨ, ਉਹ ਗੁਰਦੁਵਾਰਿਆਂ

ਦੀਆਂ ਹੱਦਾਂ ਅੰਦਰ ਸ਼ਰਾਬਾਂ ਪੀਂਦੇ ਸਨ, ਰੰਡੀਆਂ ਰਖਦੇ ਸਨ ਅਤੇ ਮੱਥਾ ਟੇਕਣ ਆਈਆਂ ਧੀਆਂ ਭੈਣਾਂ ਨੂੰ ਮੈਲੀਆਂ ਅੱਖਾਂ ਨਾਲ ਵੇਖਦੇ ਸਨ। ਇਨ੍ਹਾਂ ਬਦਕਾਰੀਆਂ ਨਾਲ, ਉਨ੍ਹਾਂ ਦੇ ਖਿਆਲ ਵਿਚ, ਨਾ ਗੁਰਦੁਵਾਰਿਆਂ ਦੀ ਪਵਿਤਰਤਾ ਵਿਚ ਫਰਕ ਆਉਂਦਾ ਸੀ ਤੇ ਨਾ ਉਚ-ਜਾਤੀਆਂ ਦੀ ਉਚਤਾ ਨੂੰ ਕੋਈ ਧੱਬਾ ਲਗਣ ਦਾ ਡਰ ਹੋ ਸਕਦਾ ਸੀ; ਪਰੰਤੂ ਪਿਛੇ ਰਹੀਆਂ ਸ੍ਰੇਣੀਆਂ ਦੇ ਗੁਰਮੁਖ ਅਤੇ ਰਹਿਤੀਏ ਸਿੰਘਾਂ ਦੇ ਪ੍ਰਛਾਵੇਂ ਨਾਲ ਨਾ ਗੁਰਦੁਵਾਰਿਆਂ ਦੀ ਪਵਿਤਰਤਾ ਕਾਇਮ ਰਹਿੰਦੀ ਸੀ ਅਤੇ ਨਾ ਹੀ ਉਚ-ਜਾਤੀਆਂ ਦੀ ਉਚਤਾਈ।

ਚੀਫ ਖਾਲਸਾ ਦੀਵਾਨ ਦੇ ਅਗੇ ਵਧੂ ਸੱਜਣ ਮਹੰਤਾਂ ਦੀ ਇਸ ਪੋਪ-ਲੀਲਾ, ਬਦਕਾਰੀਆਂ ਤੇ ਪਾਬੰਦੀਆਂ ਨੂੰ ਬੁਰੀ ਤਰ੍ਹਾਂ ਅਨਭਵ ਕਰ ਰਹੇ ਸਨ; ਪਰੰਤੂ ਉਨ੍ਹਾਂ ਦੀ ਪੇਸ਼ ਕੋਈ ਨਹੀਂ ਸੀ ਜਾਂਦੀ। ਸਿੰਘ ਸਭਾਵਾਂ ਅਤੇ ਸਿਖ ਅਖਬਾਰਾਂ ਇਸ ਮਨ ਮੱਤ ਵਿਰੁਧ ਬਥੇਰਾ ਰੌਲਾ ਪਾਉਂਦੀਆਂ ਸਨ ਪ੍ਰੰਤੂ ਬੇਅਰਥ।

ਆਖਰਕਾਰ ਸਰ ਸੁੰਦਰ ਸਿੰਘ ਜੀ ਅਤੇ ਕੁਝ ਹੋਰ ਅੱਗੇ ਵਧੂ ਗੁਰਸਿਖਾਂ ਅਥਵਾ ਖਾਲਸਾ ਕਾਲਜ ਦੇ ਸੁਹਿਰਦ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੀ ਸਲਾਹ ਅਤੇ ਸਹਾਇਤਾ ਨਾਲ ਖਾਲਸਾ ਬਰਾਦਰੀ ਨੇ ਮੈਦਾਨ ਵਿਚ ਨਿਕਲ ਕੇ ਗੁਰੂ ਘਰ ਵਿਚ ਆਪਣੇ ਹੱਕ ਦੀ ਪ੍ਰਾਪਤੀ ਲਈ ਮੋਰਚਾ ਲਾਉਣ ਦਾ ਫੈਸਲਾ ਕਰ ਲਿਆ। ਏਸੇ ਮੋਰਚੇ ਨੂੰ ਅਕਾਲੀ ਲਹਿਰ ਦਾ ਮੁਢ ਕਿਹਾ ਜਾ ਸਕਦਾ ਹੈ। ਭਾਈ ਮਤਾਬ ਸਿੰਘ 'ਬੀਰ' ਵਲੋਂ ਖਾਲਸਾ ਬ੍ਰਾਦਰੀ ਦਾ ਇਕਠ ਸਦਿਆ ਗਿਆ ਤੇ ੧੨

ਅਕਤੂਬਰ ੧੯੨੦ ਈਸਵੀ ਨੂੰ ਜਲਿਆਂ ਵਾਲੇ ਬਾਗ ਵਿਚ ਖਾਲਸਾ ਬ੍ਰਾਦਰੀ ਦਾ ਦੀਵਾਨ ਹੋਇਆ। ਇਸ ਦੀਵਾਨ ਦੇ ਪਿਛੋਂ ਪਿਛੇ ਰੱਖੀ ਸਿਖ ਸ੍ਰੇਣੀ ਖਾਲਸਾ ਬਰਾਦਰੀ ਦੇ ਕੁਝ ਅਮ੍ਰਿਤਧਾਰੀ ਸਿੰਘ ਕੜ੍ਹਾਹ ਪ੍ਰਸ਼ਾਦ ਲੈਕੇ ਸ੍ਰੀ ਦਰਬਾਰ ਸਾਹਿਬ ਪੁਜੇ। ਖਾਲਸਾ ਕਾਲਜ ਦੇ ਕਈ ਪ੍ਰੋਫੈਸਰ ਤੇ ਸਾਰੇ ਵਿਦਿਆਰਥੀ ਅਤੇ ਹੋਰ ਸੰਗਤਾਂ ਭੀ ਉਨ੍ਹਾਂ ਦੇ ਨਾਲ ਸਨ। ਜਦ ਇਹ ਸਿੰਘ ਸ੍ਰੀ ਦਰਬਾਰ ਸਾਹਿਬ ਪੁਜੇ ਤਾਂ ਪੁਜਾਰੀਆਂ ਨੇ ਉਹਨਾਂ ਦਾ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿਤਾ। ਜਿਸ ਪਰ ਰੌਲਾ ਪਿਆ। ਪੁਜਾਰੀ ਕੜਾਹ ਪਸ਼ਾਦ ਨਾ ਲੈਣ ਅਤੇ ਸੰਗਤਾਂ ਦੇ ਆਗੂ ਇਸ ਗੱਲ ਪਰ ਜ਼ੋਰ ਦੇਣ ਕਿ ਕੜਾਹ ਪ੍ਰਸ਼ਾਦ ਦੀ ਭੇਟਾ ਲੈਕੇ ਅਰਦਾਸ ਕਰੋ; ਆਖਰਕਾਰ ਬਹੁਤ ਸਾਰੇ ਰਗੜੇ ਝਗੜੇ ਦੇ ਪਿਛੋਂ ਦੋਹਾਂ ਧਿਰਾਂ ਵਿਚ ਇਸ ਗੱਲ ਪਰ ਸਮਝੌਤਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿਤਰ ਵਾਕ ਲੀਤਾ ਜਾਵੇ ਅਤੇ ਜੋ ਹੁਕਮ ਹੋਵੇ, ਉਸ ਪਰ ਅਮਲ ਕੀਤਾ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਗ੍ਰੰਥੀ ਸਿੰਘ ਨੇ ਵਾਕ ਲਿਆ ਤਾਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਤੀਸਰੀ ਪਾਤਸ਼ਾਹੀ ਦਾ ਇਹ ਫਰਮਾਨ ਨਿਕਲਿਆ:-

### ਸੋਰਠਿ ਮਹਲਾ ੩ ਦੁਤੁਕੀ

ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ
ਸਤਿਗੁਰ ਕੀ ਸੇਵਾ ਲਾਇ ॥ ਸਤਿਗੁਰ ਕੀ
ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ

ਲਾਇ ।੧॥ ਹਰਿ ਜੀਉ ਆਪੇ ਬਖਸਿ
ਮਿਲਾਇ॥ ਗੁਣ ਹੀਣ ਹਮ ਅਪਰਾਧੀ ਭਾਈ
ਪੂਰੇ ਸਤਿਗੁਰ ਲਏ ਰਲਾਇ ॥ ਰਹਾਉ ॥
ਕਉਣ ਕਉਣ ਅਪਰਾਧੀ ਬਖਸਿਅਨੁ
ਪਿਆਰੇ ਸਾਚੈ ਸਬਦਿ ਵੀਚਾਰਿ ॥ ਭਉਜਲੁ
ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ
ਚਾੜਿ ॥ ੨॥

ਗੁਰੂ ਮਹਾਰਾਜ ਦਾ ਵਾਕ ਸੁਣਕੇ ਹਰ ਪਾਸੇ ਜੈ ਜੈ ਕਾਰ ਹੋਣ ਲਗੀ। ਹੁਕਮ ਸਾਫ ਸੀ ਅਤੇ ਇਸਨੂੰ ਸੁਣਕੇ ਪੁਜਾਰੀ ਸਿੰਘਾਂ ਦਾ ਭੀ ਹੋਰ ਨਾਂਹ ਨੁਕਰ ਕਰਨ ਦਾ ਹੌਸਲਾ ਨਾ ਪਿਆ ਉਨ੍ਹਾਂ ਨੇ ਕੜਾਹ ਪ੍ਰਸ਼ਾਦ ਦੀ ਭੇਟਾ ਲੈਕੇ ਅਰਦਾਸ ਕਰ ਦਿਤੀ।

ਇਸ ਫਤਹ ਦੇ ਪਿਛੋਂ ਸਿਖ ਸੰਗਤਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੀਆਂ ਹੋਈਆਂ ਸ੍ਰੀ ਅਕਾਲ ਤਖਤ ਦੇ ਦਰਸ਼ਨਾਂ ਨੂੰ ਪੁਜੀਆਂ। ਅੱਗੇ ਅਕਾਲ ਤਖਤ ਦੇ ਪੁਜਾਰੀ ਤੇ ਸੇਵਾਦਾਰ ਭਜ ਗਏ ਸਨ। ਸਰਬਰਾਹ ਭੀ ਅਲੋਪ ਹੋ ਗਿਆ। ਖਾਲਸਾ ਬ੍ਰਾਦਰੀ ਨੇ ਅਕਾਲ ਤਖਤ ਦੀ ਸੇਵਾ ਲਈ ੨੫ ਸਿੰਘਾਂ ਦਾ ਇਕ ਜਥਾ ਨਿਯਤ ਕਰ ਦਿਤਾ ਅਤੇ ਉਸਦੀ ਇਤਲਾਹ ਸਰਬ੍ਰਾਹ ਦੇ ਮਕਾਨ ਅਤੇ ਡਿਪਟੀ ਕਮਿਸ਼ਨਰ ਨੂੰ ਭੇਜ ਦਿਤੀ।

ਖਾਲਸਾ ਬਰਾਦਰੀ ਦੇ ਇਸ ਮੋਰਚੇ ਤੋਂ ਸਰਬ੍ਰਾਹ ਤੇ ਪੁਜਾਰੀ ਇਨੇ ਘਬਰਾਏ ਕਿ ਡਿਪਟੀ ਕਮਿਸ਼ਨਰ ਦੇ ਹੁਕਮ ਪਰ ਭੀ ਮੁੜ ਸੇਵਾ ਪਰ ਹਾਜ਼ਰ ਨਾ ਹੋਏ, ਜਿਸ ਕਰਕੇ ਸ੍ਰੀ

12.10.1920

ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਲਈ ਡਿਪਟੀ ਕਮਿਸ਼ਨਰ ਨੇ ੯ ਆਦਮੀਆਂ ਦੀ ਇਕ ਕਮੇਟੀ ਬਣਾ ਦਿਤੀ। ਇਹ ਸਾਰੇ ਦੇ ਸਾਰੇ ਸਿੰਘ ਗੁਰਦੁਵਾਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਦੇ ਹੱਕ ਵਿਚ ਸਨ।

ਇਨ੍ਹਾਂ ਦੇ ਯਤਨ ਨਾਲ ੧੫ ਨਵੰਬਰ ੧੯੨੦ ਨੂੰ ੧੭ ਮੈਂਬਰਾਂ ਦੀ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਬਣੀ ਇਸਦੇ ਪਿਛੋਂ ਅਕਾਲੀ ਲਹਿਰ ਦੀ ਅਗਵਾਈ ਕਰਨ ਲਈ ੧੪ ਦਸੰਬਰ ੧੯੨੦ ਨੂੰ ਸ਼੍ਰੋਮਣੀ ਅਕਾਲੀ ਦਲ ਕਾਇਮ ਹੋਇਆ।

ਅਕਾਲੀ ਲਹਿਰ ਦਾ ਇਤਿਹਾਸ ਲੰਮਾ ਹੈ। ਅੰਮ੍ਰਿਤਸਰ, ਤਰਨਤਾਰਨ, ਨਨਕਾਣਾਂ ਸਾਹਿਬ, ਗੁਰੂ ਕੇ ਬਾਗ ਅਤੇ ਜੈਤੋ ਆਦਿ ਵਿਚ ਅਕਾਲੀ ਸਿੰਘਾਂ ਨੇ ਭਾਰੀ ਕੁਰਬਾਨੀਆਂ ਦੇਕੇ ਇਸ ਲਹਿਰ ਨੂੰ ਸਫਲ ਬਣਾਇਆ ਅਤੇ ਗੁਰਦੁਵਾਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ। ਹਕੂਮਤ ਨੇ ੧੯੨੫ ਈਸਵੀ ਵਿਚ ਸਿਖਾਂ ਦੀ ਇਛਿਆ ਅਨੁਸਾਰ ਗੁਰਦੁਵਾਰਾ ਕਾਨੂੰਨ ਬਣਾ ਦਿਤਾ। ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਸਿੰਘਾਂ ਨੇ ਇਸ ਲਹਿਰ ਵਿਚ ਵਧ ਚੜ੍ਹਕੇ ਹਿਸਾ ਲਿਆ ਅਤੇ ਆਪਣੇ ਪਿਆਰੇ ਗੁਰਦੁਵਾਰਿਆਂ ਲਈ ਭਾਰੀਆਂ ਕੁਰਬਾਨੀਆਂ ਕੀਤੀਆਂ।

ਇਸ ਲਹਿਰ ਦਾ ਨਤੀਜਾ ਜਿਥੇ ਗੁਰਦੁਵਾਰੇ ਪੰਥਕ ਪ੍ਰਬੰਧ ਵਿਚ ਆਏ, ਉਥੇ ਉਨ੍ਹਾਂ ਵਿਚੋਂ ਛੂਤ-ਛਾਤ ਦਾ ਭੀ ਖਾਤਮਾਂ ਹੋ ਗਿਆ ਅਤੇ ਸੰਸਾਰ ਦੇ ਸਾਰੇ ਬੰਦਿਆਂ ਲਈ ਉਨ੍ਹਾਂ ਦਾ ਦਰ ਖੁਲ੍ਹ ਗਿਆ। ਪਿਛੇ ਰਹੀਆਂ ਸਿਖ ਸ੍ਰੇਣੀਆਂ ਤੇ

ਅਛੋਤੀ ਉਚ ਜ਼ਾਤੀਆਂ ਦੇ ਸਿਖਾਂ ਵਿਚ ਭਿੰਨ ਭੇਦ ਖਤਮ ਕਰ ਦਿਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਪ੍ਰਤੀਨਿਧ ਲੀਤੇ ਗਏ, ਉਨ੍ਹਾਂ ਦੇ ਬੱਚਿਆਂ ਦੀ ਵਿਦਿਆ ਲਈ ਵਜੀਫੇ ਨਿਯਤ ਹੋਏ ਅਤੇ ਉਨ੍ਹਾਂ ਦੀ ਭਾਈ ਚਾਰਕ, ਆਰਥਕ ਤੇ ਧਾਰਮਕ ਉਨਤੀ ਲਈ ਇਕ ਵਖਰਾ ਵਿਭਾਗ ਖੋਹਲਕੇ ਕਾਫੀ ਖਰਚ ਕੀਤਾ ਜਾਣ ਲਗਾ। ਸਿਖਾਂ ਵਿਚ ਆਪਣੀ ਤੌਰ ਪਰ ਪਹਿਲੀ ਵਾਰ ਛੂਤ-ਛਾਤ ਦੇ ਖਾਤਮੇਂ ਦਾ ਐਲਾਨ ਹੋਇਆ। ਸ਼ਹਿਰਾਂ ਵਿਚ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਸਿਖ ਦੂਸਰੇ ਸਿਖ ਵੀਰਾਂ ਨਾਲ ਮਿਲਕੇ ਭਰਾਵਾਂ ਵਾਂਗ ਰਹਿਣ ਲਗੇ। ਸਿਖ ਜਥੇ ਬੰਦੀਆਂ ਵਿਚ ਭੀ ਉਨ੍ਹਾਂ ਨੂੰ ਪ੍ਰਤੀਨਿਧਤਾ ਮਿਲਣ ਲਗੀਂ ਪ੍ਰੰਤੂ ਪਿੰਡਾਂ ਵਿਚੋਂ ਫੇਰ ਵੀ ਊਚ-ਨੀਚ ਤੇ ਛੂਤ-ਛਾਤ ਦਾ ਭਰਮ ਨਾ ਨਿਕਲਿਆ ਇਸਦਾ ਵੱਡਾ ਕਾਰਨ ਇਹ ਸੀ ਕਿ ਪਿੰਡਾਂ ਵਿਚ ਵਸਣ ਵਾਲੇ ਪਛੜੀਆਂ ਜਾਤੀਆਂ ਦੇ ਸਿਖ ਆਰਥਕ ਤੇ ਵਿਦਿਅਕ ਤੌਰ ਪਰ ਬਹੁਤ ਪਿਛੇ ਸਨ। ਗ੍ਰੀਬੀ ਤੇ ਅਵਿਦਿਆ ਦੇ ਕਾਰਨ ਉਨ੍ਹਾਂ ਦੀ ਰਹਿਣੀ ਬਹਿਣੀ ਮੁਕਾਬ-ਲਤਨ ਨੀਂਵੀ ਸੀ, ਦੂਜਾ ਉਨ੍ਹਾਂ ਦਾ ਗੁਜਾਰਾ ਪਿੰਡਾਂ ਦੇ ਜਿਮੀ-ਦਾਰਾਂ ਦੇ ਆਸਰੇ ਸੀ, ਜੋ ਆਪਣੇ ਆਪ ਨੂੰ ਉਚਾ ਸਮਝਦੇ ਸਨ ਅਤੇ ਉਨ੍ਹਾਂ ਨਾਲ ਅਛੂਤਾਂ ਜਿਹਾ ਸਲੂਕ ਕਰਦੇ ਸਨ। ਇਸ ਹਾਲਤ ਦਾ ਖਾਤਮਾਂ ਕਰਨ ਲਈ ਜਰੂਰੀ ਸੀ ਕਿ ਉਨ੍ਹਾਂ ਦੇ ਜੀਵਨ ਦੇ ਮਿਆਰ ਨੂੰ ਉਚਾ ਕੀਤਾ ਜਾਵੇ ਅਤੇ ਇਹ ਸ੍ਰਕਾਰੀ ਸਹਾਇਤਾ ਤੋਂ ਬਿਨਾਂ ਸੰਭਵ ਨਹੀਂ ਸੀ। ਖਾਲਸਾ

ਬ੍ਰਾਦਰੀ ਤੇ ਸਿਖ ਪੰਥ ਦੇ ਲੀਡਰ ਅਨਭਵ ਕਰਦੇ ਸਨ ਕਿ ਪਿਛੇ ਰਹੀਆਂ ਸਿਖ ਸ੍ਰੇਣੀਆਂ ਨੂੰ ਉਚਾ ਕਰਨ ਲਈ ਸ੍ਰਕਾਰੀ ਮਸ਼ੀਨਰੀ ਤੋਂ ਕੰਮ ਲੈਣ ਦੀ ਲੋੜ ਹੈ, ਪ੍ਰੰਤੂ ਉਹ ਅਸਰਮਥ ਸਨ।

## ਸ਼੍ਰੋ: ਕਮੇਟੀ ਵਿਚ ਪ੍ਰਤੀਨਿਧਤਾ

ਗੁਰਦੁਵਾਰਿਆਂ ਦੇ ਪੰਥਕ ਪ੍ਰਬੰਧ ਵਿਚ ਆਵਣ ਪਿਛੋਂ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਆਪਣੇ ਪ੍ਰਤੀਨਿਧ ਜਥੇਦਾਰ ਬਚਿੰਤ ਸਿੰਘ ਜੀ ਜੋ ਉਸ ਸਮੇਂ ਐਗਜੈਕਟਿਵ ਦੇ ਮੈਂਬਰ ਸਨ ਰਾਹੀਂ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਿਚ ਉਨ੍ਹਾਂ ਨੂੰ ਕਾਨੂੰਨੀ ਤੌਰ ਪਰ ਪ੍ਰਤੀਨਿਧਤਾ ਦਿਤੀ ਜਾਵੇ। ਮਾਸਟਰ ਤਾਰਾ ਸਿੰਘ ਜੀ ਗਿਆਨੀ ਕਰਤਾਰ ਸਿੰਘ ਜੀ ਅਤੇ ਜਥੇਦਾਰ ਊਧਮ ਸਿੰਘ ਜੀ ਸਾਰੇ ਅਕਾਲੀ ਆਗੂ ਇਸ ਮੰਗ ਪ੍ਰਵਾਨ ਕਰਨ ਦੇ ਹੱਕ ਵਿਚ ਸਨ। ਆਖਰ ੧੯੪੬ ਵਿਚ ਗਿਆਨੀ ਕਰਤਾਰ ਸਿੰਘ ਜੀ ਨੇ ਪੰਜਾਬ ਅਸੈਂਬਲੀ ਵਿਚ ਗੁਰਦੁਵਾਰਾ ਕਾਨੂੰਨ ਵਿਚ ਤਰਮੀਮ ਕਰਕੇ ਇਸ ਮੰਗ ਨੂੰ ਕਾਨੂੰਨੀ ਤੌਰ ਪਰ ਮਨਜੂਰ ਕਰਵਾਇਆ ਅਤੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਲਈ ੧੨ ਸੀਟਾਂ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵਿਚ ਰਾਖਵੀਆਂ ਕੀਤੀਆਂ ਗਈਆਂ।

(1946)

# ਅਜ਼ਾਦ ਹਿੰਦ ਵਿਚ ਤੁਹੱਫਜ

ਸਰਬ ਹਿੰਦ ਕੌਮੀ ਕਾਂਗਰਸ ਅਤੇ ਮਹਾਤਮਾਂ ਗਾਂਧੀ ਦੀ ਅਗਵਾਈ ਹੇਠ ੧੫ ਅਗਸਤ ੧੯੪੭ ਨੂੰ ਹਿੰਦੂ ਸਤਾਨ ਅੰਗ੍ਰੇਜ਼ ਦੀ ਗੁਲਾਮੀ ਤੋਂ ਅਜ਼ਾਦ ਹੋ ਗਿਆ। ਭਾਂਵੇ ਹਿੰਦ ਦਾ ਗਵਰਨਰ ਜਨਰਲ ਕੁਝ ਸਮੇਂ ਲਈ ਲਾਰਡ ਮੌਂਟ ਬੀਟਨ ਹੀ ਰਿਹਾ; ਪ੍ਰੰਤੂ ਪੰਡਤ ਜਵਾਹਰ ਲਾਲ ਨਹਿਰੂ ਦੀ ਸ੍ਰਦਾਰੀ ਹੇਠ ਦੇਸ ਵਿਚ ਮੁਕੰਮਲ ਤੌਰ ਪਰ ਸੁਤੰਤਰ ਹਕੂਮਤ ਕਾਇਮ ਹੋ ਗਈ। ਸੂਬਿਆਂ ਦੀਆਂ ਅਸੈਂਲੀਆਂ ਨੇ ਦੇਸ ਦੀ ਆਈਨਸਾਜ਼ ਅਸੈਂਬਲੀ ਦੀ ਚੋਣ ਕੀਤੀ ਅਤੇ ਉਸ ਨੇ ਅਜ਼ਾਦ ਦੇਸ ਦਾ ਆਈਨ ਬਣਾਉਣਾ ਸ਼ੁਰੂ ਕਰ ਦਿਤਾ।

ਸਭ ਤੋਂ ਪਹਿਲਾਂ ਆਈਨ ਸਾਜ ਅਸੈਂਬਲੀ ਵਿਚ ਇਹ ਏਲਾਨ ਕੀਤਾ ਗਿਆ ਕਿ ਅਜ਼ਾਦ ਹਿੰਦ ਵਿਚ ਸਰਕਾਰ ਦੀਨ ਧਰਮ ਦੇ ਲਿਹਾਜ਼ ਪਰ ਨਹੀ ਬਣਾਈ ਜਾਵੇਗੀ ! ਸਗੋਂ ਅਜ਼ਾਦ ਹਿੰਦ ਇਕ ਸੈਕੂਲਰ(ਅਫਿਰਕੂ) ਸਟੇਟ ਹੋਵੇਗੀ। ਪਿਛੇ ਰਹੀਆਂ ਸਿਖ ਸ੍ਰੇਣੀਆਂ ਦੀ ਪ੍ਰਤੀਨਿਧਤਾ ਨੂੰ ਮੁਖ ਰਖਕੇ ੧੯੪੯ ਵਿਚ ਸ੍ਰੋਮਣੀ ਅਕਾਲੀ ਦਲ ਨੇ ਦਾਸ ਨੂੰ ਵਰਕਿੰਗ ਕਮੇਟੀ ਵਿਚ ਲਿਆ ਮੇਰੀ ਤਜਵੀਜ਼ ਤੇ ਸ੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਹ ਮੰਗ ਕੀਤੀ ਕਿ ਉਨ੍ਹਾਂ ਨੂੰ ਪੂਰਬੀ ਪੰਜਾਬ ਅਤੇ ਕੇਂਦਰ ਦੀਆਂ ਲੈਜਿਸਲੇਚਰਾਂ

ਵਿਚ ਵੇਟੇਜ ਦਿਤਾ ਜਾਵੇ, ਕਿਉਂਕਿ ਸ਼ੁਰੂ ਸ਼ੁਰੂ ਵਿਚ ਇਹ ਖਿਆਲ ਸੀ, ਜੋ ਸਾਰੀਆਂ ਘਟ-ਗਿਣਤੀਆਂ ਨੂੰ ਵੇਟਜ਼ ਦਿਤਾ ਜਾਵੇਗਾ; ਪਰੰਤੂ ਛੇਤੀ ਹੀ ਸਰਕਾਰੀ ਤੌਰ ਪਰ ਇਹ ਐਲਾਨ ਹੋ ਗਿਆ ਕਿ ਦੀਨ ਧਰਮ ਦੇ ਲਿਹਾਜ ਪਰ ਕਿਸੇ ਨੂੰ ਵੇਟੇਜ ਨਹੀਂ ਦਿਤਾ ਜਾਵੇਗਾ। ਹਾਂ ਪਿਛੇ ਰਹੀਆਂ ਸ੍ਰੇਣੀਆਂ ਅਤੇ ਪਿਛੇ ਰਹੇ ਕਬੀਲਿਆਂ ਨੂੰ ਦਸਾਂ ਸਾਲਾਂ ਲਈ ਕੁਝ ਤੁਹੱਫਜ਼ ਜ਼ਰੂਰ ਦਿਤੇ ਜਾਣਗੇ।

ਇਸ ਸਬੰਧ ਵਿਚ ਸ੍ਰਦਾਰੇ ਆਜ਼ਮ ਮਾਸਟਰ ਤਾਰਾ ਸਿੰਘ ਜੀ ਨੇ ਆਲਮੋੜੇ ਜੇਹਲ ਤੋਂ ਮਰਨ ਬ੍ਰਤ ਦਾ ਇਜਮ ਦਿਖਾਇਆ। ਜਿਸ ਪਰ ਸ੍ਰੀ ਮਾਨ ਗਿਆਨੀ ਕਰਤਾਰ ਸਿੰਘ, ਸ੍ਰ: ਉਜਲ ਸਿੰਘ ਜੀ ਅਤੇ ਆਨਰੇਬਲ ਸ: ਬਲਦੇਵ ਸਿੰਘ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਤੇ ਸ੍ਰਦਾਰ ਪਟੇਲ ਦੇ ਸਾਹਮਣੇ ਇਹ ਮੰਗ ਰੱਖੀ ਕਿ ਅਛੂਤਾਂ ਜਿਹੇ ਤੁਹੱਫਜ਼ ਹੀ ਪਿਛੇ ਰਹੀਆਂ ਸਿਖ ਸ਼੍ਰੇਣੀਆਂ ਨੂੰ ਭੀ ਦਿਤੇ ਜਾਣ। ਇਸ ਮੰਗ ਵਿਚ ਬੜਾ ਵਜ਼ਨ ਸੀ ਅਤੇ ਇਸ ਸਬੰਧ ਵਿਚ ਦਿਲੀ ਵਿਚ ਕਾਂਗ੍ਰਸੀ ਅਤੇ ਸਿਖ ਲੀਡਰਾਂ ਵਿਚ ਕਈ ਦਿਨ ਗੱਲ ਬਾਤ ਹੁੰਦੀ ਰਹੀ ਆਖਰ ਕਾਗ੍ਰਸੀ ਲੀਡਰ ਇਸ ਮੰਗ ਨੂੰ ਇਸ ਸ਼ਰਤ ਪਰ ਮੰਨਣ ਲਈ ਤਿਆਰ ਹੋਏ ਕਿ ਸਿਖ ਹੋਰ ਵੇਟੇਜ ਆਦਿ ਦੀ ਮੰਗ ਨਾ ਕਰਨ। ਇਹ ਗੱਲ ਸਿਖ ਲੀਡਰਾਂ ਮੰਨ ਲਈ ਤੇ ਸ੍ਰਦਾਰ ਪਟੇਲ ਨੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਨੂੰ ਅਛੂਤਾਂ ਦੇ ਬ੍ਰਾਬਰ ਹੱਕ ਦੇਣ ਦਾ ਇਕਰਾਰ ਕੀਤਾ ਤੇ ਆਈਨ ਵਿਚ ਇਸ ਗੱਲ ਦਾ ਪ੍ਰਬੰਧ ਕਰ ਦਿਤਾ; ਚੁਨਾਚਿ ੨੬ ਜਨਵਰੀ ੧੯੫੦ ਤੋਂ ਪੰਜਾਬ ਹਿੰਦੁਸਤਾਨ ਵਿਚ ਜਿਹੜਾ

ਕਾਨੂੰਨ ਚਾਲੂ ਹੈ, ਉਸ ਅਨੁਸਾਰ ਪੰਜਾਬ ਅਸੈਂਬਲੀ ਵਿਚ ਦਸਾਂ ਸਾਲਾਂ ਲਈ ਉਨ੍ਹਾਂ ਦੀ ਗਿਣਤੀ ਦੇ ਤਨਾਸਬ ਨਾਲ ਸੀਟਾਂ ਰਾਖਵੀਆਂ ਹੋਣਗੀਆਂ, ਸ੍ਰਕਾਰੀ ਮੁਲਾਜ਼ਮਤਾਂ ਵਿਚ ਇਨ੍ਹਾਂ ਨੂੰ ਖਾਸ ਹਿਸਾ ਮਿਲੇਗਾ ਅਤੇ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਰਹਿਣ ਸਹਿਣ ਉਚਾ ਕਰਨ ਲਈ ਸ੍ਰਕਾਰ ਵਲੋਂ ਮਾਇਕ ਸਹਾਇਤਾ ਦਿਤੀ ਜਾਇਆ ਕਰੇ ਗੀ।

## ਪੰਜਾਬ ਸ੍ਰਕਾਰ ਦੀ ਸਹਾਇਤਾ

ਸ੍ਰਕਾਰ ਹਿੰਦ ਦੇ ਇਸ ਕਾਨੂੰਨ ਨੂੰ ਅਮਲੀ ਰੂਪ ਦੇਣ ਲਈ ਪੰਜਾਬ ਸ੍ਰਕਾਰ ਨੇ ਇਕ ਖਾਸ ਮਹਿਕਮਾਂ ਖੋਹਲ ਦਿਤਾ ਹੈ ਤੇ ਪਿਛੇ ਰਹੀਆਂ ਸ੍ਰੇਣੀਆਂ ਲਈ ਅਸੈਂਬਲੀ ਵਿਚ ਸੀਟਾਂ, ਸ੍ਰਕਾਰੀ ਮੁਲਾਜਮਤਾਂ ਰਾਖਵੀ ਕਰਨ ਤੋਂ ਇਲਾਵਾਂ ਉਨ੍ਹਾਂ ਦੇ ਆਰਥਕ ਤੇ ਵਿਦਿਅਕ ਜੀਵਨ ਨੂੰ ਉਚਾ ਕਰਨ ਲਈ ਖਰਚ ਵਾਸਤੇ ੨੩ ਲਖ ਰੁਪੈ ਦੀ ਰਕਮ ਮਨਜ਼ੂਰ ਕਰ ਰਖੀ ਹੈ। ਇਸ ਸਹਾਇਤਾ ਦਾ ਸੇਹਰਾ ਪੰਜਾਬ ਦੇ ਪ੍ਰਧਾਨ ਮੰਤਰੀ ਡਾਕਟਰ ਗੋਪੀ ਚੰਦ ਜੀ ਭਾਰਗੋ, ਪਿਛੇ ਰਹੀਂ ਸ੍ਰੇਣੀਆਂ ਦੇ ਵਜ਼ੀਰ ਮਿਸਟਰ ਪ੍ਰਿਥੀ ਸਿੰਘ ਜੀ ਆਜ਼ਾਦ, ਵਜ਼ਾਰਤ ਦੇ ਦੂਸਰੇ ਮੈਬਰਾਂ ਅਤੇ ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਦੇ ਸਿਰ ਹੈ।

# ਪੈਪਸੂ ਸ੍ਰਕਾਰ ਦੀ ਸਹਾਇਤਾ

ਪੂਰਬੀ ਪੰਜਾਬ ਅਤੇ ਪਟਿਆਲਾ ਰਿਆਸਤੀ ਯੂਨੀਅਨ ਦੇ ਰਾਜ ਪ੍ਰਮੁਖ ਸ੍ਰੀ ਮਹਾਰਾਜਾ ਯਾਦਵਿੰਦਰ ਸਿੰਘ ਬਹਾਦੁਰ ਅਤੇ ਪ੍ਰਧਾਨ ਮੰਤਰੀ ਸ੍ਰਦਾਰ ਗਿਆਨ ਸਿੰਘ ਜੀ ਰਾੜੇ ਵਾਲਾ ਪਿਛੇ ਰਹੀਆਂ ਸਿਖ ਤੇ ਹਿੰਦੂ ਸ੍ਰੇਣੀਆਂ ਦੀ ਉਨਤੀ ਲਈ ਸਿਰਤੋੜ ਯਤਨ ਕਰ ਰਹੇ ਹਨ। ਉਨ੍ਹਾਂ ਨੇ ਪਿਛੇ ਰਹੀਆਂ ਸ੍ਰੇਣੀਆਂ ਦੀ ਵਿਦਿਯਕ ਭਾਈਚਾਰਕ, ਰਾਜਸੀ ਅਤੇ ਆਰਥਕ ਉਨਤੀ ਲਈ ਪਛੜੀਆਂ ਸ੍ਰੇਣੀਆਂ ਵਿਭਾਗ ਦੇ ਨਾਮ ਪਰ ਖਾਸ ਮਹਿਕਮਾਂ ਖੋਹਲ ਦਿਤਾ ਹੈ। ਇਸ ਮਹਿਕਮੇ ਦੇ ਡਾਇਰੈਕਟਰ ਸ੍ਰਦਾਰ ਭਰਪੂਰ ਸਿੰਘ ਜੀ ਦਿਨ ਰਾਤ ਇਕ ਕਰਕੇ ਇਹ ਯਤਨ ਕਰ ਰਹੇ ਹਨ, ਜੋ ਉਨ੍ਹਾਂ ਦੀ ਯੂਨੀਅਨ ਦੀਆਂ ਪਛੜੀਆਂ ਸ੍ਰੇਣੀਆਂ ਛੇਤੀ ਹੀ ਉਨਤੀ ਕਰਕੇ ਦੇਸ ਦਾ ਇਕ ਨਰੋਆ ਅੰਗ ਬਨਣ। ਪੈਪਸੂ ਸ੍ਰਕਾਰ ਨੇ ਇਸ ਮਹਿਕਮੇ ਨੂੰ ਇਸ ਸ਼ੁਭ ਕਾਰਜ ਲਈ ੧੫ ਲਖ ਦੀ ਭਾਰੀ ਰਕਮ ਦੇ ਰਖੀ ਹੈ ਅਤੇ ਇਹ ਰਕਮ ਮਹਿਕਮੇ ਦੇ ਡਾਇਰੈਕਟਰ ਸਾਹਿਬ ਪਛੜੀਆਂ ਸ੍ਰੇਣੀਆਂ ਦੇ ਪ੍ਰਤੀਨਿਧਾਂ ਦੀ ਕਮੇਟੀ ਦੀ ਸਲਾਹ ਨਾਲ ਖਰਚ ਕਰ ਰਹੇ ਹਨ। ਇਸਤਰ੍ਹਾਂ ਗਿਆਨੀ ਦਿਤ ਸਿੰਘ ਦੇ ਦੇਸ ਦੀ ਸੁਤੰਤਰ ਸ੍ਰਕਾਰ ਪੰਥ ਵਿਚ ਉਚ ਨੀਚ ਤੇ ਛੂਤ-ਛਾਤ ਖਤਮ ਕਰਨ ਵਾਲਾ ਉਨ੍ਹਾਂ ਦਾ ਸੁਨੈਹਰੀ ਸੁਫਨਾਂ ਸੱਚਾ ਕਰਨ ਵਾਸਤੇ ਬਹੁਤ ਹੀ ਠੋਸ ਕੰਮ ਕਰ ਰਹੀ ਹੈ ਜਿਸ ਲਈ ਸਾਰੀਆਂ ਪਛੜੀਆਂ ਸ੍ਰੇਣੀਅ ਉਸ ਦੀਆਂ ਰਿਣੀ ਹਨ।

## ਗਲਤ ਵਰਤੋਂ

ਸਰਕਾਰ ਵਲੋਂ ਧਾਰਮਕ ਤੌਰ ਤੇ ਜ਼ਾਤ ਪਾਤ ਦੇ ਖਾਤਮੇ ਲਈ ਭਾਵੇਂ ਕਾਫੀ ਕਾਨੂੰਨ ਬਣਾਏ ਜਾ ਚੁਕੇ ਹਨ ਤੇ ਅਛੂਤਾਂ ਤੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਨੂੰ ਰਿਆਇਤਾਂ ਦਿਤੀਆਂ ਗਈਆਂ ਹਨ ਤੇ ਜ਼ਾਤ ਪਾਤ ਛੂਤ ਛਾਤ ਨੂੰ ਕਾਨੂੰਨਨ ਜ਼ੁਰਮ ਕਰਾਰ ਦੇ ਦਿਤਾ ਗਿਆ ਹੈ ਪਰ ਫੇਰ ਭੀ ਪੁਰਾਣੇ ਖਿਆਲ ਦੇ ਲੋਕਾਂ ਦੇ ਮਨਾਂ ਵਿਚੋਂ ਛੂਤ ਛਾਤ ਅਜੇ ਤਕ ਨਹੀਂ ਨਿਕਲ ਸਕੀ।

ਅਜੇ ਭੀ ਕਈ ਪਿੰਡਾ ਵਿਚ ਇਨ੍ਹਾਂ ਤੋਂ ਜਬਰੀ ਵਗਾਰ ਲਈ ਜਾਂਦੀ ਹੈ, ਇਨ੍ਹਾਂ ਨੂੰ ਖੂਹਾਂ ਤੇ ਪਬਲਕ ਥਾਵਾਂ ਦੀ ਵਰਤੋਂ ਤੋਂ ਰੋਕਿਆ ਜਾਂਦ ਹੈ। ਕਈਂ ਥਾਵਾਂ ਤੇ ਇਨ੍ਹਾਂ ਦੀਆਂ ਧੀਆਂ ਭੈਣਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ।

ਸਰਕਾਰੀ ਰਿਆਇਤਾਂ ਵਜ਼ੀਫੇ, ਤੇ ਨੌਕਰੀਆਂ ਭਾਂਵੇ ਇਨ੍ਹਾਂ ਦੀਆਂ ਰਾਖਵੀਆਂ ਹਨ, ਤਦ ਭੀ ਇਨ੍ਹਾਂ ਵਰਤੋਂ ਬਹੁਤ ਘਟ ਹੋ ਰਹੀ ਹੈ। ਕਿਉਂਕਿ ਸ੍ਰਕਾਰੀ ਮਸ਼ੀਨਰੀ ਦੇ ਬਹੁਤ ਸਾਰ ਉਹੋ ਪੁਰਾਣੇ ਪੁਰਜ਼ੇ ਹਨ ਜੋ ਜ਼ਾਤ ਪਾਤ ਤੇ ਛੂਤਛਾਤ ਦੇ ਦਿਲੋਂ ਹਾਮੀ ਹਨ। ਭਾਂਵੇ ਅਛੂਤਾਂ ਦੇ ਦੋ ਵਜ਼ੀਰ ਸ੍ਰੀ ਜਗਜੀਵਨ ਰਾਮ ਤੇ ਡਾਕਟਰ ਅੰਬੇਦਕਰ ਸੈਂਟਰਲ ਹਕੂਮਤ ਵਿਚ ਹੀ ਹਨ ਤਦ ਭੀ ਉਨ੍ਹਾਂ ਦੀ ਇਨ੍ਹਾਂ ਕਟੜ ਪੰਥੀਆਂ ਅਗੇ ਕੋਈ ਦਾਲ ਨਹੀਂ ਗਲਦੀ।

ਸੋ ਜਦ ਤਕ ਹਕੂਮਤ ਅਛੂਤਾਂ ਤੇ ਪਿਛੇ ਰਹੀਆਂ ਸਿਖ ਸ੍ਰੇਣੀਆਂ ਦੇ ਆਫੀਸਰ ਨੀਅਤ ਨਹੀਂ ਕਰਦੀ ਤਦ ਤਕ ਇਨ੍ਹਾਂ ਸ਼ਕੈਤਾਂ ਦਾ ਹਲ ਨਹੀਂ ਹੋ ਸਕਦਾ।

# ਸ਼੍ਰੋਮਣੀ ਖਾਲਸਾ ਬ੍ਰਾਦਰੀ ਪ੍ਰਬੰਧਕ ਕਮੇਟੀ

ਪਿਛੇ ਅਸੀਂ ਦਸ ਆਏ ਹਾਂ ਕਿ ਗਿਆਨੀ ਦਿਤ ਸਿੰਘ ਜੀ ਨੇ ਅਛੂਤ ਉਧਾਰ ਦੀ ਲਹਿਰ ਨੂੰ ਬਹੁਤ ਵਧਾਇਆ ਜਿਸ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। ਗਿਆਨੀ ਦਿਤ ਸਿੰਘ ਦੇ ਪ੍ਰਚਾਰ ਨੇ ਜਿਥੇ ਜ਼ਾਤ ਅਭਿਮਾਨੀ ਸਿਖਾਂ ਨੂੰ ਇਹ ਗਲ ਮੰਨਣ ਤੇ ਮਜ਼ਬੂਰ ਕਰ ਦਿਤਾ ਕਿ ਸਿਖੀ ਵਿਚ ਜ਼ਾਤ ਪਾਤ ਨੂੰ ਕੋਈ ਥਾਂ ਨਹੀਂ, ਉਥੇ ਅਛੂਤਾਂ ਵਿਚੋਂ ਸਜੇ ਸਿਖਾਂ ਵਿਚ ਭੀ ਕਾਫੀ ਜਾਗਰਤ ਲੈ ਆਂਦੀ। ਥਾਂ ਥਾਂ ਖਾਲਸਾ ਬ੍ਰਾਦਰੀਆਂ ਕਾਇਮ ਹੋ ਗਈਆਂ। ਇਹ ਜਥੇ-ਬੰਦੀਆਂ ਜ਼ਾਤ ਅਭਿਮਾਨੀਆਂ ਨਾਲ ਹਰ ਪ੍ਰਕਾਰ ਦੀ ਟਕਰ ਲੈ ਕੇ ਆਪਣੇ ਹਕਾਂ ਦੀ ਪ੍ਰਾਪਤੀ ਲਈ ਯਤਨ ਕਰਦੀਆਂ ਰਹੀਆਂ।

ਸ਼ੁਰੂ ਵਿਚ ਖਾਲਸਾ ਬ੍ਰਾਦਰੀ ਤੋਂ ਭਾਵ ਅਜਿਹੀ ਜਥੇਬੰਦੀ ਤੋਂ ਹੁੰਦਾ ਸੀ ਜਿਸ ਵਿਚ ਉਚੀਆਂ ਤੇ ਨੀਵੀਆਂ ਜ਼ਾਤਾਂ ਦੇ ਉਹ ਪ੍ਰਾਣੀ ਮੈਂਬਰ ਹੋਣ ਜੋ ਜ਼ਾਤ ਪਾਤ ਨੂੰ ਨ ਮੰਨਦੇ ਹੋਣ। ਇਸ ਜਥੇ ਬੰਦੀ ਦੇ ਮੈਂਬਰਾਂ ਦੀ ਜ਼ਾਤ ਅਭਿਮਾਨੀਆਂ ਵਲੋਂ ਬੜੀ ਵਿਰੋਧਤਾ ਹੁੰਦੀ ਸੀ ਪਰ ਇਹ ਆਪਣੇ ਨਿਸ਼ਾਨੇ ਵਲ ਵਧਦੇ ਹੀ ਜਾਂਦੇ ਸਨ।

੧੯੦੭ ਵਿਚ ਭਾਈ ਮਤਾਬ ਸਿੰਘ ਬੀਰ ਦੇ ਉਦਮ

ਨਾਲ ਅੰਮ੍ਰਿਤਸਰ ਵਿਚ ਖਾਲਸਾ ਬ੍ਰਾਦਰੀ ਦਾ ਭਾਰੀ ਇਕਠ ਸਦਿਆ ਗਿਆ ਤਾਂ ਜੋ ਰਹਿਤੀਆਂ ਵਿਚੋਂ ਸਜੇ ਸਿੰਘਾਂ ਨੂੰ ਭੀ ਪੰਥ ਵਿਚ ਅਭੇਦ ਕੀਤਾ ਜਾਵੇ। ਲੋਕ ਅਗੇ ਹੀ ਵਿਰੁਧ ਸਨ ਹੁਣ ਰਹਿਤੀਏ ਸਿੰਘਾਂ ਨੂੰ ਸ਼ਾਮਲ ਕਰਨ ਤੇ ਹੋਰ ਭੀ ਚਿਤ੍ਰ ਵਿਚ ਆ ਗਏ। ਬਲਕਿ ਕਈ ਅਛੂਤਾਂ ਵਿਚੋਂ ਸਜੀਆਂ ਬ੍ਰਾਦਰੀਆਂ ਦੇ ਸਿੰਘ ਭੀ ਇਨ੍ਹਾਂ ਨੂੰ ਰਲੌਣ ਦੇ ਹਾਮੀ ਨਹੀਂ ਸਨ। ਪਰ ਭਾਈ ਮਤਾਬ ਸਿੰਘ ਜੀ ਬੀਰ ਜੋ 'ਏਕ ਪਿਤਾ ਏਕਸ ਕੇ ਹਮ ਬਾਰਕ' ਅਨੁਸਾਰ ਹਰ ਪ੍ਰਾਣੀ ਮਾਤਰ ਨੂੰ ਸਿਖ ਧਰਮ ਦੇ ਝੰਡੇ ਹੇਠ ਲਿਆਉਣਾ ਚਾਹੁੰਦੇ ਸਨ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਇਕੱਠ ਕਰਨ ਵਿਚ ਕਾਮਯਾਬੀ ਹਾਸਲ ਕਰ ਹੀ ਲਈ ਤੇ ਸ੍ਰਦਾਰਬਹਾਦਰ ਮਹਿਤਾਬ ਸਿੰਘ ਮੇਜਰ ਸੂਏਦਾਰ ਜੋ ਰਹਿਤੀਏ ਸਿੰਘਾਂ ਦਾ ਮੋਹਰੀ ਪ੍ਰਵਾਰ ਸੀ ਉਸ ਨੂੰ ਪੰਥ ਵਿਚ ਅਭੇਦ ਕਰ ਦਿਤਾ। ਇਸ ਇਕਠ ਵਿਚ ਬਹੁਤ ਸਾਰੇ ਉਚੀਆਂ ਜ਼ਾਤਾਂ ਵਾਲੇ ਖਾਲਸਾ ਬ੍ਰਾਦਰੀ ਦੇ ਮੈਂਬਰਾਂ ਨੇ ਕੜ੍ਹਾਹ ਪ੍ਰਸ਼ਾਦ ਇਨ੍ਹਾਂ ਨਵੇਂ ਰਲੇ ਪ੍ਰਵਾਰ ਦੇ ਹਥੋਂ ਛਕਲਿਆ ਪਰ ਉਨ੍ਹਾਂ ਦੀਆਂ ਬ੍ਰਾਦਰੀਆਂ ਨੇ ਉਨ੍ਹਾਂ ਨੂੰ ਛੇਕ ਦਿਤਾ ਤੇ ਇਨ੍ਹਾਂ ਨੂੰ ਆਪਣੇ ਖੂਹਾਂ ਤੋਂ ਪਾਣੀ ਭਰਨੋਂ ਭੀ ਰੋਕ ਦਿਤਾ। ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦੀ ਭੀ ਮਨਾਹੀ ਦਾ ਹੁਕਮ ਇਨ੍ਹਾਂ ਲਈ ਹੋ ਗਿਆ। ਇਹ ਵਿਚਾਰੇ ਬਹੁਤਾ ਚਿਰ ਬ੍ਰਦਾਰੀਆਂ ਅਗੇ ਨ ਟਿਕ ਸਕੇ ਤ ਬਹੁਤਿਆਂ ਨੇ ਮਾਫੀਆਂ ਮੰਗ ਲਈਆਂ।

ਇਨ੍ਹਾਂ ਹੀ ਰਹਿਤੀਏ ਸਿੰਘਾਂ ਦੇ ਬਾਕੀ ਪ੍ਰਵਾਰਾਂ ਨੂੰ ਅਮ੍ਰਿਤ ਛਕਾਉਣ ਤੇ ਪੰਥ ਵਿਚ ਅਭੇਦ ਕਰਨ ਹਿਤ ਪਿੰਡ

ਪਲਾਹੀ ਜਿਲਾ ਜਲੰਧਰ ਵਿਚ ੧੯੦੭ ਵਿਚ ਹੀ ਭਾਰੀ ਦੀਵਾਨ ਕੀਤਾ ਗਿਆ। ਇਸ ਦੀਵਾਨ ਤੇ ਪੰਥ ਦੇ ਮੰਨੇ ਪ੍ਰਮੰਨੇ ਪ੍ਰਚਾਰਕ ਭਾਈ ਤਖਤ ਸਿੰਘ ਫੀਰੋਜ਼ਪੁਰ, ਭਾਈ ਲਾਲ ਸਿੰਘ ਚੀ: ਖ: ਦੀਵਾਨ। ਭਾਈ ਮੂਲ ਸਿੰਘ ਗਰਮੂਲਾ ਆਦਿ ਆਪਣੇ ਸਾਥੀਆਂ ਸਣੇ ਪੁਜੇ । ਇਥੇ ਫੇਰ ਰਹਿਤੀਆਂ ਵਲੋਂ ਭੀ ਇਹ ਸਵਾਲ ਖੜਾ ਕੀਤਾ ਗਿਆ ਕਿ ਸਾਡੇ ਤੋਂ ਨੀਵੀਆਂ ਸ੍ਰੇਣੀਆਂ ਨੂੰ ਪੰਥ ਵਿਚ ਨ ਮਿਲਾਇਆ ਜਾਵੇ। ਦੋ ਦਿਨ ਇਹੋ ਝਗੜਾ ਰਿਹਾ। ਅਖੀਰ ਵਿਦਵਾਨਾਂ ਦੇ ਲੈਕਚਰਾਂ ਤੇ ਪ੍ਰਸਪਰ ਵਿਚਾਰਾਂ ਪਿਛੋਂ ਇਹ ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ **"ਹਰ ਪ੍ਰਾਣੀ ਮਾਤਰ ਭਾਵੇ ਉਹ ਕਿਸੀ ਨੀਵੀਂ ਤੋਂ ਨੀਵੀਂ ਜ਼ਾਤ-ਬ੍ਰਾਦਰੀ ਨਾਲ ਸਬੰਧ ਰਖਦਾ ਹੋਵੇ ਅੰਮ੍ਰਿਤ ਛਕ ਕੇ ਪੰਥ ਵਿਚ ਸ਼ਾਮਲ ਹੋ ਸਕਦਾ ਹੈ ਤੇ ਉਸ ਨੂੰ ਉਹੋ ਅਧਕਾਰ ਹਨ ਜੋ ਉਚੀ ਜ਼ਾਤ ਵਿਚੋਂ ਸਜੇ ਸਿੰਘ ਨੂੰ ਹਨ।**

ਇਥੇ ੩੦੦ ਤੋਂ ਵਧੀਕ ਰਹਿਤੀਆਂ ਨੂੰ ਅੰਮ੍ਰਿਤ ਛਕਾ ਕੇ ਪੰਥ ਵਿਚ ਅਭੇਦ ਕੀਤਾ ਗਿਆ।

ਇਸ ਲਹਿਰ ਦਾ ਅਸਰ ਦੁਆਬੇ ਵਿਚ ਹੀ ਬਹੁਤ ਫੈਲਿਆ। ਤੇ ਆਰੀਆ ਸਮਾਜ ਨੇ ਇਸ ਲਹਿਰ ਨੂੰ ਫੇਲ ਕਰਨ ਲਈ ੧੯੦੯ ਵਿਚ ਕੁਝ ਰਾਮਦਾਸੀਏ ਸਿੰਘਾਂ ਨੂੰ ਵਰਗ ਲਾਇਆ। ਉਨ੍ਹਾਂ ਨੇ ਭਾਈ ਸ਼ੇਰ ਸਿੰਘ ਕਦੋਲੇ ਜ਼ਿਲਾ ਜਾਲੰਧਰ ਤੇ ਉਸ ਦੇ ੧੦ ਹੋਰ ਸਾਥੀਆਂ ਵਲੋਂ ਸਿਖਾਂ ਵਿਰੁਧ

ਜ਼ਹਿਰ ਉਗਲਵਾਈ ਤੇ ਉਨ੍ਹਾਂ ਨੇ ਸ਼ਰੇ ਆਮ ਆਪਣੇ ਕੇਸ ਕਤਲ ਕੀਤੇ ਤੇ ਨੀਲਾਮ ਕੀਤੇ ਇਵੇਂ ਉਨ੍ਹਾਂ ਨੇ ਇਸ ਲਹਿਰ ਨੂੰ ਭਾਰੀ ਨੁਕਸਾਨ ਪਹੁੰਚਾਣ ਦਾ ਯਤਨ ਕੀਤਾ। ਜ਼ਾਤ ਅਭਿਮਾਨੀ ਸਿਖਾਂ ਵਲੋਂ ਅਜੇ ਨਵੇ ਸਜੇ ਸਿੰਘਾਂ ਨੂੰ ਬਹੁਤ ਤਕਲੀਫਾਂ ਸਨ, ਇਸ ਲਈ ਉਹ ਛੇਤੀ ਹੀ ਇਨ੍ਹਾਂ ਦੇ ਜਾਲ ਵਿਚ ਫਸ ਗਏ, ਤੇ ਹਜ਼ਾਰਾਂ ਰਮਦਾਸੀਏ ਸਿੰਘਾਂ ਨੇ ਸਿਖੀ ਛਡਣ ਤੇ ਆਰੀਏ ਬਨਣ ਦਾ ਐਲਾਨ ਕਰ ਦਿਤਾ। ਆਰੀਆਂ ਨੇ ਇਸ ਸਬੰਧ ਵਿਚ ਭਾਰੀ ਜਲਸਾ ਜਾਲੰਧਰ ਵਿਚ ਕਰਨ ਦਾ ਇਸ਼ਤਿਹਾਰ ਭਾਈ ਰਲਾ ਸਿੰਘ ਕੁਮਰਸ਼ਲ ਪ੍ਰੈਸ ਅੰਮ੍ਰਿਤਸਰ ਵਿਚ ਜਲਸੇ ਤੋਂ ਦੋ ਤਿੰਨ ਦਿਨ ਪਹਿਲਾਂ ਹੀ ਭੇਜਿਆ ਪਰ ਭਾਈ ਰਲਾ ਸਿੰਘ ਜੀ ਨੇ ਭਾਈ ਮਤਾਬ ਸਿੰਘ ਬੀਰ ਨੂੰ ਇਹ ਖਬਰ ਦਸ ਦਿਤੀ। ਕੇਵਲ ਦੋ ਦਿਨ ਜਲਸੇ ਵਿਚ ਬਾਕੀ ਸਨ। ਬੀਰ ਜੀ ਨੇ ਉਦਮ ਕਰ ਕੇ ਚੀਫ ਖਾਲਸਾ ਦੀਵਾਨ ਤੇ ਹੋਰ ਸਾਥੀਆਂ ਨੂੰ ਆਪ ਮਿਲਕੇ ਪ੍ਰੇਰਿਆ ਕਿ ਇਨ੍ਹਾਂ ਹੀ ਤਰੀਖਾਂ ਤੇ ਜਲੰਧਰ ਵਿਚ ਹੀ ਪੰਥ ਵਲੋਂ ਭਾਰੀ ਜਲਸਾ ਰਖਿਆ ਜਾਵੇ ਤਾਂ ਜੋ ਅਸੀਂ ਇਨ੍ਹਾਂ ਰਮਦਾਸੀਏ ਸਿਖਾਂ ਨੂੰ ਆਰੀਏ ਹੋਣ ਤੋਂ ਬਚਾ ਸਕਏ। ਚੀਫ ਖਾਲਸਾ ਦੀਵਾਨ ਨੇ ਪੂਰਾ ਮਿਲਵਰਤਨ ਦਿਤਾ ਤੇ ਦੋ ਦਿਨਾਂ ਵਿਚ ਹੀ ਕਾਫੀ ਭੱਜ ਨੱਸ ਪਿਛੋਂ ਜਾਲੰਧਰ ਵਿਚ ਰਾਜਾਸਰ ਦਿਲਜੀਤ ਸਿੰਘ ਕਪੂਰਥਲਾ ਦੀ ਪ੍ਰਧਾਨਗੀ ਹੇਠ ਭਾਰੀ ਕਾਨਫਰੰਸ ਅਰੰਭ ਹੋ ਗਈ। ਜਿਸ ਵਿਚ ਆਰੀਏ ਹੋਣ ਵਾਲੇ ਸਾਰੇ ਰਮਦਾਸੀਏ ਸਿੰਘਾਂ ਨੂੰ ਪ੍ਰੇਰ ਕੇ ਲਿਆਂਦਾ ਗਿਆ। ਅਤੇ ਉਨ੍ਹਾਂ ਦੇ ਨਾਲ ਲੰਗਰ ਵਿਚ

ਵਡਿਆਂ ਸਰਦਾਰਾਂ ਨੇ ਪਸ਼ਾਦਾ ਛਕਿਆ। ਤੇ ਇਵੇਂ ਆਰੀਆਂ ਦੇ ਅਸਰ ਨੂੰ ਜ਼ਾਇਲ ਕੀਤਾ ਗਿਆ ਵਡੇ ਵਡੇ ਸਰਦਾਰ ਰਾਜਾ ਸਰ ਦਿਲਜੀਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਭਾਈ ਸਾਹਿਬ ਫਤਹ ਸਿੰਘ ਜੀ, ਭਾਈ ਦੇਵਾ ਸਿੰਘ ਜੀ ਸੱਕਤ੍ਰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ, ਸ: ਸੁੰਦਰ ਸਿੰਘ ਜੀ ਮਜੀਠੀਆ ਚੀਫ ਖਾਲਸਾ ਦੀਵਾਨ ਆਦਿ ਦੇ ਲੰਗਰ ਪੰਗਤ ਵਿਚ ਅਭੇਦ ਛਕਣ ਤੇ ਪਤਤ ਹੋ ਰਹੇ ਰਮਦਾਸੀਏ ਸਿੰਘਾਂ ਨੂੰ ਯਕੀਨ ਦਿਵਾਉਣ ਤੇ ਇਕ ਭੀ ਰਮਦਾਸੀਆ ਆਰੀਆ ਨ ਬਣਿਆ। ਇਸ ਕਾਨਫ੍ਰੰਸ ਦੇ ਫੈਸਲੇ ਅਨੁਸਾਰ ਆਰੀਆ ਸਮਾਜ ਦੇ ਪ੍ਰਚਾਰ ਦੇ ਵਿਰੁਧ ਜਥੇ ਮੁਕਰਰ ਕੀਤੇ ਗਏ ਤੇ ਚੀਫ ਖਾਲਸਾ ਦੀਵਾਨ ਨੇ ਆਪਣੇ ਪ੍ਰਚਾਰਕਾਂ ਨੂੰ ਇਲਾਕੇ ਵਿਚ ਪ੍ਰਚਾਰ ਕਰਨ ਤੇ ਨੀਅਤ ਕਰ ਦਿਤਾ। ਇਸ ਇਕਠ ਵਿਚ ਸਰਦਾਰ ਤਰਲੋਕ ਸਿੰਘ ਜ਼ੈਲਦਾਰ ਬਿਲਗਾ ਜੋ ਗਿਆਨੀ ਦਿਤ ਸਿੰਘ ਜੀ ਦੀ ਕੁਰਬਾਨੀ ਦਾ ਬਹੁਤ ਸ਼ਰਧਾਲੂ ਸੀ ਉਸਨੇ ਬਹੁਤ ਹਿਸਾ ਲਿਆ ਤੇ ਪਿੰਡਾਂ ਦੇ ਪਤਤ ਹੋ ਰਹੇ ਸਿੰਘਾਂ ਨੂੰ ਸਮਝਾਉਣ ਵਿਚ ਸਭ ਤੋਂ ਵਧ ਸਮਾਂ ਦਿਤਾ।

ਭਾਂਵੇ ਇਸ ਪ੍ਰਚਾਰ ਦਾ ਤੇ ਜਲੰਧਰ ਦੀ ਕਾਨਫ੍ਰੰਸ ਦਾ ਬਹੁਤ ਅਸਰ ਪਿਆ ਪਰ ਫੇਰ ਭੀ ਜ਼ਾਤ ਅਭਿਮਾਨੀ ਸਿਖ ਅਜੇ ਭੀ ਸਿਧੇ ਰਾਹ ਤੇ ਨਾ ਆਏ। ਅਗੇ ਨਾਲੋਂ ਕੁਝ ਨਰਮ ਜ਼ਰੂਰ ਹੋ ਗਏ ਸਨ ਜਿਵੇਂ ਜੰਡਿਆਲੇ ਬੁੰਡਾਲੇ ਦੇ ਸਿਖਾਂ ਨੇ ਖਾਲਸਾ ਬ੍ਰਾਦਰੀ ਦੇ ਪ੍ਰਚਾਰਕਾਂ ਨੂੰ ਦੀਵਾਨ ਕਰਨ ਲਈ ਸਦਾ ਤਾਂ ਦਿਤਾ ਪਰ ਦਰੀਆਂ ਦੀ ਥਾਂ ਉਨ੍ਹਾਂ ਨੂੰ ਸਫਾਂ ਦਿਤੀਆਂ ਤੇ ਜਦੋ ਉਹ ਆਪਣੇ ਵੀਰਾਂ ਨੂੰ ਪਤਿਤ ਹੋਣ ਤੋਂ ਰੋਕਣ ਦਾ

ਪ੍ਰਚਾਰ ਕਰ ਕੇ ਚਲੇ ਗਏ ਤਾਂ ਇਨ੍ਹਾਂ ਜ਼ਾਤ ਅਭਿਮਾਨੀ ਸਿਖਾਂ ਨੇ ਇਹ ਸਫਾਂ ਸਾੜ ਦਿਤੀਆਂ।

ਖਾਲਸਾ ਬ੍ਰਾਦਰੀ ਨੇ ਜਿਥੇ ਪਤਤ ਹੋ ਰਹੇ ਵੀਰਾਂ ਨੂੰ ਸਮਝਾਇਆ ਉਥੇ ਨਵੇਂ ਅਛੂਤਾਂ ਵਿਚ ਭੀ ਅੰਮ੍ਰਿਤ ਪ੍ਰਚਾਰ ਦੀ ਲਹਿਰ ਨੂੰ ਤੇਜ ਕਰ ਦਿਤਾ। ਪਰਚਾਰ ਦਾ ਹੈਡ ਕਵਾਟਰ ਜਲੰਧਰ ਸੀ। ਸਭ ਇਲਾਕੇ ਵਾਰ ਇਹ ਪ੍ਰਚਾਰਕ ਤੇ ਜਥੇ ਖਾਲਸਾ ਬ੍ਰਦਰੀ ਪ੍ਰਬੰਧਕ ਕਮੇਟੀ ਦੇ ਅਧੀਨ ਕੰਮ ਕਰਦੇ ਸਨ ਇਸ ਲਹਿਰ ਦੇ ਸਦਕੇ ਵੀਹ ਪੰਝੀ ਹਜ਼ਾਰ ਹੋਰ ਨਵੇਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਸੰਨ ੧੯੧੧ ਈ: ਨੂੰ ਪਸ਼ੌਰ ਤੋਂ ਭਾ: ਮਾਨ ਸਿੰਘ ਸੂਬੇਦਾਰ ਵਲੋਂ ਸ੍ਰੋਮਣੀ ਖਾਲਸਾ ਬ੍ਰਾਦਰੀ ਦੇ ਦਫਤ੍ਰ ਵਿਚ ਪਤ੍ਰਕਾ ਪੁਜੀ ਕਿ ਪਿਛੇ ਰਹੀਆਂ ਸ੍ਰੇਣੀਆਂ ਦੇ ੩੦੦ ਪ੍ਰਾਣੀ ਅੰਮ੍ਰਿਤ ਪਾਨ ਕਰਨ ਲਈ ਤਿਆਰ ਹਨ ਪਰ ਮੁਕਾਮੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤ ਛਕਾਣ ਤੋਂ ਇਨਕਾਰੀ ਹੈ ਇਸ ਲਈ ਇਨ੍ਹਾਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕੌਣ ਦਾ ਸ਼ੀਘਰ ਪ੍ਰਬੰਧ ਕੀਤਾ ਜਾਵੇ।

ਇਸ ਦੇ ਸਬੰਧ ਵਿਚ ਖਾਲਸਾ ਬ੍ਰਾਦਰੀ ਪ੍ਰ: ਕਮੇਟੀ ਵਲੋਂ ਸ੍ਰੀ ਮਾਨ ਮਾ: ਮੋਤਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ 'ਬੀਰ" ਆਦਿ ਸਜਨਾ ਦੀ ਸੇਵਾ ਲਾਈ ਗਈ। ਜਦੋ ਇਹ ਸਜਨ ਪਸ਼ੌਰ ਪੁਜੇ, ਇਨ੍ਹਾਂ ਦੇ ਪੁਜਣ ਦੀ ਖਬਰ ਸਾਰੇ ਸਹਿਰ ਵਿਚ ਪੁਜ ਗਈ। ਸ੍ਰੀ ਗੁਰੂ ਸਿੰਘ ਸਭਾ ਸਦਰ ਤੇ ਸ਼ਹਿਰ ਦੋਨਾ ਨੇ ਇਨ੍ਹਾਂ ਨੂੰ ਥਾਂ ਦੇਣ ਤੋਂ ਇਨਕਾਰ ਕਰ ਦਿਤਾ।

ਆਖਰ ਕਾਰ ਜਦੋਂ ਇਨ੍ਹਾਂ ਨੂੰ ਹੋਰ ਕਿਤੇ ਥਾਂ ਨਾ

ਮਿਲੀ ਤਾਂ ਇਹ ਆਰੀਆ ਸਮਾਜ ਸਦਰ ਦੇ ਸਕੱਤ੍ਰ ਨੂੰ ਜਾਕੇ ਮਿਲੇ । ਉਨ੍ਹਾਂ ਨੇ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ ਅੰਮ੍ਰਿਤ ਛਕਾਣ ਲਈ ਦੇਣ ਦਾ ਭਰੋਸਾ ਦਿਤਾ ਜਦ ਇਸ਼ਤਿਹਾਰ ਛਪਣ ਲਗਾ ਤਦ ਉਥੋਂ ਦੇ ਕੁਝ ਸਿਖਾਂ ਨੇ ਇਸ ਵਿਚ ਆਪਣੀ ਹੀਣਤਾ ਸਮਝ ਕੇ ਇਕ ਤਬੇਲਾ ਖਾਲੀ ਕਰਾਕੇ ਅੰਮ੍ਰਿਤ ਪ੍ਰਚਾਰ ਕਰਨ ਲਈ ਦਿਤਾ ਉਥੇ ਦੋ ਪਠਾਣੀਆਂ ਤੇ ੩੦੦ ਮਜ਼੍ਹਬੀ ਸਿਖਾਂ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ ।

ਪਸ਼ੌਰ ਤੋਂ ਇਹ ਜਥਾ ਰਾਵਲ ਪਿੰਡੀ ਪੁਜਾ ਜਿਥੇ ਕਿ ਅਗੇ ਹੀ ਨੀਵੀਆਂ ਜ਼ਾਤਾਂ ਦੇ ਪ੍ਰਾਣੀ ਅੰਮ੍ਰਿਤ ਪਾਨ ਕਰਨ ਲਈ ਉਤਾਵਲੇ ਸਨ । ਇਥੇ ੨੫੦ ਪ੍ਰਾਣੀਆਂ ਨੂੰ ਅੰਮ੍ਰਤ ਛਕਾਇਆ ਗਿਆ । ਫੇਰ ਇਸ ਜਥੇ ਨੇ ਚਕ ਨੰ: ੨੦ ਜ਼ਿਲਾ ਸ੍ਰਗੋਧਾ ਵਿਚ ਪੁਜਕੇ ੯੦ ਪ੍ਰਾਣੀਆਂ ਨੂੰ ਅੰਮ੍ਰਤ ਛਕਾਇਆ ਇਸ ਜਥੇ ਦੇ ਉਤਸਾਹ ਨਾਲ ਇਥੇ ਇਕ ਪਾਠਸ਼ਾਲਾ ਅਰੰਭ ਹੋ ਗਈ ।

ਇਥੋਂ ਇਹ ਅੰਮ੍ਰਤ ਪ੍ਰਚਾਰ ਕਰਨ ਵਾਲਾ ਜਥਾ ਚਕ ਨੰ: ੨੮ ਜ਼ਿਲਾ ਲਾਇਲਪੁਰ ਵਿਚ ਪੁਜਾ । ਸੂਬੇਦਾਰ ਹਾਕਮ ਸਿੰਘ, ਬਾਬੂ ਸੁੰਦਰ ਸਿੰਘ ਤੇ ਜਮਾਦਾਰ ਜਵਾਲਾ ਸਿੰਘ ਦੇ ਪ੍ਰਵਾਰਾਂ ਨੇ ਅੰਮ੍ਰਤ ਪਾਨ ਕਰ ਲਿਆ । ਪਿੰਡ ਦੇ ਹੋਰ ਸਾਰਿਆਂ ਨੇ ਇਹ ਸ਼ਰਤ ਲਾਈ ਕਿ ਜੇਕਰ ਅੰਮ੍ਰਤ ਪਾਨ ਕਰਕੇ ਮਜ਼੍ਹਬੀ ਸਿਖਾਂ ਨੂੰ ਤੰਦੂਰ, ਹੋਟਲਾਂ ਤੇ ਸੰਗਤ ਪੰਗਤ ਵਿਚ ਮਨਾਹੀ ਨਾ ਹੋਵੇ ਤਦ ਉਹ ਸਾਰੇ ਅੰਮ੍ਰਤ ਪਾਨ ਕਰਨ ਲਈ ਤਿਆਰ ਹਨ । ਕਿਉਂਕਿ ਉਨ੍ਹਾਂ ਵਿਚੋਂ ਕੁਝ ਸੱਜਣ ਕੁਝ ਦਿਨ ਪਹਿਲੇ

ਲਾਇਲਪੁਰ ਗਏ ਸਨ ਤੇ ਤੰਦੂਰ ਤੇ ਕੇਵਲ ਬੈਠਣ ਦੇ ਦੋਸ਼ ਵਿਚ ਸਾਰੇ ਤੰਦੂਰ ਦੇ ਭਾਂਡਿਆਂ ਦਾ ਮੁਲ ਤਾਰਕੇ ਆਏ ਸਨ ਕਿ ਭਾਂਡੇ ਭਿਟ ਗਏ ਹਨ। ਇਸ ਜਥੇ ਨੇ ਇਸ ਸ਼ਰਤ ਨੂੰ ਮੰਨ ਲਿਆ।

ਜਦੋਂ ਇਹ ਸੱਜਣ ਸੂਬੇਦਾਰ ਹਾਕਮ ਸਿੰਘ ਨੂੰ ਹੋਟਲ ਤੇ ਲੈਕੇ ਗਏ, ਹੋਟਲ ਵਾਲੇ ਡਾਂਗਾਂ ਚੁਕਕੇ ਖੜੇ ਹੋ ਗਏ ਕਿ ਅਸਾਂ ਇਨ੍ਹਾਂ ਅਛੂਤਾਂ ਨੂੰ ਅੰਦਰ ਨਹੀਂ ਆਣ ਦੇਣਾ। ਇਹ ਝਗੜਾ ਹੁੰਦਾ ਹੀ ਸੀ ਕਿ ਲਾਇਲਪੁਰ ਦੇ ਰਈਸ ਤੇ ਮਿਉਂਸਪਲ ਕਮਿਸ਼ਨਰ ਸ: ਹਰਚਰਨ ਸਿੰਘ ਜੀ ਉਥੇ ਪੁਜ ਗਏ ਉਨ੍ਹਾਂ ਹੋਟਲ ਵਾਲੇ ਨੂੰ ਝਾੜ ਝਪਾੜ ਪਾਈ ਤੇ ਆਪ ਮਜ਼੍ਹਬੀ ਸਿੰਘਾਂ ਨੂੰ ਨਾਲ ਲੈਕੇ ਹੋਟਲ ਵਿਚ ਬੈਠ ਗਏ ਤੇ ਆਪ ਉਨ੍ਹਾਂ ਨਾਲ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿਤਾ ਇਸ ਦਾ ਅਸਰ ਮਜ਼੍ਹਬੀ ਸਿੰਘਾਂ ਦੇ ਸਾਰੇ ਪਿੰਡ ਤੇ ਪੈ ਗਿਆ ਤੇ ਪਿੰਡ ਦੇ ੧੫੦੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰ ਲਿਆ।

ਇਥੋਂ ਇਹ ਪ੍ਰਚਾਰਕ ਜਥਾ ਗੋਬਿੰਦਗੜ੍ਹ ਜ਼ਿਲਾ ਸ਼ੇਖੂਪੁਰੇ ਪੁਜਾ ਜਿਥੇ ੩੦੦ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ। ਢਾਬਾ ਕਲਾਂ ਦੇ ਛੇ ਪਿੰਡਾਂ ਦੇ ਮਜ਼੍ਹਬੀ ਸਿੰਘਾਂ ਦਾ ਇਕਠ ਹੋਇਆ ਤੇ ਉਨ੍ਹਾਂ ਸਾਰਿਆਂ ਨੇ ਖਾਲਸਾ ਬ੍ਰਾਦਰੀ ਵਿਚ ਸ਼ਾਮਲ ਹੋਣ ਦਾ ਫੈਸਲਾ ਕਰਕੇ ਅੰਮ੍ਰਿਤ ਪਾਨ ਕਰ ਲਿਆ।

ਰੋਟੀ ਦੀ ਸਾਂਝ ਉਪ੍ਰੰਤ ਪੰਥ ਵਿਚ ਏਟੀ ਦੇ ਰਿਸ਼ਤੇ ਭੀ ਇਕੇ ਦੁਕੇ ਅਰੰਭ ਹੋਏ। ਪਰ ਜ਼ਾਤ ਅਭਿਮਾਨੀਆਂ ਵਲੋਂ ਇਸ ਸਬੰਧ ਵਿਚ ਬਹੁਤ ਝਗੜੇ ਖੜੇ ਕੀਤੇ ਜਾਂਦੇ ਰਹੇ।

ਇਸੀ ਸਾਲ ਖਾਲਸਾ ਬ੍ਰਾਦਰੀ ਦੇ ਪ੍ਰਚਾਰਕ ਜਥੇ ਨੇ ਤਸੀਲ ਜੜ੍ਹਾਂਵਾਲੇ ਵਿਚੋਂ ੧੦੦੦ ਰਾਮਦਾਸੀਆ ਮਜ਼੍ਹਬੀ ਸਿਖਾਂ ਨੂੰ ਅੰਮ੍ਰਿਤ ਪਾਨ ਕਰਾਇਆ ਖਾਲਸਾ ਬ੍ਰਾਦਰੀ ਵਲੋਂ ਪ੍ਰਚਾਰ ਦੇ ਕੰਮ ਨੂੰ ਤੇਜ਼ ਕਰਨ ਲਈ ਅਖਬਾਰ ਬੀਰ ਹਫਤੇ ਵਾਰ ੧੯੦੯ ਵਿਚ ਜਾਰੀ ਕੀਤਾ ਗਿਆ ਤੇ ੧੯੧੨ ਵਿਚ ਰੋਜ਼ਾਨਾ ਕਰ ਦਿਤਾ ਗਿਆ।

ਸੰਨ ੧੯੧੩ ਈ: ਵਿਚ ਸਿਧਮ ਜਿਲਾ ਲਾਹੌਰ ਵਿਚ ਪਛੂੜੀਆਂ ਸ੍ਰੇਣੀਆਂ ਦਾ ਭਾਰੀ ਦੀਵਾਨ ਹੋਇਆ। ਖਾਲਸਾ ਬ੍ਰਾਦਰੀ ਵਲੋਂ ਭਾ: ਮਹਿਤਾਬ ਸਿੰਘ ਜੀ ਬੀਰ ਪੁਜੇ। ਇਥੇ ਜ਼ਿਮੀਦਾਰ ਸਿੰਘਾਂ ਨੇ ਪ੍ਰਣ ਕੀਤਾ ਕਿ ਜੇਕਰ ਪਛੂੜੀਆਂ ਸ੍ਰੇਣੀਆਂ ਵਾਲੇ ਅੰਮ੍ਰਿਤ ਪਾਨ ਕਰਕੇ ਆਪਣੀਆਂ ਪਿਛਲੀਆਂ ਬ੍ਰਾਦਰੀਆਂ ਨਾਲ ਨਾ ਵਰਤਣ ਤਦ ਉਹ ਇਨ੍ਹਾਂ ਨਾਲ ਅਭੇਦ ਵਰਤਣ ਨੂੰ ਤਿਆਰ ਹਨ। ਇਸ ਦਾ ਅਸਰ ਇਹ ਹੋਇਆ ਕਿ ਉਥੇ ੩੦੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰ ਲਿਆ।

ਇਸੀ ਤਰ੍ਹਾਂ ਖਾਲਸਾ ਬ੍ਰਾਦਰੀ ਵਲੋਂ ਜਥੇ ਸਭ ਇਲਾਕਿਆਂ ਵਿਚ ਜਾਂਦੇ ਰਹੇ। ਧਨ ਜਿਲਾ ਲਾਹੌਰ ਪੁਜ ਕੇ ੧੨੦ ਪ੍ਰਾਣੀ ਨੂੰ ਅੰਮ੍ਰਿਤ ਛਕਾਇਆ। ਸੁਰ ਸਿੰਘ ਜਿਲਾ ਅੰਮ੍ਰਿਤਸਰ ੨੫੦ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਇਸ ਤਰ੍ਹਾਂ ਮਾਝੇ ਦੇ ਇਲਾਕੇ ਵਿਚ ਪ੍ਰਚਾਰ ਦਾ ਅਰੰਭ ਹੋਗਿਆ। ਕੁਝ ਪ੍ਰੇਮੀਆਂ ਨੇ ਸੈਂਟ੍ਰਲ ਖਾਲਸਾ ਦੀਵਾਨ ਦੇ ਨਾਮ ਹੇਠ ਖਾਲਸਾ ਬ੍ਰਾਦਰੀ ਦੇ ਚਲਾਏ ਕੰਮ ਨੂੰ ਸਾਂਭ ਲਿਆ।

ਇਸੀ ਤਰ੍ਹਾਂ ਖਾਲਸਾ ਬ੍ਰਾਦਰੀ ਵਲੋਂ ਅੰਮ੍ਰਿਤ ਪ੍ਰਚਾਰ

ਲਈ ਜਥੇ ਮੰਡੀ, ਸਕੇਤ ਤੇ ਮਾਲਵਾ ਆਦਿ ਨੂੰ ਭੇਜੇ ਗਏ ਜਿਥੇ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਗਿਆ।

## ਸ੍ਰੀ ਅਕਾਲ ਤਖਤ ਤੇ ਕਬਜ਼ਾ

ਖਾਲਸਾ ਬ੍ਰਾਦਰੀ ਦੇ ਹਮੈਤੀ ਤੇ ਮੈਂਬਰਾਂ ਨੂੰ ਇਹ ਗਲ ਬੜੀ ਚੁਭਦੀ ਸੀ ਕਿ ਸਿਖਾਂ ਦੇ ਸ਼੍ਰੋਮਣੀ ਗੁਰਦੁਆਰੇ ਸ੍ਰੀ ਅਕਾਲ ਤਖਤ ਤੇ ਸ੍ਰੀ ਦਰਬਾਰ ਸਾਹਿਬ ਵਿਚ ਭੀ ਛੂਤ ਛਾਤ ਜ਼ੋਰਾਂ ਤੇ ਹੈ, ਪਿਛੇ ਰਹੀਆਂ ਸ਼੍ਰੇਣੀਆਂ ਦੇ ਸਿੰਘਾਂ ਨੂੰ ਅੰਮ੍ਰਿਤ ਵੇਲੇ ਦਰਸ਼ਣ ਕਰਨ ਦੀ ਸਖਤ ਮਨਾਹੀ ਸੀ ਕਿਉਂਕਿ ਸਵੇਰ ਤੇ ਸ਼ਾਮ ਵੇਲੇ ਉਚੀਆਂ ਜਾਤਾਂ ਵਾਲੇ ਇਥੇ ਪੁਜਦੇ ਸਨ ਜਿਨ੍ਹਾਂ ਦੇ ਭਿਟੇ ਜਾਣ ਦਾ ਡਰ ਸੀ। ਸੋ ਅਛੂਤਾਂ ਵਿਚੋਂ ਸਜੇ ਸਿੰਘ ਕੇਵਲ ਦੁਪਹਰੇ ਹੀ ਦਰਸ਼ਨਾਂ ਲਈ ਜਾ ਸਕਦੇ ਸਨ ਅਤੇ ਉਸ ਸਮੇਂ ਭੀ ਉਨ੍ਹਾਂ ਦੀ ਦੇਗ ਪ੍ਰਵਾਨ ਨਹੀਂ ਕੀਤੀ ਜਾਂਦੀ ਸੀ।

ਸੋ ਇਸ ਬੰਦਸ਼ ਦਾ ਖਾਤਮਾ ਕਰਨ ਲਈ ਖਾਲਸਾ ਬ੍ਰਾਦਰੀ ਵਲੋਂ ੧੨ ਅਕਤੂਬਰ ੧੯੨੦ ਨੂੰ ਜਲਿਆਂ ਵਾਲਾ ਬਾਗ਼ ਅੰਮ੍ਰਿਤਸਰ ਵਿਚ ਇਕ ਭਾਰੀ ਕਾਨਫ੍ਰੰਸ ਕਰਨ ਦਾ ਐਲਾਨ ਕੀਤਾ ਕੀਤਾ ਗਿਆ ਪਹਿਲੇ ਦਿਨ ਦੇ ਦੀਵਾਨ ਵਿਚ ਸਿਵਾਏ ਖਾਲਸਾ ਬ੍ਰਾਦਰੀ ਦੇ ਸਾਂਝੀਵਾਲਾਂ ਦੇ ਹੋਰ ਕੋਈ ਨਾਂ ਪੁਜਾ ਸ਼ਹਿਰ ਦੇ ਹਿੰਦੂ ਡਰਦੇ ਹਰ ਹਰ ਕਰਦੇ ਜਲਿਆਂ ਵਾਲੇ ਬਾਗ ਦੇ ਲਾਗਿਉਂ ਭੀ ਨਹੀਂ ਲੰਘਦੇ ਸਨ, ਲੰਗਰ ਵਾਸਤੇ ਬਰਤਣ ਦੇਣ ਦਾ ਇਕਰਾਰ ਕਰਕੇ ਭੀ ਮੌਕੇ ਸਿਰ ਇਨ੍ਹਾਂ ਨੇ ਭਾਂਡੇ ਦੇਣ ਤੋਂ ਇਨਕਾਰ ਕਰ ਦਿਤਾ ਰਾਤ ਨੂੰ ਇਨ੍ਹਾਂ ਜ਼ਾਤ ਅਭਿਮਾਨੀਆਂ ਨੇ ਚਾਨਣੀਆਂ ਨੂੰ ਸਾੜਨ ਤੇ ਗੈਸਾਂ ਨੂੰ ਤੋੜਨ

ਦਾ ਜਤਨ ਕੀਤਾ। ਪਰ ਸੇਵਾਦਾਰਾਂ ਦੇ ਚੇਤੰਨ ਹੋ ਜਾਣ ਕਾਰਨ ਬਚਾ ਹੋ ਗਿਆ।

ਐਤਵਾਰ ਸਵੇਰੇ ਚੀਫ ਖਾਲਸਾ ਦੀਵਾਨ ਦੇ ਰਾਗੀ ਨਾ ਪੁਜਨ ਕਰਕੇ ਨੀਵੀਂ ਗਲੀ ਦੇ ਸਿੰਘਾਂ ਦੇ ਜਥੇ ਨੇ ਆਸਾ ਦੀ ਵਾਰ ਦਾ ਦੀਵਾਨ ਸਜਾਇਆ ਸੰਗਤ ਭਾਵੇਂ ਥੋੜੀ ਸੀ ਪਰ ਫੇਰ ਵੀ ਖਾਲਸਾ ਬ੍ਰਾਦਰੀ ਦੇ ਸਾਂਝੀ ਵਾਲ ਅਪਨੇ ਕੰਮ ਨੂੰ ਨਿਭਾ ਰਹੇ ਹਨ। ਭਾ: ਮਤਾਬ ਸਿੰਘ 'ਬੀਰ' ਨੇ ਖੜੇ ਹੋਕੇ ਕਿਹਾ ਖਾਲਸਾ ਜੀ ਇਹ ਓਹ ਜਲਿਆਂ ਵਾਲਾ ਬਾਗ ਹੈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕੀ ਅਪਨੇ ਹਕਾਂ ਦੀ ਖਾਤਰ ਇਕੱਠੇ ਹੁੰਦੇ ਰਹੇ ਹਨ। ਖਾਲਸਾ ਬਰਾਦਰੀ ਨੇ ਉਨ੍ਹਾਂ ਦੀ ਪਰਖ ਵਾਸਤੇ ਹੀ ਇਹ ਦੀਵਾਨ ਕੀਤਾ ਹੈ। ਦੇਖੀਏ ਇਹ ਲੋਕੀ ਆਪਣੇ ਦੇਸ ਦੇ ਅਪਨੇ ਭਾਈਆਂ ਨੂੰ ਹੱਕ ਦੇਣ ਵਾਸਤੇ ਭੀ ਤਿਆਰ ਹਨ। ਸੋ ਹੱਕ ਤਾਂ ਇਕ ਪਾਸੇ ਰਹੇ ਅਜ ਲੰਗਰ ਵਾਸਤੇ ਮੰਗਵੇਂ ਬਰਤਨ ਭੀ ਦੇਨੇ ਕਰਕੇ ਨਹੀਂ ਦਿਤੇ ਜਾਂਦੇ। ਅਸੀਂ ਦੇਖਣਾ ਹੈ ਕਿ ਖਾਲਸੇ ਦਾ ਸਾਡੇ ਨਾਲ ਕਿਨਾਂ ਕੁ ਪਿਆਰ ਹੈ। ਨੀਵੀਂ ਗਲੀ ਦੇ ਪ੍ਰੇਮੀ ਸਿੰਘਾਂ ਨੇ ਏਹ ਸੁਣ ਕੇ ਝੱਟ ਲੰਗਰ ਵਾਸਤੇ ਬਰਤਨ ਭੇਜ ਦਿਤੇ। ਸ੍ਰੀ ਮਾਨ ਭਾਈ ਢੇਰਾ ਸਿੰਘ ਜੀ ਜਥੇਦਾਰ ਨੇ ਝੱਟ ਲੰਗਰ ਦੇ ਸੇਵਾਦਾਰਾਂ ਨੂੰ ਲੰਗਰ ਤਿਆਰ ਕਰਨ ਦਾ ਹੁਕਮ ਦੇ ਦਿਤਾ। ਬਾਰਾਂ ਵਜੇ ਸੰਗਤਾਂ ਦੀਆਂ ਪੰਗਤਾਂ ਬਣਾਈਆਂ ਗਈਆਂ, ਪ੍ਰਸਾਦੇ ਛਕਾ ਕੇ ਫੇਰ ਦੀਵਾਨ ਸਜਾ ਦਿਤਾ ਗਿਆ, ਇਸ ਵੇਲੇ ਤਕ ਖਾਲਸਾ ਬ੍ਰਾਦਰੀ ਦੇ ਹੋਰ ਮੁਖੀ ਸਜਨ ਮਾਝੇ ਦੇ ਵੀ ਪੁਜ ਗਏ ਸਨ ਤੇ ਸਕੱਤ੍ਰ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ, ਸ: ਮੰਗਲ

ਸਿੰਘ ਰਈਸ ਕੋਟ ਸ਼ੇਰਾ, ਸ: ਮਾਨ ਸਿੰਘ ਜੀ ਵਕੀਲ ਅੰਬਾਲਾ ਤੇ ਚੀਫ ਖਾਲਸਾ ਦੀਵਾਨ ਦੇ ਸਾਰੇ ਮੈਂਬਰਾਂ ਨੇ ਭੀ ਅਪਨੀ ਕਮੇਟੀ ਵਿਚੇ ਹੀ ਛਡ ਕੇ ਆ ਦਰਸ਼ਨ ਦਿਤੇ, ਖਾਲਸਾ ਕਾਲਜ ਦੇ ਪ੍ਰਿੰਸੀਪਲ ਨੇ ਵੀ ਦੀਵਾਨ ਤੇ ਪੁਜਨ ਵਾਸਤੇ ਕਾਲਜ ਬੰਦ ਕਰ ਦਿਤਾ ਤੇ ਸ੍ਰੀ ਮਾਨ ਬਾਵਾ ਹਰਕਿਸ਼ਨ ਸਿੰਘ ਜੀ ਪ੍ਰੋਫੈਸਰ ਤੇ ਮਾਸਟਰ ਨਰੈਣ ਸਿੰਘ ਜੀ ਸਮੇਤ ਲੜਕਿਆਂ ਦੇ ਭਾਰੇ ਜਥੇ ਦੇ ਆ ਗਏ। ਸ਼ਹਿਰ ਦੇ ਹਿੰਦੂ, ਮੁਸਲਮਾਨ, ਸਿੰਘ ਭੀ ਏਹਨਾਂ ਵਲ ਦੇਖਕੇ ਦੀਵਾਨ ਵਿਚ ਪੁਜ ਗਏ। ਸ੍ਰੀ ਮਾਨ ਸ: ਮਾਨ ਸਿੰਘ ਜੀ ਵਕੀਲ ਅੰਬਾਲਾ ਨੇ ਚੀਫ ਖਾਲਸਾ ਦੀਵਾਨ ਵਲੋਂ ਖੜੇ ਹੋ ਕੇ ਲੈਕਚਰ ਦਿਤਾ ਕਿ ਅਸੀਂ ਅਪਨੇ ਰੈਹਤੀਏ ਰਵਦਾਸੀਏ ਮਜ਼੍ਹਬੀ ਵੀਰਾਂ ਨੂੰ ਭਾਈ ਸਮਝਦੇ ਹਾਂ ਪਰ ਕਈ ਵੀਰ ਥੋੜੀਆਂ ਥੋੜੀਆਂ ਗਲਾਂ ਤੋਂ ਟੁਟਕੇ ਦੂਜੇ ਮਜ਼ਬਾਂ ਵਿਚ ਜਾਨ ਦੀਆਂ ਧਮਕੀਆਂ ਦੇਨ ਲਗ ਜਾਂਦੇ ਹਨ। ਓਹਨਾਂ ਨੂੰ ਚਾਹੀਦਾ ਹੈ ਕਿ ਅਪਨੇ ਧਰਮ ਵਿਚ ਪਕੇ ਰਹਿਨ ਕੋਈ ਦਿਨ ਆਵੇਗਾ ਜਦ ਓਹਨਾਂ ਦੀਆਂ ਸਭ ਦਿਕਤਾਂ ਦੂਰ ਹੋ ਜਾਣਗੀਆਂ। ਖਾਲਸਾ ਬ੍ਰਾਦਰੀ ਵਲੋਂ ਬੀਰ ਜੀ ਨੇ ਬੇਨਤੀ ਕੀਤੀ ਕਿ ਸਾਨੂੰ ਹਿੰਦੂ ਪਰੇ ਪਰੇ ਦੁਰਕਾਰਨ, ਪ੍ਰਵਾਹ ਨਹੀਂ ! ਮੁਸਲਮਾਨ ਧਕੇ ਮਾਰਨ, ਡਰ ਨਹੀਂ ! ਈਸਾਈ ਨੇੜੇ ਨਾ ਢੁਕਨ ਦੇਨ ਕੋਈ ਦੁਖ ਨਹੀਂ, ਦੁਖ ਓਦੋਂ ਹੁੰਦਾ ਹੈ ਜਦ ਗੁਰਮਤ ਦਾ ਜਾਣੂ, ਸਿੰਘ ਸਭਾ ਦਾ ਮੁਖੀਆ ਭਰੇ ਦੀਵਾਨ ਵਿਚੋਂ ਉਠਾਲ ਦਿੰਦਾ ਹੈ ਕਿ ਅਸੀਂ ਕਮਜ਼ੋਰ ਹਾਂ ਨਾਲੇ ਅਜੇ ਵੇਲਾ ਭੀ ਨਹੀਂ ਆਇਆ। ਭਾਈ ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ, ਪੰਡਤ ਦੀਨਾ ਨਾਥ ਜੀ ਭਾਈ ਬਹਾਦਰ

ਸਿੰਘ ਜੀ ਹਕੀਮ ਤੇ ਹੋਰ ਬਹੁਤ ਸਾਰੇ ਪ੍ਰੇਮੀਆਂ ਦੇ ਲੈਕਚਰ ਹੋਏ ਕਿ ਦੁਨੀਆਂ ਵਿਚ ਨੀਚ ਕੋਈ ਨਹੀਂ। ਏਹ ਤਾਂ ਅਗੇ ਹੀ ਸਾਡੇ ਭਾਈ ਹਨ, ਇਹਨਾਂ ਤੋਂ ਨਫਰਤ ਕਰਨੀ ਅਪਨੇ ਅੰਗਾਂ ਨੂੰ ਕਟਣਾ ਹੈ। ਰਹਿਰਾਸ ਸਾਹਿਬ ਦਾ ਪਾਠ ਹੋਕੇ ਦੀਵਾਨ ਦੀ ਸਮਾਪਤੀ ਹੋਈ।

ਰਾਤ ਨੂੰ ਖਾਲਸਾ ਬਰਾਦਰੀ ਦੇ ਮੁਖੀ ਪੁਰਸ਼ਾਂ ਦੀ ਕਮੇਟੀ ਏਸ ਗਲ ਤੇ ਵਿਚਾਰ ਕਰਨ ਵਾਸਤੇ ਇਕੱਠੀ ਹੋਈ, ਕਿ ਸ੍ਰੀ ਦਰਬਾਰ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਲੈਕੇ ਜਾਣਾ ਚਾਹੀਦਾ ਹੈ ਜਾਂ ਨਹੀਂ, ਬਹੁਤ ਸਾਰੀ ਵਿਚਾਰ ਦੇ ਬਾਦ ਏਹ ਫੈਸਲਾ ਹੋਇਆ ਕਿ ਭਾਵੇਂ ਪੁਜਾਰੀ ਅਰਦਾਸ ਨਾ ਵੀ ਕਰਨ ਤਾਂ ਵੀ ਸ੍ਰੀ ਦਰਬਾਰ ਸਾਹਿਬ ਯਾਤਰਾਂ ਵਾਸਤੇ ਜ਼ਰੂਰ ਹੀ ਜਾਣਾ ਚਾਹੀਦਾ ਹੈ ਪੰਚ ਇਤ ਦੇ ਸਿੰਘਾਂ ਵਿਚੋਂ ਚੌਂਹ ਸਿੰਘਾਂ ਨੇ ਨਿਯਮ ਭੀ ਕਰ ਲਿਆ ਸੀ ਕਿ ਜੇ ਅਜ ਪੁਜਾਰੀਆਂ ਨੇ ਸਾਡੀ ਅਰਦਾਸ ਨਾ ਕੀਤੀ ਜਾਂ ਜਥੇ ਨੂੰ ਦਸ ਵਜੇ ਤੋਂ ਪੈਹਲੇ ਰੋਕਿਆ ਤਾਂ ਅਸੀ ਪੁਜਾਰੀਆਂ ਨੂੰ ਨਾਲ ਲੈਕੇ ਕਲਗੀਧਰ ਦੇ ਦਰਬਾਰ ਵਿਚ ਛੇਤੀ ਪੁਜਾਂਗੇ।

੧੨ ਤਰੀਕ ਨੂੰ ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਚੀਫ ਖਾਲਸਾ ਦੀਵਾਨ ਦੇ ਰਾਗੀ ਜਥੇ ਨੇ ਕੀਤਾ ਤੇ ਕਥਾ ਭਾਈ ਬੁਧ ਸਿੰਘ ਜੀ ਉਪਦੇਸ਼ਕ ਨੇ ਕੀਤੀ। ਏਨੇ ਚਿਰ ਨੂੰ ਭਾਈ ਢੇਰਾ ਸਿੰਘ ਜੀ ਜਥਦਾਰ ਅਪਨੇ ਜਥੇ ਨੂੰ ਲੈਕੇ ਯਾਤਰਾ ਵਾਸਤੇ ਆਗਏ। ਦੀਵਾਨ ਵਿਚ ਅਰਦਾਸ ਸੋਧਕੇ ਜਥਾ ਯਾਤਰਾ ਵਾਸਤੇ ਤੁਰ ਪਿਆ, ਘੰਟੇ ਘਰ ਪੁਜਨ ਤਕ ਸੰਗਤਾਂ ਹਜਾਰਾਂ ਦੀ ਗਿਣਤੀ ਵਿਚ ਹੋ ਗਈਆਂ।

ਖਾਲਸਾ ਕਾਲਜ ਦਾ ਜਥਾ ਭੀ ਪੁਜ ਪਿਆ। ਜਥਾ ਜਲਿਆਂ ਵਾਲੇ ਬਾਗ ਤੋਂ ਸ਼ਬਦ ਪੜ੍ਹਦਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਿਆ। ਸ੍ਰੀ ਦਰਬਾਰ ਸਾਹਿਬ ਜਥੇ ਦੇ ਪੁਜਨ ਤੋਂ ਪੈਹਲੇ ਸੰਗਤਾਂ ਸੈਂਕੜਿਆਂ ਦੀ ਗਿਣਤੀ ਵਿਚ ਅਗੇ ਹੀ ਪੁਜ ਗਈਆਂ ਸਨ। ਜਥਾ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਮਹਾਰਾਜ ਜੀ ਦੀ ਤਾਬਿਆ ਜਾ ਬੈਠਾ, ਸ੍ਰੀ ਮਾਨ ਸ: ਹਰ ਕਿਸ਼ਨ ਸਿੰਘ ਜੀ ਨੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਖਾਲਸਾ ਬਰਾਦਰੀ ਦਾ ਜਥਾ ਕੜਾਹ ਪ੍ਰਸਾਦ ਦੀ ਦੇਗ ਲੈਕੇ ਹਾਜਰ ਹੁੰਦਾ ਹੈ ਆਪ ਅਰਦਾਸਾ ਕਰਕੇ ਕੜਾਹ ਪ੍ਰਸਾਦ ਵਰਤਾਓ, ਪੁਜਾਰੀਆਂ ਨੇ ਉਤਰ ਦਿਤਾ ਕਿ ਅਗੇ ਕਦੇ ਇਨ੍ਹਾਂ ਦੀ ਅਰਦਾਸ ਨਹੀਂ ਹੋਈ। ਤਿਨ ਵਾਰ ਬੇਨਤੀ ਕੀਤੀ ਪਰ ਪੁਜਾਰੀਆਂ ਨੇ ਇਹੋ ਉਤਰ ਦਿਤਾ। ਹਾਰਕੇ ਗਿਆਨੀ ਗੁਰਨਾਮ ਸਿੰਘ ਨੇ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧਕੇ ਜੈਕਾਰਾ ਗਜਾਇਆ ਤੇ ਕੜਾਹ ਪ੍ਰਸ਼ਾਦ ਵਰਤਾਨਾ ਸ਼ੁਰੂ ਕੀਤਾ । ਭਾਈ ਕਰਤਾਰ ਸਿੰਘ ਜੀ ਝਬਰ, ਭਾਈ ਤੇਜਾ ਸਿੰਘ ਜੀ ਭੁਚਰ ਜੋ ਕਿਸੇ ਦੀਵਾਨ ਤੋਂ ਆਏ ਸਨ। ਬਜ਼ਾਰ ਵਿਚ ਏਹ ਸੁਣਕੇ ਕਿ ਖਾਲਸਾ ਬਰਾਦਰੀ ਦਾ ਜਥਾ ਸ੍ਰੀ ਦਰਬਾਰ ਸਾਹਿਬ ਗਿਆ ਹੈ ਝਟ ਪੁਜੇ ਤੇ ਏਹਨਾਂ ਨੇ ਕਿਹਾ ਠੈਹਰੋ ਸਾਨੂੰ ਪੁਜਾਰੀਆਂ ਨਾਲ ਦੋ ਗਲਾਂ ਕਰ ਲੈਣ ਦਿਓ। ਭਾਈ ਤੇਜਾ ਸਿੰਘ ਚੂਹੜ ਕਾਨਾ ਨੇ ਸੰਗਤਾਂ ਨੂੰ ਬੈਠਨ ਵਾਸਤੇ ਕਿਹਾ ਤੇ ਸਬਦ ਪੜ੍ਹਿਆ । ਇਸ ਤੋਂ ਬਾਦ ਭਾਈ ਕਰਤਾਰ ਸਿੰਘ ਝਬਰ ਨੇ ਜ਼ੋਰਦਾਰ ਤਕਰੀਰ ਕੀਤੀ ਤੇ ਪੁਜਾਰੀਆਂ ਨੂੰ ਕਿਹਾ ਗਿਆ ਕਿ ਜਦ ਤੁਹਾਡਾ ਕੰਮ ਹੈ ਸੰਗਤਾਂ

ਦੇ ਪ੍ਰਸਾਦ ਦਾ ਅਰਦਾਸਾ ਕਰਨਾ ਤੇ ਉਸ ਨੂੰ ਵਰਤਾਉਣਾ ਤਾਂ ਤੁਸੀਂ ਕਿਉਂ ਨਹੀਂ ਵਰਤਾਉਂਦੇ। ਓਹਨਾਂ ਨੇ ਕਿਹਾ ਕਿ ਅਰਦਾਸਾ ਹੋ ਚੁਕਾ ਹੈ। ਪੁਜਾਰੀਆਂ ਦੇ ਇਹ ਇਤਰਾਜ ਕਰਨ ਤੇ ਕੜਾਹ ਪ੍ਰਸਾਦ ਦੀ ਝਟ ਹੋਰ ਦੇਗ ਲਿਆਂਦੀ ਗਈ ਤੇ ਫੇਰ ਬੇਨਤੀ ਕੀਤੀ, ਪੁਜਾਰੀਆਂ ਨੇ ਕਿਹਾ ਕਿ ਗ੍ਰੰਥੀ ਸਾਹਿਬ ਸਾਨੂੰ ਹੁਕਮ ਦੇਣ ਤਾਂ ਅਸੀਂ ਅਰਦਾਸਾ ਕਰਕੇ ਵਰਤਾ ਦੇਂਦੇ ਹਾਂ।

ਗਰੰਥੀ ਗੁਰਬਚਨ ਸਿੰਘ-ਮੈਂ ਕੁਝ ਨਹੀਂ ਕਹਿ ਸਕਦਾ, ਜੋ ਸੰਗਤ ਦੀ ਮਰਜ਼ੀ।

ਸੰਗਤ—ਹਛਾ ਗੁਰੂ ਸਾਹਿਬ ਦਾ ਵਾਕ ਲੀਤਾ ਜਾਏ ਜੋ ਹੁਕਮ ਹੋਵੇ ਉਸ ਤੇ ਅਮਲ ਕੀਤਾ ਜਾਏ।

ਅਰਦਾਸਾ ਸੋਧਕੇ ਮਹਾਰਾਜ ਜੀ ਦਾ ਵਾਕ ਲੀਤਾ ਗਿਆ ਤੇ ਏਹ ਹੁਕਮ ਆਇਆ:

ਸੋਰਠਿ ਮਹਲਾ ੩ ਦੁਤੁਕੀ

ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰੂ
ਕੀ ਸੇਵਾ ਲਾਇ॥ ਸਤਿਗੁਰ ਕੀ ਸੇਵਾ ਊਤਮ ਹੈ
ਭਾਈ ਰਾਮ ਨਾਮਿ ਚਿਤੁ ਲਾਇ॥ ੧॥

ਇਸ ਹੁਕਮ ਦੇ ਅਗੇ ਸਭ ਦੇ ਸਿਰ ਝੁਕ ਗਏ, ਪੁਜਾਰੀਆਂ ਨੇ ਅਰਦਾਸਾ ਕਰਕੇ ਮਹਾਰਾਜ ਨੂੰ ਭੋਗ ਲਵਾਇਆ ਭਾਈ ਕਰਤਾਰ ਸਿੰਘ ਝਬਰ ਦੇ ਕਹਿਣ ਤੇ ਪਹਿਲੇ ਗਰੰਥੀ ਤੇ ਫੇਰ ਪੁਜਾਰੀਆਂ ਨੂੰ ਕੜਾਹ ਪ੍ਰਸਾਦ ਛਕਾਇਆ ਗਿਆ ਤੇ ਪਿਛੋਂ ਸਭ ਸੰਗਤਾਂ ਨੇ ਗਫੇ ਲਾਏ। ਇਸ ਖੁਸ਼ੀ ਵਿਚ ੨੫) ਗਰੰਥੀ ਨੂੰ ਅਰਦਾਸ ਕਰਾਏ ਗਏ। ਏਥੋਂ ਜਥਾ ਸ੍ਰੀ ਅਕਾਲ ਤਖਤ ਸਾਹਿਬ ਪੁਜਾ ਤੇ ਓਥੋਂ ਦੇ ਸਾਰੇ ਪੁਜਾਰੀ ਦਰਬਾਰ

ਸਾਹਿਬ ਦੇ ਸਮਾਚਾਰ ਨੂੰ ਸੁਣ ਕੇ ਨਸ ਗਏ ਸਨ ਕਿ ਸਾਨੂੰ ਵੀ ਕੜਾਹ ਪ੍ਰਸਾਦ ਨਾ ਖਾਣਾ ਪਵੇ। ਦੀਵਾਨ ਸਜ ਗਿਆ, ਮਹਾਰਾਜ ਦੀ ਤਾਬਿਆ ਖਾਲਸਾ ਬਰਾਦਰੀ ਦੇ ਜਥੇਦਾਰ ਬਾਬੂ ਮਹਿੰਦਰ ਸਿੰਘ ਜੀ ਲਾਇਬ੍ਰੇਰੀਅਨ ਖਾ: ਕਾਲਜ ਬੈਠ ਗਏ।

ਏਹ ਦੇਖਕੇ ਭਾਈ ਕਰਤਾਰ ਸਿੰਘ ਜੀ, ਭਾਈ ਅਮਰ ਸਿੰਘ ਜੀ, ਚੰਦਾ ਸਿੰਘ ਤੇ ਡਾ: ਗੁਰਬਖਸ਼ ਸਿੰਘ ਜੀ ਦੇ ਲੈਕਚਰ ਹੋਏ, ਕਿ ਪੁਜਾਰੀ ਤਾਂ ਮਹਾਰਾਜ ਦੀ ਹਜ਼ੂਰੀ ਵਿਚੋਂ ਨਠ ਗਏ ਹਨ, ਇਸ ਲਈ ਓਹ ਤਨਖਾਹੀਏ ਹਨ। ਜਿੱਨਾਂ ਚਿਰ ਓਹ ਸੰਗਤ ਵਿਚ ਹਾਜ਼ਰ ਹੋਕੇ ਤਨਖਾਹ ਨਹੀਂ ਬਖਸ਼ਾਉਂਦੇ ਉਂਨਾ ਚਿਰ ਉਹ ਸ੍ਰੀ ਅਕਾਲ ਤਖਤ ਸਾਹਿਬ ਬੈਠ ਨਹੀਂ ਸਕਦੇ ਉਹਨਾਂ ਦੀ ਜਗ੍ਹਾ ੨੫ ਸਿੰਘਾਂ ਦਾ ਸੇਵਕ ਜਥਾ ਤਖਤ ਸਾਹਿਬ ਤੇ ਬਿਠਾਇਆ ਜਾਵੇ ਓਨਾਂ ਚਿਰ ਓਹ ਇਸ ਕਬਜੇ ਨੂੰ ਨਾ ਛਡਨ, ਜਿੱਨਾਂ ਚਿਰ ਪੁਜਾਰੀ ਸੰਗਤ ਵਿਚ ਮੁਆਫੀ ਨਾ ਮੰਗਣ। ਸੰਗਤ ਵਿਚੋਂ ਜਦ ਕੋਈ ਸਿੰਘ ਇਸ ਸੇਵਾ ਵਾਸਤੇ ਉਠਦਾ ਨਾ ਦੇਖਿਆ, ਤਾਂ ਖਾਲਸਾ ਬਰਾਦਰੀ ਨੇ ਝਟ ਅਪਨੇ ੧੭ ਸਾਂਝੀ ਵਾਲਾਂ ਨੂੰ ਹੁਕਮ ਦਿਤਾ ਕਿ ਤੁਸੀਂ ਏਸ ਸੇਵਾ ਵਾਸਤੇ ਡਟ ਜਾਓ ਤੁਹਾਡੇ ਬਾਲ ਬਚੇ ਆਦ ਦਾ ਸਾਰਾ ਪਰਬੰਧ ਖਾਲਸਾ ਬਰਾਦਰੀ ਆਪ ਕਰੇਗੀ। ਭਾਈ ਮੰਗਾਰਾ ਸਿੰਘ ਜੀ ਤੇ ਭਾਈ ਰਤਨ ਸਿੰਘ ਜੀ ਨੇ ਵੀ ਆਪਣੇ ਨਾਮ ਪੇਸ਼ ਕੀਤਾ। ਭਾਈ ਤੇਜਾ ਸਿੰਘ ਜੀ ਭੁਚਰ ਦੇ ਨਾਂਹ ਨੁਕਰ ਕਰਨ ਤੇ ਭੀ ਸੰਗਤ ਨੇ ਓਹਨਾਂ ਨੂੰ ਜਥੇਦਾਰ ਬਨਾ ਦਿਤਾ। ਭਾਈ ਢੇਰਾ ਸਿੰਘ ਜਥੇਦਾਰ ਅਜੀਤ ਅਕਾਲੀ ਜਥਾ ਦੇ ਸਪੁਰਦ ਏਹਨਾਂ ਸਿੰਘਾਂ ਦੇ ਲੰਗਰ ਦਾ ਪਰਬੰਧ ਕੀਤਾ ਗਿਆ, ਤੇ ਬੀਰ

ਜੀ ਦੀ ਦੁਕਾਨ ਤੇ ਭੁਜੇ ਹੋਏ ਬਦਾਮਾਂ(ਛੋਲਿਆਂ)ਦੀ ਬੋਰੀ ਰਖੀ ਗਈ ਜੋ ਆਏ ਗਏ ਸਿੰਘਾਂ ਨੂੰ ਦਿਤੇ ਜਾਂਦੇ ਸਨ, ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਚੂੜ੍ਹੇ ਚਮਾਰ ਚੜ੍ਹ ਗਏ, ਸ਼ੈਹਰ ਦੇ ਸਿਖ ਹਿੰਦੂ ਥਾਂ ਥਾਂ ਇਸ ਜਥੇ ਨੂੰ ਕਢਣ ਦੇ ਜਤਨ ਕਰਦੇ ਤੇ ਲੋਕਾਂ ਨੂੰ ਭੜਕਾਉਂਦ ਫਿਰਦੇ ਸਨ। ਏਹ ਖਬਰ ਇਕ-ਦਮ ਪਿੰਡਾਂ ਤੇ ਸ਼ੈਹਰਾਂ ਵਿਚ ਫੈਲ ਗਈ, ਪਰ ਉਸ ਵੇਲੇ ਦੇ ਦਾਨੇ ਡਿਪਟੀ ਕਮਿਸ਼ਨਰ ਨੇ ਸਾਡੇ ਇਸ ਕੰਮ ਵਿਚ ਲੋਕਾਂ ਦੇ ਕਹਿਣ ਤੇ ਵੀ ਦਖਲ ਨਹੀਂ ਦਿਤਾ, ਸਗੋਂ ੪ ਦਿਨ ਜਥਾ ਅਪਨੀ ਸੇਵਾ ਤੇ ਡਟਿਆ ਰਿਹਾ ਕਈ ਤਰ੍ਹਾਂ ਦੀਆਂ ਅਫਵਾਹਾਂ ਉਡਦੀਆਂ ਰਹੀਆਂ ਕਿ ਪਿੰਡਾਂ ਦੇ ਲੋਕੀ ਕਠੇ ਹੋਕੇ ਆ ਰਹੇ ਹਨ ਜੋ ਏਹਨਾਂ ਚੂੜ੍ਹਿਆਂ ਚਮਾਰਾਂ ਨੂੰ ਮਾਰ ਮਾਰ ਕੇ ਭਜਾ ਦੇਣਗੇ। ਕੋਈ ਕਹਿੰਦਾ ਸੀ, ਏਹ ਭੀ ਕੇਹੜੇ ਘਟ ਹਨ, ਕੋਈ ਕਹਿੰਦਾ ਸੀ ਭਾਈ ਜਦ ਸਰਕਾਰ ਹੀ ਦਖਲ ਨਹੀਂ ਦੇਂਦੀ ਤਾਂ ਕੀਹ ਬਣ ਸਕਦਾ ਹੈ। ਇਸ ਰੌਲੇ ਨੂੰ ਸੁਣਦੇ ਹੀ ਮਜ਼੍ਹਬੀਆਂ ਦੀਆਂ ੩੨ ਤੇ ੩੪ ੨੩ ਨੰਬ ਪਲਟਨਾਂ ਦੇ ਪੰਜ ਸਿੰਘ ਤੇ ਮਾਝੇ ਦੇ ਕਈ ਮਜ਼੍ਹਬੀਆਂ ਦੇ ਜਥੇਦਾਰ ਪੁਜੇ ਸਨ, ਕਿ ਤੁਸੀ, ਘਾਬਰਨਾ ਨਾ, ਜੇ ਮੌਕਾ ਹੋਇਆ ਤਾਂ ਅਸੀਂ ਹਜਾਰਾਂ ਦੀ ਗਿਨਤੀ ਵਿਚ ਅਪਨੇ ਸੇਵਕ ਜਥੇ ਦੀ ਮਦਦ ਵਾਸਤੇ ਪੁਜ ਪਵਾਂਗੇ। ੪ ਦਿਨ ੫੦ ਸਿੰਘ ਸ੍ਰੀ ਅੰਮ੍ਰਿਤਸਰ ਏਸੇ ਵਾਸਤੇ ਰਹੇ,੪ ਦਿਨ ਲੰਗਰ ਭਾਈ ਢੇਰਾ ਸਿੰਘ ਜੀ ਅਪਨੇ ਜਥੇ ਵਲੋਂ ਪੁਚਾਉਂਦੇ ਰਹੇ ਏਸੇ ਖੁਸ਼ੀ ਵਿਚ ਸ: ਕਰਤਾਰ ਸਿੰਘ ਝਬਰ, ਸ: ਤੇਜਾ ਸਿੰਘ ਚੂਹੜ ਕਾਨਾਂ, ਭਾ: ਚੰਦਾ ਸਿੰਘ ਜੀ ਨੂੰ ੧੨੫) ਤੇ ਕ੍ਰਿਪਾਨ ਸਿਰੋਪਾ ਵਜੋਂ

ਦਿਤੀਆਂ ਗਈਆਂ ਗਲ ਕੀ ੪ ਦਿਨ ਖਾਲਸਾ ਬਰਾਦਰੀ ਦੇ ਸੇਵਾਦਾਰ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ ਤੇ ਚੜ੍ਹਾਵਾ ਸਰਬਰਾਹ ਸ੍ਰਦਾਰ ਸੁੰਦਰ ਸਿੰਘ ਜੀ ਪਾਸ ਪੁਚਾਉਂਦੇ ਰਹੇ। ੪ ਦਿਨਾਂ ਦੇ ਬਾਦ ੧੫ ਤਰੀਕ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਦਾਰ ਸੁੰਦਰ ਸਿੰਘ ਸਰਬਰਾਹ ਦੀ ਰਾਹੀਂ ਅਕਾਲ ਤਖਤ ਦੇ ਪੁਜਾਰੀਆਂ ਤੇ ਓਥੋਂ ਦੀ ਸੰਗਤ ਵਲੋਂ ਸੇਵਾ ਤੇ ਨੀਯਤ ਕਰਨ ਲਈ ਸਿੰਘਾਂ ਨੂੰ ਸਦਿਆ, ਪੁਜਾਰੀ ਨਹੀਂ ਅਪੜੇ। ਸੰਗਤ ਦੇ ਆਦਮੀਆਂ ਨੂੰ ਡਿਪਟੀ ਕਮਿਸ਼ਨਰ ਸਾਹਿਬ ਬੜੀ ਮਿਲਨ ਸਾਰੀ ਨਾਲ ਮਿਲੇ ਤੇ ਕਿਹਾ ਅਸੀਂ ਤੁਹਾਨੂੰ ਦੇਖਕੇ ਬੜੇ ਖੁਸ਼ ਹੋਏ ਹਾਂ। ਸਾਰਾ ਬਿਰਤਾਂਤ ਸੁਣਕੇ ਡਿਪਟੀ ਕਮਿਸ਼ਨਰ ਸਾਹਿਬ ਨੇ ਹੇਠ ਲਿਖੇ ਸਿੰਘਾਂ ਦੀ ਕਮੇਟੀ ਨੂੰ ਮਨਜ਼ੂਰ ਕਰ ਲਿਆ—ਸਰਦਾਰ ਸੁੰਦਰ ਸਿੰਘ ਰਾਮਗੜੀਆ, ਭਾਈ ਕਰਤਾਰ ਸਿੰਘ ਝਬਰ ਭਾਈ ਬਹਾਦਰ ਸਿੰਘ ਹਕੀਮ, ਸਰਦਾਰ ਤੇਜਾ ਸਿੰਘ ਭੁਚਰ, ਦੋ ਨਿਹੰਗ, ਬਾਬਾ ਗੁਰਦਿਆਲ ਸਿੰਘ ਨਾਮਧਾਰੀ, ਸਰਦਾਰ ਸਰਮੁਖ ਸਿੰਘ ਝਬਾਲ, ਬਾਵਾ ਹਰਕਿਸ਼ਨ ਸਿੰਘ ਜੀ। ਸ਼ਾਮ ਨੂੰ ਅਕਾਲ ਤਖਤ ਸਾਹਿਬ ਦੇ ਸਾਮ੍ਹਨੇ ਦੀਵਾਨ ਵਿਚ ਏਹ ਕਾਰਰਵਾਈ ਸੁਨਾਈ ਗਈ। ਕਮੇਟੀ ਵਿਚ ਹੋਰ ਮੈਂਬਰ ਸ਼ਾਮਲ ਕਰਨ ਦੀ ਖਬਰ ਦਿਤੀ ਗਈ ਜੋ ਸਿਰੇ ਨਾ ਚੜ੍ਹੀ ਦੂਜੇ ਦਿਨ ਸ਼ਹਿਰ ਵਿਚ ਏਹ ਅਫ਼ਵਾਹ ਫੈਲ ਗਈ ਕਿ ਕੁਝ ਪੁਜਾਰੀ ਨਿਹੰਗ ਸਿੰਘਾਂ ਨੂੰ ਤੇ ਨਾਮਧਾਰੀਆਂ ਨੂੰ ਸਦ ਰਹੇ ਹਨ ਕਿ ਏਹਨਾਂ ਚੂੜ੍ਹਿਆਂ ਚਮਿਆਰਾਂ ਨੂੰ ਅਕਾਲ ਤਖਤ ਤੋਂ ਉਤਾਰਿਆ ਜਾਏ ਬ-ਅਦਬੀ ਹੋ ਰਹੀ ਹੈ, ਆਓ ਅਕਾਲ ਤਖਤ ਤੁਸੀਂ ਸਾਂਭ ਲਓ, ਓਹਨਾਂ ਨੂੰ ਮਾਰ ਕੇ

ਨਸਾ ਦਿਓ।

ਅਕਾਲੀ ਫੂਲਾ ਸਿੰਘ ਦੇ ਬੁਰਜ ਦੇ ਕਈ ਨਿਹੰਗ, ਪੁਜਾਰੀਆਂ ਦੀ ਚੁਕ ਤੇ ਖੂਨੀ ਝੰਡਾ ਲੈਕੇ ਅਕਾਲ ਤਖਤ ਸਾਹਿਬ ਆ ਬੈਠੇ। ਏਧਰ ਖਾਲਸਾ ਬਰਾਦਰੀ ਨੇ ਭੀ ੨੫ ਸਿੰਘਾਂ ਨੂੰ ਕਾਲਾ ਦਸਤਾਰਾ ਸਜਾ ਅਕਾਲੀ ਬਨਾ ਸੇਵਾਦਾਰਾਂ ਦੇ ਵਿਚ ਰਲਾ ਦਿਤਾ, ਬਾਬਾ ਕੇਹਰ ਸਿੰਘ ਜੀ ਪਟੀ ਵਾਲੇ ਏਸ ਖਬਰ ਨੂੰ ਸੁਣਕੇ ਮੌਕੇ ਤੇ ਪੁਜ ਗਏ, ਓਹਨਾਂ ਨੇ ਨਿਹੰਗ ਸਿੰਘਾਂ ਦੇ ਜਥੇਦਾਰ ਨਾਲ ਮਿਲਕੇ ਉਸਨੂੰ ਸਮਝੌਣਾ ਚਾਹਿਆ ਪਰ ਇਕ ਨਿਹੰਗ ਸਿੰਘ ਕਬੋਲ ਬੋਲਨ ਲਗ ਪਿਆ, ਜਿਸ ਤੇ ਸੰਗਤ ਨੇ ਉਸਨੂੰ ਤਨਖਾਹੀਏ ਠਹਿਰਾਕੇ ਮਜਬੂਰ ਕੀਤਾ ਤੇ ਉਸਨੂੰ ਮੁਆਫੀ ਮੰਗਨੀ ਪਈ। ਬਾਬਾ ਕੇਹਰ ਸਿੰਘ ਜੀ ਦੀ ੪ ਘੰਟੇ ਦੀ ਵਿਚਾਰ ਤੇ ਵਾਰਤਾਲਾਪ ਤੇ ਸੰਗਤਾਂ ਦੀ ਮਰਜੀ ਨਾਲ ਏਹ ਫੈਸਲਾ ਹੋਇਆ ਕਿ ਦੀਵਾਲੀ ਤਕ ਅਕਾਲ ਤਖਤ ਦਾ ਪ੍ਰਬੰਧ ਸੈਂਟ੍ਰਲ ਖਾਲਸਾ ਦੀਵਾਨ ਦੇ ਸਪੁਰਦ ਰਹੇ ਤੇ ਸਾਰੇ ਪੰਥ ਨੂੰ ਸੱਦਾ ਦੇਕੇ ਇਕ ਕਮੇਟੀ ਸਪੁਰਦ ਕੀਤਾ ਜਾਏ। ਦੂਸਰੇ ਦਿਨ ਹੀ ਭਾਈ ਤੇਜਾ ਸਿੰਘ ਜੀ ਭੁਚਰ ਨੇ ਸ਼ਹਿਰੀਆਂ ਦੇ ਲਿਹਾਜ਼ ਵਿਚ ਆਕੇ ਕਾਲੇ ਰੰਗ ਦੇ ਸਿੰਘਾਂ ਨੂੰ ਤਖਤ ਸਾਹਿਬ ਤੋਂ ਉਤਾਰਨਾਂ ਸ਼ੁਰੂ ਕਰ ਦਿਤਾ, ਤੇ ਜਦ ਭਾਈ ਤੇਜਾ ਸਿੰਘ ਜੀ ਨੂੰ ਬੀਰ ਜੀ ਨੇ ਰੋਕਿਆ, ਤਾਂ ਓਨ੍ਹਾਂ ਨੇ ਇਕ ਦੋ ਬੀਰ ਜੀ ਦੇ ਜੜ੍ਹ ਦਿਤੀਆਂ। ਏਹ ਫਸਾਦ ਵਧਦਾ ਦੇਖ ਕੇ ਸਰਦਾਰ ਹਰਬੰਸ ਸਿੰਘ ਅਟਾਰੀ ਵਾਲੇ ਤੇ ਹੋਰ ਸਜਨਾਂ ਨੇ ਸਰਦਾਰ ਮੇਹਰ ਸਿੰਘ ਦੇ ਬੁੰਗੇ ਵਿਚ ਆਪਸ ਵਿਚ ਸੁਲਾਹ ਕਰਾ ਦਿਤੀ ਤੇ ਭਾਈ ਤੇਜਾ ਸਿੰਘ ਜੀ ਨੂੰ ਹਦਾਇਤ ਕੀਤੀ ਕਿ ਹੁਣ ਸਿਖਾਂ ਨੂੰ ਕਿਸ

ਲਿਹਾਜ਼ ਵਿਚ ਰੋਕਿਆ ਨਾ ਜਾਵੇ। ਖਾਲਸਾ ਬਰਾਦਰੀ ਨੇ ਅਪਨੇ ਸੇਵਕ ਜਥੇ ਨੂੰ ਸੇਵਾ ਤੋਂ ਹਟਾਕੇ ਪ੍ਰਬੰਧ ਸੰਟਰਲ ਖਾਲਸਾ ਦੀਵਾਨ ਮਾਝਾ ਦੇ ਸਪੁਰਦ ਕੀਤਾ।

## ਹੋਰ ਗੁਰਧਾਮਾਂ ਤੇ ਕਬਜ਼ਾ

ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਜੀ ਦੇ ਕਬਜ਼ੇ ਪਿਛੋਂ ਖਾਲਸਾ ਬ੍ਰਾਦਰੀ ਦੇ ਸਾਂਝੀ ਵਾਲਾਂ ਦੇ ਹੌਂਸਲੇ ਬਹੁਤ ਵਧ ਗਏ। ਪੰਥ ਭੀ ਹੁਣ ਜਾਗਰਤ ਵਿਚ ਆ ਗਿਆ ਤੇ ਥਾਂ ਥਾਂ ਤੇ ਸੁਧਾਰਕ ਜਥੇ ਬਣ ਗਏ ਤੇ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਬਜ਼ੇ ਸ਼ੁਰੂ ਹੋ ਗਏ।

ਖਾਲਸਾ ਬ੍ਰਾਦਰੀ ਨੇ ਇਨ੍ਹਾਂ ਕਬਜ਼ਿਆਂ ਵਿਚ ਵਧ ਤੋਂ ਵਧ ਪਾਰਟ ਅਦਾ ਕੀਤਾ ਤਾਂ ਜੋ ਪੰਥਕ ਪ੍ਰਬੰਧ ਹੇਠ ਗੁਰਦੁਆਰੇ ਔਣ ਤੇ ਜ਼ਾਤ ਪਾਤ ਦਾ ਭਰਮ ਦੂਰ ਹੋਸਕੇ। ਸ੍ਰੀ ਕੇਸ ਗੜ੍ਹ ਸਾਹਿਬ ਅਨੰਦਪੁਰ ਵਿਚ ਖਾਲਸਾ ਬ੍ਰਦਰੀ ਦੇ ਲੀਡਰ ਜਥੇਦਾਰ ਦਲੀਪ ਸਿੰਘ ਨੰਗਲ ਚੋਰਾਂ ਤੇ ਜਥੇਦਾਰ ਬਚਿੰਤ ਸਿੰਘ ਦੁਲੈਹੜ ਜਥੇ ਲੈ ਕੇ ਪੁਜੇ ਤੇ ਗੁਰਦੁਆਰਿਆਂ ਤੇ ਕਬਜੇ ਕੀਤੇ। ਪੰਥ ਇਨ੍ਹਾਂ ਦੀ ਪਿਠ ਤੇ ਸੀ। ਇਸੇ ਤਰਾਂ ਸ੍ਰੀ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ ਗੰਗ ਸਰ ਜੈਤੋ, ਗੁਰੂ ਕਾ ਬਾਗ ਆਦਿ ਮੋਰਚਿਆਂ ਵਿਚ ਖਾਲਸਾ ਬ੍ਰਾਦਰੀ ਵਲੋਂ ਵਧ ਤੋਂ ਵਧ ਸਾਂਝੀਵਾਲ ਭੇਜੇ ਗਏ ਤੇ ਇਵੇਂ ਇਹ ਜਥਾ ਪੰਥ ਦਾ ਇਕ ਨਰੋਆ ਅੰਗ ਸਾਬਤ ਹੋਇਆ। ਗੁਰਦੁਆਰਿਆਂ ਵਿਚ ਤਾਂ ਖੁਲ ਹੋ ਗਈ ਪਰ ਦੁਆਬੇ ਵਿਚ

ਅਜੇ ਭੀ ਇਨ੍ਹਾਂ ਸਿੰਘਾਂ ਨੂੰ ਖੂਹਾਂ ਆਦਿ ਤੋਂ ਪਾਨੀ ਭਰਨ ਦੀ ਮਨਾਹੀ ਜ਼ਾਤ ਅਭਿਮਾਨੀਆਂ ਵਲੋਂ ਸੀ।

## ਖੂਹਾਂ ਦੀ ਅਜ਼ਾਦੀ

ਖੂਹਾਂ ਦੀ ਅਜ਼ਾਦੀ ਹਿਤ ਖਾਲਸਾ ਬ੍ਰਾਦਰੀ ਨੇ ਇਕ ਭਾਰੀ ਲਹਿਰ ਚਲੌਣ ਦਾ ਐਲਾਨ ਕਰ ਦਿਤਾ। ਥਾਂ ਥਾਂ ਦੀਵਾਨ ਕਰਨ ਪਿਛੋਂ ਜਥੇ ਖੂਹਾਂ ਤੇ ਚੜ੍ਹਦੇ ਸਨ। ਕਈ ਥਾਵਾਂ ਤੇ ਫਸਾਦ, ਮੁਕਦਮੇ ਬਾਜ਼ੀ ਆਦਿ ਤਕ ਭੀ ਨੌਬਤ ਪੁਜੀ ਪਰ ਅੰਤ ਖਾਲਸਾ ਬ੍ਰਾਦਰੀ ਦੀ ਜਿਤ ਹੋਈ। ਇਸ ਲਹਿਰ ਵਿਚ ਜਥੇਦਾਰ ਦਲੀਪ ਸਿੰਘ ਸਰਹਾਲਾ ਜਥੇਦਾਰ ਢੇਰਾ ਸਿੰਘ ਸ: ਦਲੇਲ ਸਿੰਘ ਜਮਸ਼ੇਰ ਜਮਾਦਾਰ ਈਸ਼ਰ ਸਿੰਘ ਸਰਹਾਲ ਕਾਜ਼ੀਆਂ, ਸ: ਠਾਕਰ ਸਿੰਘ ਢੇਸੀਆਂ, ਗਿ: ਮਹਿੰਦਰ ਸਿੰਘ ਕੌਮੀ ਫਕੀਰ, ਸ: ਹਰਦਿਤ ਸਿੰਘ ਸ: ਦੇਵਾ ਸਿੰਘ, ਸ: ਹਰਨਾਮ ਸਿੰਘ ਸ: ਕਿਸ਼ਨ ਸਿੰਘ ਮਾਹਲ ਪੁਰ, ਜਥੇਦਾਰ ਦਲੀਪ ਸਿੰਘ ਬੱਬੀਹਾ ਭਾਈ, ਸ: ਕਸ਼ਮੀਰਾ ਸਿੰਘ ਸੁਬੇਗ ਸਿੰਘ ਆਦਿ ਖਾਲਸਾ ਬ੍ਰਾਦਰੀ ਦੇ ਲੀਡਰਾਂ ਦਾ ਨਾਂ ਖਾਸ ਵਰਨਣ ਯੋਗ ਹੈ ਜਿਨ੍ਹਾਂ ਨੇ ਬਹੁਤ ਸਾਰਾ ਸਮਾਂ ਦੇ ਕੇ ਇਸ ਲਹਿਰ ਨੂੰ ਕਾਮਯਾਬ ਬਣਾਇਆ।

ਪੰਥ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਥ ਆ ਗਿਆ ਉਨ੍ਹਾਂ ਜ਼ਾਤ ਪਾਤ ਵਿਰੁਧ ਕਾਫੀ ਕੰਮ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਨਾਮੇ ਕਢੇ ਕਿ ਅੰਮ੍ਰਿਤ ਛਕਣ ਪਿਛੋਂ ਹਰ ਨੀਚ ਊਚ ਇਕ ਸਮਾਨ ਹੈ। ਸ਼੍ਰੋਮਣੀ ਕਮੇਟੀ ਨੇ ਲੰਗਰਾਂ, ਗੁਰਦੁਆਰਿਆਂ ਆਦਿ

ਵਿਚ ਪਿਛੇ ਰਹੀਆਂ ਸ੍ਰੇਣੀਆਂ ਦੇ ਸੇਵਾਦਾਰ ਲਾ ਕੇ ਜ਼ਾਤ ਪਾਤ ਦੇ ਖਾਤਮੇ ਵਿਚ ਖਾਸ ਉਦਮ ਕੀਤਾ। ਪਰਚਾਰ ਹਿਤ ਬਾਹਰ ਪ੍ਰਚਾਰਕ ਭੇਜੇ ਤੇ ਅਛੂਤ ਉਧਾਰ ਕਮੇਟੀਆਂ ਬਣਾਕੇ ਯੂ.ਪੀ ਸੀ ਪੀ ਬਿਹਾਰ ਆਦਿ ਵਿਚ ਅਛੂਤਾਂ ਨੂੰ ਸਿੰਘ ਸਜਾਣ ਦੀ ਲਹਿਰ ਜਾਰੀ ਕੀਤੀ। ਇਸ ਯਤਨ ਦੇ ਸਦਕੇ ਲਖਾਂ ਅਛੂਤ ਸਿਖੀ ਝੰਡੇ ਹੇਠ ਆ ਗਏ।

## ਤਖਤ ਪਟਨਾ ਸਾਹਿਬ ਤੇ ਖਲੁ

੧੯੩੫ ਵਿਚ ਇਹ ਲਹਿਰ ਇਨ੍ਹਾਂ ਜ਼ੋਰ ਫੜ ਗਈ ਕਿ ਅਛੂਤਾਂ ਦਾ ਸਭ ਤੋਂ ਵਡਾ ਲੀਡਰ ਡਾਕਟਰ ਅੰਬੇਦਕਰ ਆਪਣੇ ਕਰੋੜਾਂ ਅਛੂਤ ਸਾਥੀਆਂ ਸਣੇ, ਸਿਖੀ ਝੰਡੇ ਔਣ ਲਈ ਤਿਆਰ ਹੋ ਗਿਆ ਅੰਮ੍ਰਿਤਸਰ ਵਿਚ ਭਾਰੀ ਅਛੂਤ ਉਧਾਰ ਕਾਨਫ੍ਰੰਸ ਅਕਾਲੀਆਂ ਵਾਲੇ ਬਾਗ ਰਖੀ ਗਈ। ਜਿਸ ਵਿਚ ਪੰਥ ਦੇ ਵਡੇ ਵਡੇ ਲੀਡਰਾਂ ਤੇ ਸਰਦਾਰਾਂ ਨੇ ਡਾਕਟਰ ਅੰਏਦ ਕਰ ਨੂੰ ਭਰੋਸਾ ਦਿਵਾਇਆ ਸੀ. ਤੇ ਪ੍ਰਣ ਕੀਤੇ ਸਨ ਕਿ ਉਹ ਨਵੇਂ ਸਜੇ ਅਛੂਤ ਸਿੰਘਾਂ ਨਾਲ ਰੋਟੀ ਬੇਟੀ ਦੀ ਸਾਂਝ ਕਰਨ ਵਿਚ ਪਿਛੇ ਨਹੀਂ ਰਹਿਣਗੇ। ਪਰ ਪੰਜਾਬ ਦੇ ਅਛੂਤਾਂ ਨੇ ਡਾਕਟਰ ਅੰਬੇਦਕਰ ਨੂੰ ਦਰਗ ਲਾਇਆ ਕਿ ਸਿਖ ਅਮਲੀ ਤੌਰ ਤੇ ਹਿੰਦੂਆਂ ਵਰਗਾ ਹੀ ਵਰਤਾਓ ਤੁਹਾਡੇ ਨਾਲ ਅੰਮ੍ਰਿਤ ਛਕਣ ਪਿਛੋਂ ਕਰਨਗੇ, ਤੁਸੀਂ ਅਜੇ ਆਪਣੇ ਕੁਝ ਸਾਥੀਆਂ ਨੂੰ ਅੰਮ੍ਰਿਤ ਛਕਾਕੇ ਪਰਖ ਲਓ ਤੇ ਫੇਰ ਤੁਸੀਂ ਆਪੇ ਹੀ ਸਿਟਾ ਕਢ ਲਵੇਗੇ।

ਸੋ ਡਾਕਟਰ ਅੰਬੇਦ ਕਰ ਦੇ ੧੦੦ ਸੌ ਤੋਂ ਵਧੀਕ

ਸਾਥੀਆਂ ਤੇ ਰਿਸ਼ਤੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਛਕਿਆ। ਤੇ ਇਨ੍ਹਾਂ ਨਵੇਂ ਸਿੰਘਾਂ ਨੇ ਆਪਣੇ ਇਲਾਕਿਆਂ ਵਿਚ ਜਾਕੇ ਸਿਖੀ ਪ੍ਰਚਾਰ ਦਾ ਕੰਮ ਅਰੰਭ ਦਿਤਾ ਪਰ ਸਿਖਾਂ ਨੇ ਹਿੰਦੂ ਅਸਰਾਂ ਕਾਰਨ ਅਪਣੇ ਪ੍ਰਣਾਂ ਨੂੰ ਨਾ ਨਿਭਾਇਆ ਤੇ ਇਵੇਂ ਇਹ ਭਾਰੀ ਗਿਣਤੀ ਸਿਖ ਬਨਣੋ ਰਹਿ ਗਈ।

ਖਾਲਸਾ ਬ੍ਰਾਦਰੀ ਵਲੋਂ ਭੀ ਸਿਖ ਧਰਮ ਪ੍ਰਚਾਰਕ ਜਥਾ ਪਟਨਾ, ਬਿਹਾਰ ਵਿਚ ਅਛੂਤ ਉਸਾਰ ਦਾ ਕੰਮ ਜਾਰੀ ਸੀ ਉਥੋਂ ਭੀ ਪੰਜ ਅਛੂਤ ਲੀਡਰ ਅੰਮ੍ਰਿਤਸਰ ਇਸ ਕਾਨਫੰਸ ਦੇ ਸਮੇਂ ਸਦੇ ਗਏ ਤੇ ਇਨ੍ਹਾਂ ਨੂੰ ਡਾਕਟਰ ਅੰਬੇਦਕਰ ਦੇ ਸਾਥੀਆਂ ਦੇ ਨਾਲ ਹੀ ਅੰਮ੍ਰਿਤ ਛਕਾਇਆ ਗਿਆ। ਇਨ੍ਹਾਂ ਨੇ ਬਿਹਾਰ ਵਿਚ ਜਾ ਕੇ ਸੈਂਕੜੇ ਆਪਣੇ ਹੋਰਨਾਂ ਸਾਥੀਆਂ ਨੂੰ ਭੀ ਸਿਖੀ ਦੇ ਝੰਡੇ ਹੇਠ ਲੈ ਆਂਦਾ।

ਜਦ ਇਹ ਪੰਜੇ ਲੀਡਰਾਂ ਸ੍ਰੀ 'ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਅੰਮ੍ਰਿਤ ਛਕਣ ਪਿਛੋਂ ਪਟਨੇ ਸਾਹਿਬ ਪੁਜੇ ਤਾਂ ਉਹ ਮਾਨ ਨਾਲ ਗੁਰਦੁਆਰਾ ਜਨਮ ਅਸਥਾਨ ਤਖਤ ਸ੍ਰੀ ਪਟਨਾ ਸਾਹਿਬ ਵਿਚ ਗਏ। ਪਰ ਉਥੋਂ ਦੇ ਜਾਤ ਅਭਿਮਾਨੀ ਪ੍ਰਬੰਧਕਾਂ ਨੇ ਇਨ੍ਹਾਂ ਲੀਡਰਾਂ ਨੂੰ ਤਖਤ ਸਾਹਿਬ ਵਿਚ ਦਾਖਲ ਹੋਣ ਤੋਂ ਰੋਕ ਦਿਤਾ ਤੇ ਇਨ੍ਹਾਂ ਦੀ ਦੇਗ ਲੈਣ ਤੋਂ ਇਨਕਾਰ ਕਰ ਦਿਤਾ।

ਜਦ ਇਹ ਖਬਰ ਖਾਲਸਾ ਬ੍ਰਾਦਰੀ ਨੂੰ ਭੇਜੀ ਗਈ ਤਾਂ ਅੰਮ੍ਰਿਤ ਦੇ ਇਸ ਅਪਮਾਨ ਨੂੰ ਨਾ ਸਹਾਰਦਿਆਂ ਹੋਇਆਂ, ਖਾਲਸਾ ਬ੍ਰਾਦਰੀ ਨੇ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਕਿ ਉਹ

PERSONAL LIBRARY OF
PROFESSOR SHER SINGH "SHER"

ਦਖਲ ਦੇਵੇ ਪਰ ਸ਼੍ਰੋਮਣੀ ਕਮੇਟੀ ਨੇ ਆਪਣੀ ਮਜਬੂਰੀ ਦਸੀ ਕਿ ਉਹ ਤਖਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਨਹੀਂ ਹੈ।

ਸੋ ਖਾਲਸਾ ਬ੍ਰਾਦਰੀ ਦੇ ਲੀਡਰ ਭਾਈ ਮਤਾਬ ਸਿੰਘ ਜੀ ਬੀਰ ਨੇ ਐਲਾਨ ਕਰ ਦਿਤਾ ਕਿ ਉਹ ਖਾਲਸਾ ਬ੍ਰਾਦਰੀ ਦਾ ਜਥਾ ਲੈਕੇ ਇਸ ਰੋਕ ਨੂੰ ਦੂਰ ਕਰਨ ਲਈ ਪੁਜਣਗੇ। ਸੋ ਆਪ ਮੋਟਰ ਰਾਹੀਂ ਜਥਾ ਲੈਕੇ ਚਲ ਪਏ। ਜਥੇ ਦੇ ਜਥੇਦਾਰ ਸਰਦਾਰ ਰਣਧੀਰ ਸਿੰਘ ਤੇ ਸਕਤ੍ਰ ਹਰਵੰਤ ਸਿੰਘ ਐਮ. ਏ. ਸਨ। ਜਥੇ ਵਿਚ ਮਾਸਟਰ ਮਹਿੰਦਰ ਸਿੰਘ ਜਰਨੈਲ ਦਸ਼ਮੇਸ਼ ਫੌਜ ਪ੍ਰੋ: ਬਲਵੰਤ ਸਿੰਘ, ਮਾ: ਸਾਧੂ ਸਿੰਘ ਪ੍ਰਧਾਨ ਆਲ ਇੰਡੀਆ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਆਦਿ ੨੫ ਸਿੰਘ ਸ਼ਾਮਲ ਸਨ।

ਜਥੇ ਦਾ ਅਰੰਭ ਭਾਈ ਮਤਾਬ ਸਿੰਘ ਜੀ ਬੀਰ ਦੇ ਨਿਵਾਸ ਅਸਥਾਨ ਸ਼ੇਖੂਪੁਰਾ ਤੋਂ ਹੋਇਆ ਜਥੇ ਦਾ ਪ੍ਰੋਗ-ਰਾਮ ਇਹ ਬਣਾਇਆ ਗਿਆ ਕਿ ਸ਼ਾਮ ਨੂੰ ਹਰ ਰਾਹ ਵਿਚ ਔਣ ਵਾਲੇ ਸ਼ਹਿਰ ਵਿਚ ਇਸ ਸਬੰਧ ਵਿਚ ਦੀਵਾਨ ਕੀਤਾ ਜਾਇਆ ਕਰੇ ਤੇ ਦਿਨੇ ਸਫਰ ਕੀਤਾ ਜਾਇਆ ਕਰੇ। ਪਹਿਲਾ ਦੀਵਾਨ ਸ਼ੇਖੂਪੁਰਾ ਦੀ ਸਿੰਘ ਸਭਾ ਵਿਚ ਹੀ ਕੀਤਾ ਗਿਆ। ਸ਼ਾਮ ਨੂੰ ਜਥਾ ਲਾਹੌਰ ਪੁਜਾ ਤੇ ਗੁ: ਸ਼ਹੀਦ ਗੰਜ ਸਿੰਘਣੀਆਂ ਤੇ ਸਵੇਰੇ ਡੇਹਰਾ ਸਾਹਿਬ ਵਿਚ ਦੀਵਾਨ ਸਜਾਇਆ ਸੰਗਤਾਂ ਵਲੋਂ ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕਾਂ ਵਿਰੁਧ ਰੋਸ ਦੀ ਲਹਿਰ ਕਾਫ਼ੀ ਫੈਲ ਗਈ ਇਵੇਂ ਇਹ ਜਥਾ ਅੰਮ੍ਰਿਤਸਰ ਜਲੰਧਰ, ਲੁਧਿਆਣਾ, ਅੰਬਾਲਾ, ਸਹਾਰਨਪੁਰ ਦਿਲੀ ਲਖਨਊ, ਕਾਨਪੁਰ ਆਦਿ ਵਿਚ ਦੀਵਾਨ ਸਜਾਂਦਾ ਤੇ ਏਕਤਾ

ਦਾ ਪ੍ਰਚਾਰ ਕਰਦਾ ਹੋਇਆ ਪਟਨੇ ਸਾਹਿਬ ਪੁਜਾ ਇਥੇ ਖਾਲਸਾ ਬ੍ਰਾਦਰੀ ਵਲੋਂ ਇਕ ਭਾਰੀ ਕਾਨਫ੍ਰੰਸ ਦਾ ਐਲਾਨ ਕੀਤਾ ਹੋਇਆ ਸੀ ਜਿਸ ਦੀ ਪ੍ਰਧਾਨਗੀ ਕਲਕਤੇ ਦੇ ਪ੍ਰਸਿਧ ਰਈਸ ਬਾਵਾ ਲਧਾ ਸਿੰਘ ਜੀ ਬੇਦੀ ਨੇ ਕੀਤੀ। ਜਦ ਪ੍ਰਧਾਨ ਤੇ ਪੰਜਾਬ ਤੋਂ ਆਇਆ ਜਥਾ ਉਨ੍ਹਾਂ ਅਛੂਤਾਂ ਵਿਚੋਂ ਸਜੇ ਸਿੰਘਾਂ ਨੂੰ ਨਾਲ ਲੈਕੇ ਤਖਤ ਸ੍ਰੀ ਪਟਨਾ ਸਾਹਿਬ ਤੇ ਪੁਜਾ ਤਾਂ ਪੁਜਾ-ਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਲੈਣ ਤੇ ਅਰਦਾਸਾ ਕਰਨ ਤੋਂ ਇਨਕਾਰ ਕਰ ਦਿਤਾ ਤੇ ਕਿਹਾ ਕਿ ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਮਰਯਾਦਾ ਇਹ ਹੈ ਕਿ ਕਿਸੇ ਨੀਵੀਂ ਜਾਤੀ ਦੀ ਅਰਦਾਸ ਇਥੇ ਨਹੀਂ ਹੋ ਸਕਦੀ ਜਿਸ ਤੇ ਭਾਈ ਮਤਾਬ ਸਿੰਘ ਜੀ ਬੀਰ ਨੇ ਕਿਹਾ ਕਿ ਤੁਸੀਂ ਤਨਖਾਹੀਏ ਹੋ ਕਿਉਂਕਿ ਤੁਸਾਂ ਅੰਮ੍ਰਿਤ ਦੀ ਹਤਕ ਕੀਤੀ ਹੈ, ਸੋ ਜਦ ਤਕ ਤੁਸੀਂ ਤਨਖਾਹ ਨਾ ਬਖਸ਼ਾਓ ਤਦ ਤਕ ਤੁਸੀਂ ਤਖਤ ਸਾਹਿਬ ਦੀ ਸੇਵਾ ਨਹੀਂ ਕਰ ਸਕਦੇ। ਇਵੇਂ ਤਖਤ ਸਾਹਿਬ ਤੇ ਖਾਲਸਾ ਬ੍ਰਾਦਰੀ ਦਾ ਕਬਜ਼ਾ ਹੋ ਗਿਆ ਇੰਨੇ ਨੂੰ ਕੁਝ ਸਿਆਣੇ ਸਿਘ ਭੀ ਆ ਗਏ ਤੇ ਉਨ੍ਹਾਂ ਨੇ ਅਛੂਤਾਂ ਵਿਚੋਂ ਸਜੇ ਸਿੰਘਾਂ ਦੇ ਹਥੋਂ ਪ੍ਰਸ਼ਾਦ ਛਕਕੇ ਆਪਣੀ ਖੁਲ੍ਹਦਿਲੀ ਦਾ ਸਬੂਤ ਦਿਤਾ ਤੇ ਐਲਾਨ ਕੀਤਾ ਕਿ ਤਖਤ ਸਾਹਿਬ ਤੇ ਕਿਸੇ ਭੀ ਜ਼ਾਤੀ ਦੇ ਅੰਮ੍ਰਿਤਧਾਰੀ ਸਿਖ ਨੂੰ ਅਗੇ ਤੋਂ ਕੋਈ ਰੋਕ ਨਹੀਂ ਪਵੇਗੀ।

ਕਾਨਫ੍ਰੰਸ ਦੇ ਭਾਰੀ ਸਮਾਗਮ ਵਿਚ ਸੈਂਕੜੇ ਅਛੂਤਾਂ ਨੇ ਅੰਮ੍ਰਿਤ ਪਾਨ ਕੀਤਾ, ਸ੍ਰੀ ਮਾਨ ਬਾਵਾ ਲਧਾ ਸਿਘ ਜੀ ਬੇਦੀ ਦੇ ਪ੍ਰਧਾਨ ਹੋਣ ਤੇ ਉਨ੍ਹਾਂ ਦੇ ਯਕੀਨ ਦਵਾਉਣ ਤੇ ਕਿ ਸਿਖਾਂ ਵਿਚ ਕੋਈ ਨੀਚ ਊਚ ਨਹੀਂ, ਸੈਂਕੜੇ ਅਛੂਤ ਸਿੰਘ ਸਜ ਗਏ ਤੇ

ਇਸ ਸਮੇਂ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਦੀ ਤਦਾਦ ਵਿਚ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਭੀ ਆਪਣੀ ਮੈਂਬਰ ਸ਼ਿਪ ਇਨ੍ਹਾਂ ਅਛੂਤਾਂ ਵਿਚੋਂ ਸਜੇ ਸਿੰਘਾਂ ਲਈ ਖੋਲ੍ਹਕੇ ਤੇ ਇਨ੍ਹਾਂ ਦੇ ਐਗਜ਼ੇਕਟਿਵ ਵਿਚ ਮੈਂਬਰ ਲੈਕੇ ਅਛੂਤ ਉਧਾਰ ਵਿਚ ਬਹੁਤ ਸਹੈਤਾ ਕੀਤੀ। ਅਸਲ ਵਿਚ ਛੂਤ ਛਾਤ ਦਾ ਖਾਤਮਾ ਹੀ ਅਕਾਲੀ ਦਲ ਦੇ ਹਥੋਂ ਹੋਇਆ ਕਿਉਂਕਿ ਅਕਾਲੀ ਦਲ ਦਾ ਮੈਂਬਰ ਹੀ ਉਹੋ ਹੋ ਸਕਦਾ ਹੈ ਜੋ ਜ਼ਾਤ ਪਾਤ ਨਾ ਮੰਨਦਾ ਹੋਵੇ।

ਖਾਲਸਾ ਬ੍ਰਾਦਰੀ ਵਲੋਂ ਕਾਂਗੜਾ ਮੰਡੀ ਸਕੇਤ ਆਦਿ ਵਿਚ ਭੀ ਅਛੂਤ ਉਧਾਰ ਕੀਤਾ ਗਿਆ ਤੇ ਉਥੇ ਭੀ ਇਸ ਸਮੇਂ ਹਜ਼ਾਰਾਂ ਦੀ ਗਿਣਤੀ ਇਨ੍ਹਾਂ ਸਿੰਘਾਂ ਦੀ ਹੋ ਗਈ ਹੈ।

ਖਾਲਸਾ ਬ੍ਰਾਦਰੀ ਵਲੋਂ ਅਜ ਕਲ ਹਰ ਜ਼ਿਲੇ ਵਿਚ ਕਮੇਟੀਆਂ ਕਾਇਮ ਹਨ। ਤੇ ਸਾਰਿਆਂ ਦੀ ਇਕ ਕੇਂਦਰੀ ਕਮੇਟੀ ਸ੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ ਹੈ ਜਿਸ ਦਾ ਹੈਡ ਆਫਸ ਅੰਮ੍ਰਿਤਸਰ ਵਿਚ ਹੈ।

ਇਸ ਸਮੇਂ ਖਾਲਸਾ ਬਰਾਦਰੀ ਦੇ ਬਹੁਤ ਸਾਰੇ ਉਘੇ ਲੀਡਰ, ਪ੍ਰਚਾਰਕ, ਤੇ ਉਚੇ ਉਚੇ ਉਹਦਿਆਂ ਤੇ ਅਫਸਰ ਨੀਅਤ ਹਨ।

ਸ੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ ਪਿਛੇ ਰਹੀਆਂ ਸ੍ਰੇਣੀਆਂ ਦੇ ਲਾਭਾਂ, ਹਕਾਂ ਦੀ ਰਾਖੀ ਆਦਿ ਲਈ ਸਿਰ ਤੋੜ ਯਤਨ ਕਰ ਰਹੀ ਹੈ। ਅਤੇ ਔਣ ਵਾਲੀ ਚੋਣਾਂ ਵਿਚ ਸ੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ ਆਪਣੇ ਉਮੀਦਵਾਰਾਂ ਨੂੰ ਸਫਲ ਬਨਾਣ ਲਈ ਹਰ ਤਰਾਂ ਦਾ ਯਤਨ ਕਰੇਗੀ ਤਾਂ ਜੋ ਰਾਜ ਪ੍ਰਬੰਧ ਵਿਚ ਇਨ੍ਹਾਂ ਨੂੰ ਹਿਸਾ ਮਿਲ ਸਕੇ।

ਇਸ ਸਮੇਂ ਸ਼੍ਰੋਮਣੀ ਖਾਲਸਾ ਬਰਾਦਰੀ ਹੇਠ ਲਿਖੇ ਉਹਦੇਦਾਰ ਤੇ ਮੈਂਬਰ ਆਪੋ ਆਪਣੇ ਇਲਾਕਿਆਂ ਵਿਚ ਕੰਮ ਕਰ ਰਹੇ ਹਨ।

ਪ੍ਰਧਾਨ–ਸ: ਦਲਜੀਤ ਸਿੰਘ ਬੀ.ਏ. ਮੈਂ: ਸ਼੍ਰੋ: ਕਮੇਟੀ

ਮੀਤ ਪ੍ਰਧਾਨ–ਜਮਾ: ਈਸ਼ਰ ਸਿੰਘ ਸਰਹਾਲ ਕਾਜ਼ੀਆਂ

ਮੀਤ ਪ੍ਰਧਾਨ–ਸ: ਸਰੂਪ ਸਿੰਘ ਜੀ ਲਾਇਲਪੁਰੀ।

ਜਨਰਲ ਸਕੱਤ੍ਰ–ਗਿ: ਗੁਰਚਰਨ ਸਿੰਘ ਬੀ. ਏ.

ਸਕੱਤ੍ਰ–ਮਿਸਤਰੀ ਰਾਜਿੰਦਰ ਸਿੰਘ।

ਖਜ਼ਾਨਚੀ–ਸ: ਸੁਰਜੀਤ ਸਿੰਘ ਕ੍ਰਿਪਾਨਾਂ ਵਾਲੇ।

੧. ਅੰਤ੍ਰਿੰਗ ਮੈਂਬਰ–ਸ: ਠਾਕਰ ਸਿੰਘ

੨. ਸ: ਮਾਨ ਸਿੰਘ ਅੰਬਾਲਾ ਮੈਂਬਰ ਸ਼੍ਰੋਮਣੀ ਕਮੇਟੀ

੩. ਸ: ਅਰਜਨ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ

੪ ਸ: ਤਰਲੋਕ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ

੫. ਸ: ਬਲਦੇਵ ਸਿੰਘ ਬੀ. ਏ. ਬੀ. ਟੀ.

੬. ਜਥੇਦਾਰ ਦਲੀਪ ਸਿੰਘ ਨੰਗਲ

੭. ਸ: ਮਹਿੰਗਾ ਸਿੰਘ ਹੁਸ਼ਿਆਰ ਪੁਰ

੮. ਗਿ: ਹਰਨਾਮ ਸਿੰਘ ਹੁਸ਼ਿਆਰ ਪੁਰ

੯. ਸ: ਦਲੇਲ ਸਿੰਘ ਜਮਸ਼ੇਰ ਜਾਲੰਧਰ

੧੦. ਜ: ਬਚਿੱਤ ਸਿੰਘ ਦੁਲੈਹੜ

੧੧. ਗਿ: ਮਹਿੰਦਰ ਸਿੰਘ ਵੇਰਕਾ

੧੨. ਗਿਆਨੀ ਗੁਰਦਿਆਲ ਸਿੰਘ

੧੩. ਸ: ਕਰਤਾਰ ਸਿੰਘ

੧੪. ਸ: ਰਣਜੀਤ ਸਿੰਘ ਵੇਰਕਾ

PERSONAL LIBRARY OF
PROFESSOR SHER SINGH "SHER"

੧੫. ਠੇਕੇਦਾਰ ਈਸ਼ਰ ਸਿੰਘ ਲੁਧਿਆਣਾ
੧੬. ਗਿਆਨੀ ਰਾਮ ਸਿੰਘ
੧੭. ਸ: ਕਰਤਾਰ ਸਿੰਘ ਅੰਬਾਲਾ
੧੮. ਜਥੇਦਾਰ ਦਲੀਪ ਸਿੰਘ ਹੁਸ਼ਿਆਰ ਪੁਰ
੧੯. ਸ: ਜਗਤ ਸਿੰਘ ਜਗਤ੍ਰਪੁਰੀ ਜਲੰਧਰ
੨੦. ਮਿਸਤਰੀ ਹਰਨਾਮ ਸਿੰਘ ਲਾਹੌਰ ਵਾਲੇ
੨੧. ਗਿ: ਗੁਰਦਿਤ ਸਿੰਘ ਗੁਰਦਾਸ ਪੁਰ
੨੨ ਸ: ਸੁਬੇਗ ਸਿੰਘ ਕਪੂਰਥਲਾ
੨੩. ਸ: ਬਿਸ਼ਨ ਸਿੰਘ ਅਹਿਮਦਾਬਾਦ
੨੪. ਸ: ਬਲਵੰਤ ਸਿੰਘ ਪੂਨਾ
੨੫. ਸ: ਗੁਰਬਚਨ ਸਿੰਘ ਕਰਾਚੀ ਵਾਲੇ
੨੬. ਗਿ: ਮੇਹਰ ਸਿੰਘ 'ਮਸਕੀਨ' ਕੋਟ ਕਪੂਰਾ
੨੭. ਸ: ਰਾਮ ਸਿੰਘ ਅਜੀਬ।
੨੮ ਸ: ਚੇਤੰਨ ਸਿੰਘ ਦਿੱਲੀ
੨੯ ਮਿਸਤਰੀ ਹਰੀ ਸਿੰਘ
੩੦. ਸ: ਕਿਸ਼ਨ ਸਿੰਘ ਮਾਹਲ ਪੁਰ
੩੧. ਸ: ਇੰਦਰ ਸਿੰਘ ਪੈਨਸ਼ਨਰ
੩੨ ਕੈਪਟਨ ਧਰਮ ਸਿੰਘ
੩੩. ਜਥੇਦਾਰ ਦਲੀਪ ਸਿੰਘ ਅੰਮ੍ਰਿਤਸਰ
੩੪. ਸ: ਬੇਅੰਤ ਸਿੰਘ

Sita Ram Kohli Library
Institute of
Sikh Studies
Chandigarh
1852

B-0970

# ਸਮੂੰਹ ਸਿੰਘ ਸਭਾਵਾਂ, ਜਥਿਆਂ, ਸੁਸਾਇਟੀਆਂ ਗੁਰਦੁਆਰਾ ਕਮੇਟੀਆਂ, ਲਾਇਬ੍ਰੇਰੀਆਂ ਦੇ

# ਧਿਆਨ ਯੋਗ

ਪੰਥ ਵਿਰ ਸ੍ਰੀ ਮਾਨ ਗਿਆਨੀ ਦਿਤ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਛਾਪਣ ਦੀ ਲੋੜ ਬੜੇ ਚਿਰ ਤੋਂ ਅਨੁਭਵ ਕੀਤੀ ਜਾ ਰਹੀ ਸੀ, ਸੋ ਇਸ ਲੋੜ ਨੂੰ "ਸਿੰਘ ਸਭਾ ਦਾ ਮੋਢੀ" ਅਰਥਾਤ ਜੀਵਨ ਗਿਆਨੀ ਦਿਤ ਸਿੰਘ ਜੀ ਲਿਖ ਕੇ ਪੂਰਾ ਕੀਤਾ ਗਿਆ ਹੈ।

ਸੋ ਸਮੂੰਹ ਸਭਾ ਸੁਸਾਇਟੀਆਂ ਜਥਿਆਂ ਵਾਲੀਆਂ ਤੇ ਪੰਥ ਦਰਦੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਪੁਸਤਕ ਨੂੰ ਪਰਚਾਰ ਹਿਤ ਖਰੀਦ ਕੇ ਮੁਫਤ ਵੰਡਣ ਤਾਂ ਜੋ ਗਿਆਨੀ ਜੀ ਦੀ ਕੀਤੀ ਪੰਥਕ ਸੇਵਾ ਤੇ ਘਾਲਣਾ ਨੂੰ ਫਲ ਲਗ ਸਕੇ।

ਦਾਸ—

(ਬਾਬਾ) ਗੰਡਾ ਸਿੰਘ ਭਦਰੂ ਪ੍ਰਧਾਨ

ਬਾਬਾ ਜੀਵਨ ਸਿੰਘ ਮਜ਼੍ਹਬੀ ਸਿਖ ਕਮੇਟੀ

ਦਲੇਲ ਸਿੰਘ ਜਮਸ਼ੇਰ ਪ੍ਰਧਾਨ

ਖਾਲਸਾ ਬ੍ਰਾਦਰੀ ਪ੍ਰਬੰਧਕ ਕਮੇਟੀ, ਪੰਜਾਬ